ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 4 | 22 January 2020 to 28 January 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਦਿੱਲੀ ਵਿੱਚ ਸਿੱਖ ਰਾਜਨੀਤੀ ਨੂੰ ਖੂੰਜੇ ਲਾਉਣ ਦਾ ਜ਼ਿੰਮੇਵਾਰ ਬਾਦਲ ਦਲ

**- ਸੁਖਵਿੰਦਰ ਸਿੰਘ**

ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ ਤੋਂ ਠੀਕ ਇਕ ਦਿਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਭਾਈਵਾਲ ਭਾਜਪਾ ਨੇ ਬਾਦਲ ਦਲ ਨੂੰ ਗਠਜੋੜ ਮਹਿਲ ਦਾ ਬੂਹਾ ਦਿਖਾਉਂਦਿਆਂ ਬਾਹਰ ਕਰ ਦਿੱਤਾ ਹੈ। ਹਾਲਾਂਕਿ ਬਾਦਲ ਦਲ ਆਪਣੀਆਂ ਚਾਰ ਟਿਕਟਾਂ ’ਤੇ ਚੋਣ ਲੜਨ ਲਈ ਪੂਰੀ ਤਰਾਂ ਆਸਵੰਦ ਸੀ ਤੇ ਉਮੀਦਵਾਰਾਂ ਦੇ ਸੰਭਾਵੀ ਨਾਂ ਵੀ ਸਾਹਮਣੇ ਆ ਚੁੱਕੇ ਸਨ ਪਰ ਭਾਜਪਾ ਨੇ ਬਾਦਲ ਦਲ ਨਾਲ ਗਠਜੋੜ ਨਾ ਕਰਨ ਦਾ ਫੈਸਲਾ ਕਰਕੇ ਬਾਦਲ ਪਰਿਵਾਰ ਨੂੰ ਹਰਿਆਣੇ ਤੋਂ ਬਾਅਦ ਹੁਣ ਦਿੱਲੀ ਵਿਚ ਦੂਜਾ ਵੱਡਾ ਝਟਕਾ ਦਿੱਤਾ ਹੈ।

ਭਾਵੇਂਕਿ ਬਾਦਲ ਦਲ ਨੇ ਆਪਣਾ ਪੱਖ ਰੱਖਦਿਆਂ ਕਿਹਾ ਹੈ ਕਿ ਭਾਜਪਾ ਵੱਲੋਂ ਉਨਾਂ ’ਤੇ ਸੀਏਏ ਦਾ ਸਮਰਥਨ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਸੀ ਤੇ ਬਾਦਲ ਦਲ ਕਾਨੂੰਨ ਵਿਚ ਮੁਸਲਮਾਨਾਂ ਨੂੰ ਸ਼ਾਮਲ ਕਰਨ ਦੀ ਮੰਗ ’ਤੇ ਅੜਿਆ ਸੀ ਜਿਸ ਕਾਰਨ ਉਨਾਂ ਦਿੱਲੀ ਦੀਆਂ ਚੋਣਾਂ ਭਾਜਪਾ ਨਾਲ ਗਠਜੋੜ ਵਿਚ ਨਾ ਲੜਨ ਦਾ ਫੈਸਲਾ ਕੀਤਾ ਹੈ। ਜਦਕਿ ਬਾਦਲ ਦਲ ਪਾਰਲੀਮੈਂਟ ਵਿਚ ਵੀ ਸੀਏਏ ਦੇ ਸਮਰਥਨ ’ਚ ਭੁਗਤਿਆ ਸੀ ਅਤੇ ਪੰਜਾਬ ਵਿਧਾਨ ਸਭਾ ’ਚ ਬੀਤੇ ਦਿਨ ਕਾਨੂੰਨ ਖਿਲਾਫ ਪਾਏ ਗਏ ਮਤੇ ਦਾ ਵੀ ਬਾਦਲ ਦਲ ਨੇ ਵਿਰੋਧ ਕੀਤਾ ਸੀ। ਇਸ ਤੋਂ ਇਲਾਵਾ ਸੀਏਏ ਖਿਲਾਫ ਜ਼ਮੀਨੀ ਪੱਧਰ ’ਤੇ ਹੋ ਰਹੇ ਵਿਰੋਧ ’ਚ ਬਾਦਲ ਦਲ ਦੀ ਕੋਈ ਸ਼ਮੂਲੀਅਤ ਨਹੀਂ ਰਹੀ ਹੈ ਅਤੇ ਮਹਿਜ਼ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਹ ਬਿਆਨ ਹੀ ਦਿੱਤਾ ਗਿਆ ਸੀ ਕਿ ਮੁਸਲਮਾਨਾਂ ਨੂੰ ਵੀ ਇਸ ਕਾਨੂੰਨ ’ਚ ਸ਼ਾਮਲ ਕਰ ਲੈਣਾ ਚਾਹੀਦਾ ਹੈ। ਅਜਿਹਾ ਬਿਆਨ ਭਾਜਪਾ ਦੇ ਦੂਜੇ ਭਾਈਵਾਲਾਂ ਨੇ ਵੀ ਦਿੱਤਾ ਜਿਨਾਂ ’ਚ ਜਨਤਾ ਦਲ ਯੂਨਾਈਟਿਡ ਦੇ ਮੁਖੀ ਨਿਤਿਸ਼ ਕੁਮਾਰ ਵੀ ਸ਼ਾਮਲ ਸਨ ਤੇ ਇਸ ਵਾਰ ਦਿੱਲੀ ’ਚ ਭਾਜਪਾ ਅਤੇ ਜਨਤਾ ਦਲ ਯੂਨਾਈਟਿਡ ਇਕੱਠਿਆਂ ਚੋਣਾਂ ਲੜ ਰਹੇ ਹਨ।



ਭਾਜਪਾ ਦਾ ਲੰਬੇ ਸਮੇਂ ਤੋਂ ਭਾਈਵਾਲ ਰਿਹਾ ਬਾਦਲ ਦਲ ਭਾਜਪਾ ਨਾਲ ਆਪਣੀ ਸਾਂਝ ਕਾਰਨ ਸਿੱਖ ਹਲਕਿਆਂ ਵਿਚ ਵੀ ਆਪਣੀ ਸਾਖ ਗੁਆ ਚੁੱਕਾ ਹੈ ਕਿਉਂਕਿ ਭਾਜਪਾ ਹਿੰਦੂਤਵ ਦੀ ਰਾਜਨੀਤੀ ਕਰਦੀ ਹੈ ਤੇ ਭਾਜਪਾ ਦੀ ਮਾਂ ਮੰਨੀ ਜਾਂਦੀ ਆਰ.ਐਸ.ਐਸ ਖਿਲਾਫ ਅਕਾਲ ਤਖ਼ਤ ਸਾਹਿਬ ਤੋਂ ਵੀ ਹੁਕਮ ਜਾਰੀ ਹੋ ਚੁੱਕੇ ਹਨ। ਪਰ ਇਸ ਦੇ ਬਾਵਜੂਦ ਆਪਣੇ ਨਿੱਜੀ ਸਿਆਸੀ ਮੁਫਾਦਾਂ ਲਈ ਸ਼੍ਰੋਮਣੀ ਅਕਾਲੀ ਦਲ ’ਤੇ ਕਾਬਜ ਬਾਦਲ ਪਰਿਵਾਰ ਨੇ ਭਾਜਪਾ ਨਾਲ ਭਾਈਵਾਲੀ ਬਣਾਈ ਰੱਖੀ। ਇਸ ਭਾਈਵਾਲੀ ਨਾਲ ਜਿੱਥੇ ਸ਼੍ਰੋਮਣੀ ਅਕਾਲੀ ਦਲ ਨੂੰ ਹਰਿਆਣਾ, ਰਾਜਸਥਾਨ ਅਤੇ ਦਿੱਲੀ ਵਰਗੇ ਸਿੱਖ ਵਸੋਂ ਵਾਲੇ ਪੰਜਾਬ ਤੋਂ ਬਾਹਰਲੇ ਖੇਤਰਾਂ ’ਚ ਨੁਕਸਾਨ ਹੋਇਆ ਉੱਥੇ ਸਿੱਖ ਬਹੁਗਿਣਤੀ ਵਾਲੇ ਪੰਜਾਬ ਸੂਬੇ ’ਚ ਭਾਜਪਾ ਬਾਦਲ ਦਲ ਦੀ ਮਦਦ ਨਾਲ ਪੈਰ ਲਾਉਣ ’ਚ ਕਾਮਯਾਬ ਹੋਈ। ਹੁਣ ਹਾਲਾਤ ਇਹ ਹਨ ਕਿ ਜਿੱਥੇ ਦਿੱਲੀ ਵਰਗੇ ਸੂਬੇ ਅੰਦਰ ਬਾਦਲ ਦਲ ਦੀ ਰਾਜਨੀਤੀ ਦਾ ਭੋਗ ਪੈ ਗਿਆ ਹੈ ਉੱਥੇ ਪੰਜਾਬ ਵਿਚ ਭਾਜਪਾ ਦੇ ਆਗੂ ਬਾਦਲ ਦਲ ਤੋਂ ਵੱਖ ਹੋ ਕੇ ਇਕੱਲੇ ਚੋਣਾਂ ਲੜਨ ਦੀਆਂ ਬੜਕਾਂ ਮਾਰਦੇ ਹਨ। ਸਿੱਖ ਸਿਆਸਤ ਨਾਲ ਵਾਕਫ ਸਿਆਣੇ ਲੋਕ ਮੁੱਢ ਤੋਂ ਹੀ ਕਹਿੰਦੇ ਰਹੇ ਹਨ ਕਿ ਭਾਜਪਾ ਦੀ ਹਿੰਦੂਤਵੀ ਰਾਜਨੀਤੀ ਇਕ ਸਰਾਲ਼ ਵਾਂਗ ਹੈ ਜੋ ਉਸਦੇ ਕਲਾਵੇ ’ਚ ਆਉਣ ਵਾਲੀ ਹਰ ਪਾਰਟੀ ਜਾਂ ਧਾਰਾ ਨੂੰ ਨਿਗਲ ਜਾਣ ਦੀ ਵਿਚਾਰਧਾਰਾ ਰੱਖਦੀ ਹੈ। ਇਹ ਤੌਖਲੇ ਹੁਣ ਪ੍ਰਤੱਖ ਹੁੰਦੇ ਨਜ਼ਰ ਆ ਰਹੇ ਹਨ।

ਦਿੱਲੀ ਵਿੱਚ ਸਿੱਖ ਵੋਟ ਸਰਕਾਰ ਬਣਾਉਣ ’ਚ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਸਿੱਖਾਂ ਨੂੰ ਦਿੱਲੀ ਦੀ ਰਾਜਨੀਤੀ ’ਚ ਪ੍ਰਭਾਵ ਪਾਉਣ ਵਾਲਾ ਇਕ ਅਹਿਮ ਸਮੂਹ ਮੰਨਿਆ ਜਾਂਦਾ ਹੈ। ਪਰ ਹੁਣ ਸਥਿਤੀ ਇਹ ਹੈ ਕਿ ਸਿੱਖਾਂ ਦੀ ਪਾਰਟੀ ਬਤੌਰ ਜਾਣੀ ਜਾਂਦੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੀਆਂ ਚੋਣਾਂ ਤੋਂ ਹੀ ਬਾਹਰ ਹੋ ਗਈ ਹੈ। ਦਿੱਲੀ ਵਿਚ ਸਿੱਖ ਰਾਜਨੀਤੀ ਨੂੰ ਖੂੰਝੇ ਲਾਉਣ ‘ਚ ਬਾਦਲ ਪਰਿਵਾਰ ਦਾ ਬਹੁਤ ਵੱਡਾ ਹੱਥ ਹੈ।

ਬਾਕੀ ਸਫ਼ਾ 33 ’ਤੇ

# ਅਮਰੀਕਾ: ਡਿਪਟੀ ਕਾਂਸਟੇਬਲ ਦੇ ਅਹੁਦੇ ‘ਤੇ ਨਿਯੁਕਤ ਹੋਇਆ 21 ਸਾਲਾ ਸਿੱਖ ਨੌਜਵਾਨ

**ਵਾਸ਼ਿੰਗਟਨ, (ਏ.ਟੀ ਬਿਊਰੋ):** ਅਮਰੀਕਾ ਦੇ ਹੈਰਿਸ ਕਾਉਂਟੀ ਵਿਚ 21 ਸਾਲਾ ਸਿੱਖ ਨੌਜਵਾਨ ਅੰਮ੍ਰਿਤ ਸਿੰਘ ਨੇ ਸਥਾਨਕ ਪੁਲਸ ਵਿਭਾਗ ਵਿਚ ਨਿਯੁਕਤੀ ਹਾਸਲ ਕੀਤੀ ਹੈ। ਅੰਮ੍ਰਿਤ ਸਿੰਘ ਹੈਰਿਸ ਕਾਉਂਟੀ ਪੁਲਸ ਮਹਿਕਮੇ ਦੇ ਇਤਿਹਾਸ ‘ਚ ਡਿਪਟੀ ਕਾਂਸਟੇਬਲ ਬਣਨ ਵਾਲਾ ਪਹਿਲਾ ਸਿੱਖ ਹੈ। ਸਥਾਨਕ ਸਿੱਖਾਂ ਵਿਚ ਅੰਮ੍ਰਿਤ ਸਿੰਘ ਦੀ ਨਿਯੁਕਤੀ ‘ਤੇ ਖੁਸ਼ੀ ਦਾ ਮਾਹੌਲ ਹੈ।

ਅੰਮ੍ਰਿਤ ਸਿੰਘ ਨੇ ਪੰਜ ਮਹੀਨਿਆਂ ਦੀ ਸਿਖਲਾਈ ਮਗਰੋਂ ਬੀਤੇ ਦਿਨੀਂ ਆਪਣੇ ਅਹੁਦੇ ਦੀ ਸਹੁੰ ਚੁੱਕੀ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ ਪੁਲਸ ਮਹਿਕਮਿਆਂ ‘ਚ ਸਿੱਖਾਂ ਨੂੰ ਆਪਣੇ ਧਾਰਮਕ ਚਿੰਨਾਂ ਸਮੇਤ ਨੌਕਰੀ ਕਰਨ ‘ਤੇ ਪਾਬੰਦੀਆਂ ਸਨ ਪਰ ਸਾਲ 2015 ‘ਚ ਹੈਰਿਸ ਕਾਉਂਟੀ ਵਿਚ ਹੀ ਸਿੱਖ ਸੰਦੀਪ ਸਿੰਘ ਧਾਲੀਵਾਲ ਨੇ ਅਦਾਲਤੀ ਮੁਕੱਦਮਾ ਜਿੱਤ ਕੇ ਧਾਰਮਿਕ ਚਿੰਨਾਂ ਸਮੇਤ ਨੌਕਰੀ ਕਰਨ ਦਾ ਹੱਕ ਬਹਾਲ ਕਰਾਇਆ ਸੀ। ਬੀਤੇ ਸਮੇਂ ਡਿਊਟੀ ਦੌਰਾਨ ਹੋਏ ਇੱਕ ਹਮਲੇ ‘ਚ ਸੰਦੀਪ ਸਿੰਘ ਧਾਲੀਵਾਲ ਦੀ ਮੌਤ ਹੋ ਗਈ ਸੀ।

ਅੰਮ੍ਰਿਤ ਸਿੰਘ ਨੇ ਕਿਹਾ ਕਿ ਉਹ ਬਚਪਨ ਤੋਂ ਹੀ ਲੋਕਾਂ ਦੀ ਸੁਰੱਖਿਆ ਦੇ ਕਾਰਜ ਨਾਲ ਜੁੜਨਾ ਚਾਹੁੰਦਾ ਸੀ। ਪਰ ਇਸ ਲਈ ਉਹਨਾਂ ਸਾਹਮਣੇ ਚੁਣੌਤੀ ਸੀ ਕਿ ਉਹ ਆਪਣੇ ਧਾਰਮਿਕ ਅਕੀਦੇ ਦੀ ਪਾਲਣਾ ਕਰਦਿਆਂ ਕਿਹੜੇ ਮਹਿਕਮੇ ‘ਚ ਇਹ ਕੰਮ ਕਰ ਸਕਦੇ ਹਨ। ਅੰਮ੍ਰਿਤ ਸਿੰਘ ਨੇ ਕਿਹਾ, “ਮੈਂ ਇਸ ਕੰਮ ਲਈ ਆਪਣਾ ਧਰਮ ਨਹੀਂ ਸੀ ਛੱਡਣਾ ਚਾਹੁੰਦਾ।“

ਅੰਮ੍ਰਿਤ ਸਿੰਘ ਦੇ ਪਿਤਾ ਸੁਹੇਲ ਸਿੰਘ ਨੇ ਕਿਹਾ ਕਿ ਹਲਾਂਕਿ ਉਹ ਜਾਣਦੇ ਹਨ ਕਿ ਕੰਮ ਖਤਰਿਆਂ ਵਾਲਾ ਹੈ ਪਰ ਉਹ ਆਪਣੇ ਪੁੱਤਰ ਦੀ ਇਸ ਕੰਮ ਲਈ ਨਿਯੁਕਤੀ ‘ਤੇ ਖੁਸ਼ ਹਨ।



# ਕਸ਼ਮੀਰ ਮੁੱਦੇ ’ਤੇ ‘ਮਦਦ’ ਲਈ ਤਿਆਰ ਹੈ ਅਮਰੀਕਾ : ਟਰੰਪ

**ਦਾਵੋਸ/ਏ.ਟੀ.ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਨਾਂ ਦਾ ਮੁਲਕ ਭਾਰਤ ਤੇ ਪਾਕਿਸਤਾਨ ਦਰਮਿਆਨ ਕਸ਼ਮੀਰ ਮੁੱਦੇ ਨੂੰ ਲੈ ਕੇ ਬਣੀ ਸਥਿਤੀ ’ਤੇ ‘ਨੇੜੇ ਹੋ ਕੇ’ ਨਜ਼ਰ ਰੱਖ ਰਿਹਾ ਹੈ ਅਤੇ ਲੋੜ ਪੈਣ ‘ਤੇ ਹਰ ‘ਮਦਦ’ ਦੇਣ ਲਈ ਤਿਆਰ ਹੈ। ਅਮਰੀਕੀ ਸਦਰ ਨੇ ਹਾਲਾਂਕਿ ਇਹ ਸਾਫ਼ ਨਹੀਂ ਕੀਤਾ ਕਿ ‘ਮਦਦ’ ਕਿਸ ਰੂਪ ਵਿੱਚ ਤੇ ਕਿਵੇਂ ਹੋਵੇਗੀ।



ਇਥੇ ਆਲਮੀ ਆਰਥਿਕ ਫੋਰਮ ਤੋਂ ਇਕਪਾਸੇ ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਨਾਲ ਮੁਲਾਕਾਤ ਤੋਂ ਪਹਿਲਾਂ ਟਰੰਪ ਨੇ ਕਿਹਾ ਕਿ ਵਣਜ ਤੇ ਸਰਹੱਦਾਂ ਗੱਲਬਾਤ ਦੌਰਾਨ ਅਹਿਮ ਨੁਕਤੇ ਹੋਣਗੇ। ਉਧਰ ਖ਼ਾਨ ਨੇ ਕਿਹਾ ਕਿ ਅਮਰੀਕੀ ਸਦਰ ਨਾਲ ਮੀਟਿੰਗ ਮੌਕੇ ਅਫ਼ਗਾਨਿਸਤਾਨ ਸਿਖਰਲੀ ਤਰਜੀਹ ਰਹੇਗਾ। ਅਮਰੀਕੀ ਸਦਰ ਨੇ ਕਿਹਾ, ‘ਵਣਜ ਦੀ ਵੀ ਕਾਫ਼ੀ ਅਹਿਮੀਅਤ ਹੈ.ਤੇ ਅਸੀਂ ਇਕੋ ਹੀ ਸਰਹੱਦ ’ਤੇ ਕੰਮ ਕਰ ਰਹੇ ਹਾਂ। ਅਸੀਂ ਪਾਕਿਸਤਾਨ ਤੇ ਭਾਰਤ ਦੀ ਮੌਜੂਦਾ ਸਥਿਤੀ ਦੇ ਸੰਦਰਭ ਵਿੱਚ ਕਸ਼ਮੀਰ ਦੀ ਗੱਲ ਕਰ ਰਹੇ ਹਾਂ। ਅਤੇ ਜੇਕਰ ਅਸੀਂ ਮਦਦ ਕਰ ਸਕਦੇ ਹਾਂ ਤਾਂ ਯਕੀਨੀ ਤੌਰ ’ਤੇ ਕਰਾਂਗੇ। ਅਸੀਂ ਮੌਜੂਦਾ ਹਾਲਾਤ ਨੂੰ ਬਹੁਤ ਨੇੜਿਓਂ ਹੋ ਕੇ ਵੇਖ ਰਹੇ ਹਾਂ।‘ ਚੇਤੇ ਰਹੇ ਕਿ ਪਿਛਲੇ ਸਾਲ 5 ਅਗਸਤ ਨੂੰ ਮੋਦੀ ਸਰਕਾਰ ਵੱਲੋਂ ਜੰਮੂ ਤੇ ਕਸ਼ਮੀਰ ਨੂੰ ਧਾਰਾ 370 ਤਹਿਤ ਮਿਲਿਆ ਵਿਸ਼ੇਸ਼ ਦਰਜਾ ਖਤਮ ਕਰਦਿਆਂ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ‘ਚ ਵੰਡਣ ਦੇ ਫੈਸਲੇ ਮਗਰੋਂ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ‘ਚ ਕਸ਼ੀਦਗੀ ਸਿਖਰ ‘ਤੇ ਹੈ। ਪਾਕਿਸਤਾਨ ਨੇ ਵੱਖ ਵੱਖ ਮੰਚਾਂ ’ਤੇ ਭਾਰਤ ਦੀ ਇਸ ਪੇਸ਼ਕਦਮੀ ਦਾ ਵਿਰੋਧੀ ਕੀਤਾ ਹੈ ਜਦੋਂਕਿ ਭਾਰਤ ਇਸ ਨੂੰ ਆਪਣਾ ਅੰਦਰੂਲੀ ਮਸਲਾ ਦੱਸ ਕੇ ਬਚਾਅ ਕਰਦਾ ਰਿਹਾ ਹੈ।















ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet
over 100 gallons
open 6am to midnight
Phone: 765-478-6300

Affordable and Reliable
Legal Document Preparation



- Wills & Trusts ਵਸੀਅਤਾਂ
- Immigration ਇੰਮੀਗਰੇਸ਼ਨ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

510-648-5554
dolly@worryfreelegaldocs.com
www.worryfreelegaldocs.com
Not an Attorney
Dolly (Sarvinder Kaur)
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

Star Alliance BROKERAGE



Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247



Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250




# ਖਾਲਸਾ ਧੜੇ ਦੀ ਅੱਖ ਗੁਰੂ ਦੀ ਗੋਲਕ ਤੇ

## ਗੁਰਦੁਆਰੇ ਤੋਂ ਵਕੀਲ ਦੀ ਫ਼ੀਸ ਮੰਗੀ

**ਫਰੀਮੌਂਟ/ ਏ.ਟੀ. ਨਿਊਜ਼:** ਗੁਰਦੁਆਰਾ ਸਾਹਿਬ ਫਰੀਮੌਂਟ ਦੇ ਹਿਸਾਬ ਦੀ ਦੁਹਾਈ ਪਾਉਣ ਵਾਲਾ ਖਾਲਸਾ ਧੜਾ ਗੁਰੂ ਦੀ ਗੋਲਕ ਨੂੰ ਆਪਣੀ ਚੌਧਰ ਲਈ ਵਰਤਣ ਲਈ ਯਤਨ ਕਰ ਰਿਹਾ ਹੈ। ਤਿੰਨ ਸੁਪਰੀਮ ਕੌਂਸਲ ਮੈਂਬਰਾਂ ਕੁਲਜੀਤ ਸਿੰਘ, ਹਰਮਿੰਦਰ ਸਿੰਘ ਤੇ ਬੀਬੀ ਅਰਵਿੰਦਰ ਕੌਰ ਦੇ ਵਕੀਲ ਨੇ ਗੁਰਦੁਆਰਾ ਸਾਹਿਬ ਨੂੰ ਚਿੱਠੀ ਪਾ ਕੇ ਉਸ ਦੀ ਫ਼ੀਸ ਦੇਣ ਨੂੰ ਕਿਹਾ ਹੈ। ਸਿੱਖ ਪੰਚਾਇਤ ਨਾਲ ਸਬੰਧਤ ਮੈਂਬਰ ਹਰਿੰਦਰਪਾਲ ਸਿੰਘ ਤੇ ਜਸਵਿੰਦਰ ਸਿੰਘ ਨੇ ਕੋਰਟ ਨੂੰ ਤੇ ਇਨਾਂ ਦੇ ਵਕੀਲ ਨੂੰ ਇਹ ਬਿੱਲ ਗੁਰਦੁਆਰੇ ਵੱਲੋਂ ਦੇਣ ਤੋਂ ਨਾਂਹ ਕਰ ਦਿੱਤੀ ਹੈ।



ਸਿੱਖ ਪੰਚਾਇਤ ਦੇ ਜਸਜੀਤ ਸਿੰਘ ਨੇ ਇਨਾਂ ਤਿੰਨਾਂ ਨੂੰ ਕਿਹਾ ਹੈ ਕਿ ਜੇ ਚੌਧਰ ਕਰਨ ਦਾ ਇੰਨਾ ਹੀ ਸ਼ੌਂਕ ਹੈ ਤਾਂ ਆਪਣੀਆਂ ਲੱਤਾਂ ਤੇ ਖੜੋ ਕੇ ਲੜੋ, ਗੁਰੂ ਦੀ ਗੋਲਕ ਤੇ ਅੱਖ ਨਾ ਰੱਖੋ। ਜਿਹੜੇ ਪਾਸੇ ਨੂੰ ਤੁਸੀਂ ਗੱਲ ਤੋਰ ਲਈ ਹੈ ਹੁਣ ਤੁਹਾਡਾ ਕੇਸਾਂ ਤੋਂ ਛੁਟਕਾਰਾ ਚੋਣਾਂ ਤੋਂ ਬਾਅਦ ਵੀ ਨਹੀਂ ਹੋਣ ਵਾਲਾ। ਉਨਾਂ ਨੇ ਹੈਰਾਨੀ ਪ੍ਰਗਟ ਕਰਦੇ ਕਿਹਾ ਕਿ ਜਿਹੜੇ ਲੋਕ ਕੁਲਜੀਤ ਤੇ ਹਰਮਿੰਦਰ ਵਰਗੇ ਅੰਮ੍ਰਿਤਧਾਰੀ ਹਨ ਉਹ ਝੂਠ ਬੋਲਣ ਲੱਗੇ ਬਿੱਲਕੁਲ ਸ਼ਰਮ ਨਹੀਂ ਕਰਦੇ। ਕੁਲਜੀਤ ਨੇ ਅੱਜ ਪੋਸਟ ਪਾਈ ਕਿ ਪਿਛਲੇ 10 ਸਾਲ ਤੋਂ ਅਸੀਂ ਕੋਈ ਹਿਸਾਬ ਨਹੀਂ ਦਿੱਤਾ। ਹੁਣ ਮੈਂ ਸੰਗਤ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਿਸਾਬ ਨੋਟਿਸ ਬੋਰਡ 'ਤੇ ਲੱਗਾ ਹੋਇਆ ਹੈ। ਇਨਾਂ ਦੇ ਧੜੇ ਦੇ ਹਰਜੀਤ ਸਿੰਘ ਤੇ ਲਖਬੀਰ ਸਿੰਘ ਦੱਸਣ ਕਿ ਹਿਸਾਬ ਕਿਤਾਬ ਵਿੱਚ ਪਿਛਲੇ 10 ਸਾਲਾਂ ਵਿੱਚ ਕੀ ਕੁਤਾਹੀ ਹੋਈ ਹੈ। ਹਰਮਿੰਦਰ ਸਿੰਘ ਆਪ ਵੀ ਖ਼ਜ਼ਾਨਾ ਕਮੇਟੀ ਵਿੱਚ ਰਿਹਾ ਹੈ ਤੇ ਉਹ ਵੀ ਦੱਸੇ ਕਿ ਕੀ ਧਾਂਦਲੀਆਂ ਹੋਈਆਂ ਹਨ। ਕੁਲਜੀਤ ਸਿੰਘ ਇੱਕ ਗ਼ੈਰ-ਜ਼ੁੰਮੇਵਾਰ ਤੇ ਮੰਦੀ ਭਾਸ਼ਾ ਬੋਲਣ ਵਾਲਾ ਇਨਸਾਨ ਹੈ। ਅਸਲ ਗੱਲ ਇਹ ਹੈ ਕਿ ਜਿਹੋ ਜਿਹੀ ਬੰਦੇ ਦੀ ਜ਼ਹਿਨੀਅਤ ਹੁੰਦੀ ਹੈ ਉਹੋ ਜਿਹੀ ਸੋਚ। ਜੇ ਖ਼ਜ਼ਾਨਾ ਇਨਾਂ ਕੋਲ ਹੁੰਦਾ ਤਾਂ ਹੁਣ ਨੂੰ ਖਾਲ਼ੀ ਕਰ ਜਾਣਾ ਸੀ। ਹਰਮਿੰਦਰ ਸਿੰਘ ਰਸੀਦ ਨੰਬਰ 334 ਲੈ ਕੇ ਗਏ ਨੂੰ ਇੱਕ ਸਾਲ ਤੋਂ ਉੱਪਰ ਹੋ ਗਿਆ ਪਰ ਅੱਜ ਤੱਕ ਨਾਂ ਕੋਈ ਪੈਸਾ ਜਮਾਂ ਕਰਵਾਇਆ ਹੈ ਤੇ ਨਾ ਹੀ ਕੋਈ ਹਿਸਾਬ ਦਿੱਤਾ ਹੈ।

ਸਿੱਖ ਪੰਚਾਇਤ ਨੇ ਸੰਗਤ ਨੂੰ ਸ਼ਪੱਸ਼ਟ ਕਰਦੇ ਹੋਏ ਕਿਹਾ ਕਿ ਖਾਲਸਾ ਧੜੇ ਦੇ ਸਾਡੇ ਤੋਂ ਵੱਖ ਹੋਣ ਦੇ ਕਾਰਨ ਵੀ ਕੁੱਝ ਅਜਿਹੇ ਹੀ ਸਨ ਜਿਨਾਂ ਵਿੱਚ ਮੁੱਖ ਐਸ ਪੀ ਸਿੰਘ ਦੇ ਰੇਡੀਓ ਨੂੰ 2500 ਡਾਲਰ ਮਹੀਨਾ ਨਾ ਦੇਣਾ ਹੈ। ਹੁਣ ਇਨਾਂ ਵੱਲੋਂ ਵਕੀਲ ਦੀ ਫ਼ੀਸ ਦੀ ਮੰਗ ਕਰਨੀ ਵੀ ਇਨਾਂ ਵੱਲੋਂ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰਨ ਦਾ ਸਬੂਤ ਹੈ। ਸਾਡੀ ਸੰਗਤ ਨੂੰ ਬੇਨਤੀ ਹੈ ਕਿ ਖਾਲਸਾ ਧੜੇ ਨੂੰ ਚੋਣਾਂ ਵਿੱਚ ਕਰਾਰੀ ਹਾਰ ਦੇ ਕੇ ਸੁਨੇਹਾ ਦਿੱਤਾ ਜਾਵੇ ਕਿ ਮੰਦੀ ਭਾਸ਼ਾ, ਦੂਸ਼ਣਬਾਜੀ ਤੇ ਝੂਠ ਦੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿੱਚ ਕੋਈ ਜਗਾ ਨਹੀਂ।



# 2020 ਦੀ ਮਰਦਮਸ਼ੁਮਾਰੀ ਦੌਰਾਨ ਸਿੱਖਾਂ ਨੂੰ ਇਕ ਵੱਖਰੇ ਧਰਮ ਵਜੋਂ ਦਰਜਾ ਦੇਣ 'ਤੇ ਸਿੱਖ ਹਲਕਿਆਂ ਵਿਚ ਪ੍ਰਸੰਨਤਾ



**ਸਿਆਟਲ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ 2020 ਦੀ ਮਰਦਮਸ਼ੁਮਾਰੀ ਦੌਰਾਨ ਸਿੱਖਾਂ ਨੂੰ ਇਕ ਵੱਖਰੇ ਧਰਮ ਵਜੋਂ ਦਰਜ ਕੀਤਾ ਜਾਵੇਗਾ। ਇਹ ਜਾਣਕਾਰੀ ਯੁਨਾਈਟਿਡ ਸਿੱਖਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਇਸ ਸਬੰਧੀ 2010 ਤੋਂ ਬਾਅਦ ਕਈ ਵਾਰ ਸਬੰਧਤ ਅਧਿਕਾਰੀਆਂ ਤੇ ਸਿੱਖ ਆਗੂਆਂ ਵਿਚਾਲੇ ਮੀਟਿੰਗਾਂ ਹੁੰਦੀਆਂ ਰਹੀਆਂ ਹਨ ਜਿਨਾਂ ਵਿਚ ਸਿੱਖਾਂ ਨੂੰ ਇਕ ਵੱਖਰੇ ਧਰਮ ਵਜੋਂ ਦਰਜ ਕਰਨ ਬਾਰੇ ਵਿਚਾਰ ਵਟਾਂਦਰਾ ਹੁੰਦਾ ਰਿਹਾ ਹੈ। ਬੀਤੇ ਦਿਨ ਸੈਨਡਿਏਗੋ ਸਟੇਟ ਯੂਨੀਵਰਸਿਟੀ ਵਿਖੇ ਯੂ.ਐਸ ਸੈਨਸਜ਼ ਬਿਊਰੋ ਅਧਿਕਾਰੀਆਂ ਨਾਲ ਮੀਟਿੰਗ ਹੋਈ ਜਿਸ ਵਿਚ ਮਰਦਮਸ਼ੁਮਾਰੀ ਦੌਰਾਨ ਸਿੱਖਾਂ ਦੀ ਗਿਣਤੀ ਨੂੰ ਇਕ ਵੱਖਰੇ ਧਰਮ ਵਜੋਂ ਦਰਜ ਕਰਨ ਸਬੰਧੀ ਫੈਸਲਾ ਲਿਆ ਗਿਆ। ਯੂ.ਐਸ ਸੈਨਸਜ਼ ਡਿਪਟੀ ਡਾਇਰੈਕਟਰ ਰੋਨਜਰਮਿਨ ਨੇ ਕਿਹਾ ਹੈ ਕਿ ਸਿੱਖਾਂ ਦੀ ਵਿਲੱਖਣ ਪਛਾਣ ਨੂੰ ਇਕ ਵੱਖਰੇ ਕੋਡ ਦੁਆਰਾ ਮਾਨਤਾ ਦਿੱਤੀ ਗਈ ਹੈ ਜਿਸ ਨਾਲ ਸਾਨੂੰ ਅਮਰੀਕਾ ਵਿਚ ਸਿੱਖਾਂ ਦੀ ਅਸਲ ਗਿਣਤੀ ਜਾਣਨ ਦਾ ਮੌਕਾ ਮਿਲੇਗਾ ਤੇ ਅਸੀਂ ਸਿੱਖ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਧੀਆ ਤਰੀਕੇ ਨਾਲ ਕੰਮ ਕਰ ਸਕਾਂਗੇ। ਅਮਰੀਕਾ ਵਿਚ ਹਰ 10 ਸਾਲ ਬਾਅਦ ਮਰਦਮਸ਼ੁਮਾਰੀ ਕੀਤੀ ਜਾਂਦੀ ਹੈ। ਇਸ ਫੈਸਲੇ ਤੋਂ ਬਾਅਦ ਸਿੱਖ ਹਲਕਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਅਮਰੀਕਾ ਦੇ ਸਿੱਖਾਂ ਲਈ ਇਹ ਇਕ ਇਤਿਹਾਸਕ ਪ੍ਰਾਪਤੀ ਹੈ। ਬਲਜੀਤ ਸਿੰਘ ਪ੍ਰਧਾਨ ਸਿੱਖ ਸੋਸਾਇਟੀ ਸਨਡਿਏਗੋ ਨੇ ਇਸ ਫੈਸਲੇ ਉਪਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਿੱਖ ਭਾਈਚਾਰੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਰੰਗ ਲਿਆਈਆਂ ਹਨ। ਇਸ ਨਾਲ ਰਾਸ਼ਟਰੀ ਪੱਧਰ ਉਪਰ ਨਾ ਕੇਵਲ ਸਿੱਖਾਂ ਬਲਕਿ ਹੋਰ ਧਰਮ ਦੇ ਲੋਕਾਂ ਨੂੰ ਵੀ ਮਾਨਤਾ ਦੇਣ ਦਾ ਰਾਹ ਪੱਧਰਾ ਹੋ ਗਿਆ ਹੈ। ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਜਸਮੀਤ ਸਿੰਘ ਨੇ ਕਿਹਾ ਹੈ ਕਿ ਇਹ ਇਤਿਹਾਸਕ ਐਲਾਨ ਪਿਛਲੇ 10 ਸਾਲ ਤੋਂ ਰਾਸ਼ਟਰੀ ਪੱਧਰ ਉਪਰ ਸਿੱਖ ਭਾਈਚਾਰੇ ਦੀ ਤਰਫੋਂ ਯੂਨਾਇਟਡ ਸਿਖਸ ਵੱਲੋਂ ਕੀਤੀ ਗਈ ਪੈਰਵਾਈ ਦਾ ਸਿੱਟਾ ਹੈ। ਇਸ ਨਾਲ ਨਾ ਕੇਵਲ ਸਿੱਖਾਂ ਉਪਰ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਵਿਚ ਮੱਦਦ ਮਿਲੇਗੀ ਬਲਕਿ ਸਿੱਖਾਂ ਦੀ ਵੱਖਵੱਖ ਸੰਸਥਾਵਾਂ ਵਿਚ ਬਰਾਬਰ ਤੇ ਸਹੀ ਪ੍ਰਤੀਨਿਧਤਾ ਵੀ ਯਕੀਨੀ ਬਣ ਜਾਵੇਗੀ। ਇਥੇ ਵਰਣਨਯੋਗ ਹੈ ਕਿ ਮਰਦਮਸ਼ੁਮਾਰੀ ਦੀ ਪ੍ਰਕ੍ਰਿਆ ਸ਼ੁਰੂ ਹੋ ਚੁੱਕੀ ਹੈ ਤੇ ਮੱਧ ਮਾਰਚ ਵਿਚ ਫਾਰਮ ਮੇਲ ਕੀਤੇ ਜਾਣਗੇ।ਯੂਨਾਇਟਡ ਸਿੱਖਸ ਨੇ ਇਸ ਸਬੰਧੀ ਜਾਗਰੂਕਤਾ ਮੁਹਿੰਮ ਵੀ ਚਲਾਈ ਹੈ।

# ਨਿਊਯਾਰਕ ਵਿਚ 33ਵੀਂ ਸਿੱਖ ਡੇ ਪਰੇਡ ਦੀਆਂ ਤਿਆਰੀਆਂ ਆਰੰਭ

**ਰਿਚਮੰਡਹਿੱਲ/ਏ.ਟੀ. ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੀਡੀਆ ਚੇਅਰਮੈਨ ਸ. ਬਲਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਈਸਟ ਕੋਸਟ ਦੇ ਸਮੂਹ ਗੁਰਦੁਆਰਾ ਸਾਹਿਬਾਨਾਂ ਵਲੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਅਗਵਾਈ ਵਿਚ ਇਹ 33ਵੀਂ ਸਿੱਖ ਡੇ ਪਰੇਡ ਜੋ ਕਿ ਅਪ੍ਰੈਲ 25 ਨੂੰ ਨਿਊਯਾਰਕ ਸਿਟੀ ਵਿਚ ਸਜਾਈ ਜਾ ਰਹੀ ਹੈ ਦੇ ਸਬੰਧ ਵਿਚ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਜਨਵਰੀ 26 ਦਿਨ ਐਤਵਾਰ ਨੂੰ ਬਾ. ਦੁਪਹਿਰ 3 ਵਜੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਰੱਖੀ ਗਈ ਹੈ ਜਿਸ ਵਿਚ ਇਸ ਪਰੇਡ ਨੂੰ ਸ਼ਾਨੋ ਸ਼ੌਕਤ ਨਾਲ ਕੱਢਣ ਲਈ ਆਪ ਜੀ ਦੇ ਸੁਝਾਅ ਲਏ ਜਾਣਗੇ। ਜਿਨਾਂ ਨੇ ਪਰੇਡ ਵਿਚ ਲੰਗਰ ਦੀ ਸੇਵਾ ਕਰਨੀ ਹੈ, ਉਨਾਂ ਨੂੰ ਖਾਸ ਬੇਨਤੀ ਹੈ ਕਿ ਇਸ ਮੀਟਿਗ ਵਿਚ ਜ਼ਰੂਰ ਪਹੁੰਚੋ ਜੀ। ਪਰੇਡ ਦੇ ਕੋਆਰਡੀਨੇਟਰ ਸ. ਗੁਰਦੇਵ ਸਿੰਘ ਕੰਗ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਜਤਿੰਦਰ ਸਿੰਘ ਬੋਪਾਰਾਏ, ਚੇਅਰਮੈਨ ਸ. ਬਾਵਾ ਰਜਿੰਦਰ ਸਿੰਘ ਲਾਲੀ ਵਲੋਂ ਆਪ ਸਭ ਨੂੰ ਇਸ ਮੀਟਿਗ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਸ. ਜਤਿੰਦਰ ਸਿੰਘ ਬੋਪਾਰਾਏ 718-909-0651



# ਧਾਰਾ 370 ਕੇਂਦਰ ਤੇ ਜੰਮੂ ਕਸ਼ਮੀਰ ਨੂੰ ਜੋੜਨ ਵਾਲੀ ਇਕਲੌਤੀ ਉਮੀਦ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੁਪਰੀਮ ਕੋਰਟ ਵਿੱਚ ਕੇਂਦਰ ਸਰਕਾਰ ਦੇ ਬੀਤੀ 5 ਅਗਸਤ ਨੂੰ ਤਤਕਾਲੀ ਸੂਬੇ ਜੰਮੂ ਕਸ਼ਮੀਰ ਵਿਚੋਂ ਧਾਰਾ 370 ਹਟਾਏ ਜਾਣ ਦੇ ਲਏ ਫ਼ੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੁਣਵਾਈ ਹੋਈ। ਪਟੀਸ਼ਨਰ ਨੇ ਸਿਖਰਲੀ ਅਦਾਲਤ ਨੂੰ ਦੱਸਿਆ ਕਿ ਸੰਵਿਧਾਨ ਦੀ ਧਾਰਾ 370 ਇੱਕੋ ਇੱਕ ਅਜਿਹੀ 'ਉਮੀਦ ਦੀ ਸੁਰੰਗ' ਸੀ, ਜਿਸ ਨੇ ਕੇਂਦਰ ਅਤੇ ਤਤਕਾਲੀ ਸੂਬੇ ਜੰਮੂ ਕਸ਼ਮੀਰ ਵਿਚਾਲੇ ਰਿਸ਼ਤੇ ਨੂੰ ਬਣਾ ਕੇ ਰੱਖਿਆ ਹੋਇਆ ਸੀ। ਪਟੀਸ਼ਨਰ ਨੇ ਕਿਹਾ ਕਿ ਤਤਕਾਲੀ ਸੂਬੇ ਨੂੰ ਵਿਸ਼ੇਸ਼ ਦਰਜਾ ਦਿੰਦੀ ਧਾਰਾ 370 ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਕੇ ਜੰਮੂ ਕਸ਼ਮੀਰ ਦੇ ਸੰਵਿਧਾਨ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਵਿੱਚ ਪੰਜ ਜੱਜਾਂ ਦੇ ਬੈਂਚ ਦੀ ਅਗਵਾਈ ਕਰ ਰਹੇ ਜਸਟਿਸ ਐੱਨ.ਵੀ. ਰਾਮਨਾ ਨੂੰ ਪਟੀਸ਼ਨਰ ਪ੍ਰੇਮ ਸ਼ੰਕਰ ਝਾਅ ਵਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਦਿਨੇਸ਼ ਦਿਵੇਦੀ ਨੇ ਕਿਹਾ ਕਿ ਇਹ ਮੁੱਦਾ ਵੱਡੇ ਬੈਂਚ ਨੂੰ ਸੌਂਪੇ ਜਾਣ ਦੀ ਲੋੜ ਹੈ ਕਿਉਂਕਿ ਧਾਰਾ 370 ਸਬੰਧੀ ਪੰਜ ਮੈਂਬਰੀ ਬੈਂਚ ਦੇ ਪਿਛਲੇ ਦੋ ਫ਼ੈਸਲਿਆਂ ਵਿੱਚ ਵਿਵਾਦ ਹੈ। ਇਸ 'ਤੇ ਸੁਪਰੀਮ ਕੋਰਟ ਦੇ ਬੈਂਚ, ਜਿਸ ਵਿੱਚ ਜਸਟਿਸ ਸੰਜੇ ਕਿਸ਼ਨ ਕੌਲ, ਜਸਟਿਸ ਆਰ. ਸੁਭਾਸ਼ ਰੈਡੀ, ਜਸਟਿਸ ਬੀ.ਆਰ. ਗਵੱਈ ਅਤੇ ਜਸਟਿਸ ਸੂਰਿਆ ਕਾਂਤ ਵੀ ਸ਼ਾਮਲ ਸਨ, ਨੇ ਪਹਿਲਾਂ ਪਿਛਲੇ ਫ਼ੈਸਲਿਆਂ ਨੂੰ ਸੁਣਨ ਅਤੇ ਬਾਅਦ ਵਿੱਚ ਮਾਮਲਾ ਵੱਡੇ ਬੈਂਚ ਨੂੰ ਸੌਂਪਣ ਬਾਰੇ ਫ਼ੈਸਲਾ ਲੈਣ ਲਈ ਕਿਹਾ।

# 'ਵਿਸਾਖੀ 2020' ਮਨਾਉਣ ਸਬੰਧੀ ਪਹਿਲੀ ਮੀਟਿੰਗ

**ਲਾਸ ਏਂਜਲਸ/ਬੈਂਸ:** ਖਾਲਸੇ ਦਾ ਜਨਮ ਦਿਹਾੜਾ ਵਿਸਾਖੀ ਲਾਸ ਏਂਜਲਸ ਕੰਨਵੇਸ਼ਨ ਸੈਂਟਰ ਵਿਖੇ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪਹਿਲੀ ਮੀਟਿੰਗ ਦਾ ਆਯੋਜਨ ਗੁਰੂ ਰਾਮਦਾਸ ਆਸ਼ਰਮ ਲਾਸ ਏਂਜਲਸ ਵਿਖੇ ਕੀਤਾ ਗਿਆ। ਮੀਟਿੰਗ 'ਚ ਸਮਾਗਮ ਦੀ ਜਾਣਕਾਰੀ ਦਿੰਦਿਆਂ ਕੀਰਤਨ ਸਿੰਘ ਖਾਲਸਾ ਤੇ ਹਰੀ ਕਿਰਨ ਕੌਰ ਖਾਲਸਾ ਨੇ ਦੱਸਿਆ ਕਿ ਮਿਤੀ 12 ਅਪ੍ਰੈਲ ਦਿਨ ਐਤਵਾਰ ਨੂੰ ਕੀਰਤਨ ਦਰਬਾਰ ਸਵੇਰੇ 7 ਵਜੇ ਤੋਂ ਸ਼ਾਮ 3 ਵਜੇ ਤੱਕ ਸਜਾਇਆ ਜਾਵੇਗਾ। ਜਿਸ ਵਿੱਚ ਉੱਘੇ ਕੀਰਤਨੀਏ ਤੇ ਕਥਾਵਾਚਕ ਸੰਗਤਾਂ ਨੂੰ ਵਿਸਾਖੀ ਦੇ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਉਣਗੇ। ਉਪਰੰਤ ਸ਼ਾਮ 3 ਵਜੇ ਤੋਂ 6 ਵਜੇ ਤੱਕ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਇਸ ਮੌਕੇ ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਇਸ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚਣ ਦੀ ਪੁਰਜੋਰ ਅਪੀਲ ਕੀਤੀ ਗਈ।



# ਲਾਹੌਰ 'ਚ ਵਿਸ਼ਵ ਸ਼ਾਂਤੀ ਕਾਨਫਰੰਸ

**ਅੰਮ੍ਰਿਤਸਰ/ਏ.ਟੀ.ਨਿਊਜ਼:** ਹਜ਼ਰਤ ਸਾਈਂ ਮੀਆਂ ਮੀਰ ਦਰਬਾਰ ਲਾਹੌਰ ਦੇ ਸੰਚਾਲਕ ਅਤੇ ਸਾਈਂ ਮੀਆਂ ਮੀਰ ਦੇ ਵੰਸ਼ ਵਿਚੋਂ ਸਾਈਂ ਸਈਦ ਅਲੀ ਰਜ਼ਾ ਗਿਲਾਨੀ ਕਾਦਰੀ ਦੇ ਯਤਨਾਂ ਸਦਕਾ ਲਾਹੌਰ 'ਚ ਵਿਸ਼ਵ ਸ਼ਾਂਤੀ ਲਈ ਵਿਸ਼ੇਸ਼ ਕਾਨਫਰੰਸ ਕਰਵਾਈ ਗਈ। ਇਸ ਦੌਰਾਨ ਪੀਰ-ਪੈਗੰਬਰਾਂ ਤੇ ਸਾਈਆਂ ਦੇ ਵੰਸ਼ ਦੇ ਮੈਂਬਰਾਂ, ਗੱਦੀਨਸ਼ੀਨਾਂ, ਵੱਖ-ਵੱਖ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਤੇ ਵਿਸ਼ਵ ਸ਼ਾਂਤੀ ਲਈ ਸੁਹਿਰਦ ਯਤਨ ਕਰਨ ਵਾਲੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ ਤੇ ਸਮਾਜ ਸੇਵਾ ਦੇ ਖੇਤਰ 'ਚ ਕੰਮ ਕਰਨ ਵਾਲੇ ਦੁਬਈ ਦੇ ਕਾਰੋਬਾਰੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਸ਼ਵ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਲਈ ਕਰਵਾਈ ਗਈ ਇਸ ਕਾਨਫਰੰਸ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਸਾਨੂੰ ਸਭ ਨੂੰ ਵਿਸ਼ਵ ਸ਼ਾਂਤੀ ਲਈ ਆਦਰਸ਼ ਲੈ ਕੇ ਚੱਲਣਾ ਹੋਵੇਗਾ ਤੇ ਇਹ ਆਦਰਸ਼ ਹਿੰਸਾ ਤੇ ਅਰਾਜਕਤਾ ਤੋਂ ਰਹਿਤ ਸਮਾਜ ਦਾ ਨਿਰਮਾਣ ਹੈ। ਉਨਾਂ ਕਿਹਾ ਕਿ ਸਾਨੂੰ ਆਪਸੀ ਵੈਰ ਵਿਰੋਧ ਖਤਮ ਕਰ ਕੇ ਪੂਰੇ ਵਿਸ਼ਵ ਅੰਦਰ ਸ਼ਾਂਤੀ ਦਾ ਸੁਨੇਹਾ ਲੈ ਕੇ ਜਾਣਾ ਚਾਹੀਦਾ ਹੈ। ਕਾਨਫਰੰਸ ਦੌਰਾਨ ਡਾ. ਓਬਰਾਏ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਓਬਰਾਏ ਨੇ ਕਿਹਾ ਕਿ ਇਨਸਾਨ ਨੂੰ ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਕਿਸੇ ਵਿਅਕਤੀ ਦਾ ਦਿਲ ਦੁਖੇ। ਕਾਨਫਰੰਸ ਵਿਚ ਪੀਰ ਕਾਮਰ ਸੁਲਤਾਨ ਕਾਦਰੀ ਗੱਦੀਨਸ਼ੀਨ ਹਜ਼ਰਤ ਸੁਲਤਾਨ ਬਾਹੂ ਜੰਗ, ਦੀਵਾਨ ਅਜ਼ਮਤ ਹੁਸੈਨ ਮੁਹੰਮਦ ਗੱਦੀਨਸ਼ੀਨ ਦਰਬਾਰ ਬਾਬਾ ਫ਼ਰੀਦ ਉਲ ਦੀਨ ਗੰਜ ਸ਼ਾਕਰ, ਪੀਰ ਅਖ਼ਤਰ ਰਸੂਲ ਕਾਦਰੀ ਖਲੀਫ਼ਾ ਦਰਬਾਰ ਸਾਈਂ ਮੀਆਂ ਮੀਰ ਕਾਦਰੀ ਆਦਿ ਹਾਜ਼ਰ ਸਨ।

# ਬਰਤਾਨੀਆ ਨੂੰ ਛੱਡ ਗਏ ਸ਼ਾਹਜ਼ਾਦਾ ਹੈਰੀ ਤੇ ਮੇਗਨ

**ਲੰਡਨ/ਏ.ਟੀ.ਨਿਊਜ਼:** ਬਰਤਾਨੀਆ ਦੇ ਰਾਜ ਕੁਮਾਰ ਹੈਰੀ ਯੂ. ਕੇ. ਛੱਡ ਕੇ ਆਪਣੀ ਪਤਨੀ ਮੇਗਨ ਅਤੇ ਬੇਟੇ ਆਰਚੀ ਕੋਲ ਕੈਨੇਡਾ ਚਲੇ ਗਏ ਹਨ। ਹੈਰੀ ਅਤੇ ਮੇਗਨ ਨੇ ਪਿਛਲੇ ਦਿਨੀਂ ਇਕ ਆਮ ਜੋੜੇ ਵਾਂਗ ਜ਼ਿੰਦਗੀ ਜਿਉਣ ਦੀ ਇੱਛਾ ਜ਼ਾਹਰ ਕੀਤੀ ਸੀ ਅਤੇ ਇਸ ਦੇ ਬਾਅਦ ਸ਼ਾਹੀ ਪਰਿਵਾਰ ਦਾ ਅਹੁਦਾ ਛੱਡਣ ਦਾ ਐਲਾਨ ਕੀਤਾ ਸੀ। ਬ੍ਰਿਟਿਸ਼ ਮੀਡੀਆ ਦੀਆਂ ਖਬਰਾਂ ਮੁਤਾਬਕ ਹੈਰੀ ਦਾ ਇਸ ਤਰਾਂ ਜਾਣਾ ਸ਼ਾਹੀ ਪਰਿਵਾਰ ਲਈ ਨਵਾਂ ਝਟਕਾ ਹੈ। ਖ਼ਬਰਾਂ ਅਨੁਸਾਰ ਪ੍ਰਿੰਸ ਹੈਰੀ ਆਖਰੀ ਵਾਰੀ ਸ਼ਾਹੀ ਡਿਊਟੀ ਪੂਰੀ ਕਰ ਕੇ ਕੈਨੇਡਾ ਲਈ ਰਵਾਨਾ ਹੋਏ। ਪ੍ਰਿੰਸ ਹੈਰੀ ਦਾ ਕੈਨੇਡਾ ਲਈ ਰਵਾਨਾ ਹੋਣਾ ਇਸ ਗੱਲ ਦੇ ਸੰਕੇਤ ਹਨ ਕਿ ਹੁਣ ਉਹ ਸੁਸੈਕਸ ਦੇ ਖਿਤਾਬ ਦੇ ਨਾਲੋਂ ਸਬੰਧ ਤੋੜ ਰਹੇ ਹਨ। ਬਕਿੰਘਮ ਪੈਲੇਸ ਵਲੋਂ ਦੋ ਦਿਨ ਪਹਿਲਾਂ ਹੀ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਸੀ ਕਿ ਪ੍ਰਿੰਸ ਹੈਰੀ ਅਤੇ ਮੇਗਨ ਨੂੰ ਹੁਣ ਐਚ. ਆਰ. ਐਚ. ਦੇ ਤੌਰ 'ਤੇ ਸੰਬੋਧਿਤ ਨਹੀਂ ਕੀਤਾ ਜਾਵੇਗਾ। ਕੈਨੇਡਾ ਰਵਾਨਾ ਹੋਣ ਤੋਂ ਪਹਿਲਾਂ ਹੈਰੀ ਨੇ ਲੰਡਨ ਵਿਚ ਯੂ.ਕੇ.-ਅਫਰੀਕਾ ਇਨਵੈਸਟਮੈਂਟ ਸੰਮੇਲਨ ਵਿਚ ਹਿੱਸਾ ਲਿਆ ਸੀ। ਉਨਾਂ ਨੇ ਉੱਥੇ ਮਲਾਵੀ ਅਤੇ ਮੋਜ਼ੰਬੀਕ ਦੇ ਰਾਸ਼ਟਰਪਤੀਆਂ ਦੇ ਨਾਲ ਵਾਰਤਾ ਕੀਤੀ ਅਤੇ ਨਾਲ ਹੀ ਮੋਰੱਕੋ ਦੇ ਪ੍ਰਧਾਨ ਮੰਤਰੀ ਦੇ ਨਾਲ ਕੁਝ ਦੇਰ ਚਰਚਾ ਕੀਤੀ । ਹੈਰੀ ਇਸ ਸੰਮੇਲਨ 'ਚ ਕਾਫੀ ਖੁਸ਼ ਨਜ਼ਰ ਆ ਰਹੇ ਸਨ । ਹੈਰੀ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਨਾਲ ਵੀ ਗੱਲਬਾਤ ਕੀਤੀ ।



# ਸਾਹਿਤਕਾਰ ਇੰਦਰ ਸਿੰਘ ਖਾਮੋਸ਼ ਦਾ ਦੇਹਾਂਤ

**ਬਰਨਾਲਾ/ਏ.ਟੀ.ਨਿਊਜ਼:** ਬਰਨਾਲਾ ਸਾਹਿਤਕ ਲਹਿਰ ਦਾ ਮੁੱਢ ਬੰਨਣ ਵਾਲੇ ਪ੍ਰਸਿੱਧ ਨਾਵਲਕਾਰ ਇੰਦਰ ਸਿੰਘ ਖਾਮੋਸ਼ ਸੈਕਰਾਮੈਂਟੋ (ਯੂਐਸਏ) ਵਿਚ ਦਿਲ ਦਾ ਦੌਰਾ ਪੈਣ ਕਾਰਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਅਧਿਆਪਨ ਦੇ ਕਿੱਤੇ ਨਾਲ ਜੁੜੇ ਨਾਵਲਕਾਰ ਇੰਦਰ ਸਿੰਘ ਖਾਮੋਸ਼ ਨੇ ਸਾਹਿਤ ਜਗਤ ਦੀ ਝੋਲੀ ਵਿੱਚ ਕਈ ਨਾਵਲ ਤੇ ਕਹਾਣੀ ਸੰਗ੍ਰਹਿ ਦਿੱਤੇ ਪਾਏ ਜਿਨਾਂ ਵਿੱਚ ਉਨਾਂ ਦਾ ਪ੍ਰਸਿੱਧ ਨਾਵਲ 'ਕਾਫ਼ਰ ਮਸੀਹਾ' ਲਿਓ ਤਾਲਸਤਾਏ ਦੀ ਜੀਵਨੀ ਨਾਲ ਸਬੰਧਤ ਹੈ। ਉਨਾਂ ਦਰਜਨ ਦੇ ਕਰੀਬ ਨਾਵਲ ਅਤੇ ਤੱਤਾ ਲਹੂ ਠੰਢਾ ਲਹੂ ਕਹਾਣੀ ਸੰਗ੍ਰਹਿ ਤੇ ਤਿੰਨ ਹੋਰ ਕਾਵਿ ਸੰਗ੍ਰਹਿ ਲਿਖੇ। ਇਥੋਂ ਦੀਆਂ ਸਾਹਿਤਕ ਸ਼ਖ਼ਸੀਅਤਾਂ ਸ਼੍ਰੋਮਣੀ ਪੁਰਸਕਾਰ ਜੇਤੂ ਓਮ ਪ੍ਰਕਾਸ਼ ਗਾਸੋ, ਡਾ.ਅਮਰ ਕੋਮਲ, ਕੰਵਰਜੀਤ ਭੱਠਲ, ਤੇਜਾ ਸਿੰਘ ਤਿਲਕ, ਜੋਗਿੰਦਰ ਸਿੰਘ ਨਿਰਾਲਾ, ਗੁਰਪਾਲ ਸਿੰਘ ਨੂਰ, ਜੰਗੀਰ ਸਿੰਘ ਜਗਤਾਰ, ਡਾ.ਸੰਪੂਰਨ ਸਿੰਘ ਟੱਲੇਵਾਲੀਆ, ਕਹਾਣੀਕਾਰ ਪਵਨ ਪਰਿੰਦਾ, ਐਸ.ਐਸ.ਪਦਮ, ਭੋਲਾ ਸਿੰਘ ਸੰਘੇੜਾ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕੈਲੀਫੋਰਨੀਆ ਵਿਚ ਗੁਰਦੁਆਰਾ ਸਾਹਿਬ 'ਤੇ ਲਿਖੀਆਂ ਨਸਲੀ ਟਿੱਪਣੀਆਂ

**ਕੈਲੀਫੋਰਨੀਆ ਹੁਸਨ ਲੜੋਆ ਬੰਗਾ:** ਸਪੱਸ਼ਟ ਤੌਰ 'ਤੇ ਨਫ਼ਰਤੀ ਅਪਰਾਧ ਦੀ ਇਕ ਵਾਪਰੀ ਘਟਨਾ ਵਜੋਂ ਕੁਝ ਸਿਰ ਫਿਰੇ ਲੋਕਾਂ ਵੱਲੋਂ ਇਕ ਗੁਰਦੁਆਰਾ ਸਾਹਿਬ ਦੀਆਂ ਕੰਧਾਂ ਉਪਰ ਨਸਲੀ ਟਿੱਪਣੀਆਂ ਲਿੱਖੇ ਜਾਣ ਦੀ ਸੂਚਨਾ ਮਿਲੀ ਹੈ। ਇਹ ਨਸਲੀ ਟਿੱਪਣੀਆਂ ਗੁਰੂ ਮਾਨਿਓ ਗਰੰਥ ਗੁਰਦੁਆਰਾ ਸਾਹਿਬ ਓਰੇਂਜਵੇਲ (ਕੈਲੀਫੋਰਨੀਆ) ਦੀ ਸਾਹਮਣੀ ਕੰਧ ਉਪਰ ਲਿੱਖੀਆਂ ਗਈਆਂ ਹਨ।




ਇਸ ਸਬੰਧੀ ਪੁਲਿਸ ਨੇ ਗੁਰਦੁਆਰਾ ਸਾਹਿਬ ਦੇ ਗਰੰਥੀ ਦੇ ਬਿਆਨ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਭਾਰਤੀ ਮੂਲ ਦੇ ਅਮਰੀਕੀ ਕਾਂਗਰਸਮੈਨ ਡਾ ਅਮੀ ਬਾਰਾ ਨੇ ਕਿਹਾ ਹੈ ਕਿ ਉਹ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਨ। ਉਨਾਂ ਕਿਹਾ ਕਿ ਪੂਜਾ ਸਥਾਨ 'ਤੇ ਨਸਲੀ ਟਿੱਪਣੀਆਂ ਲਿਖਣਾ ਬੇਹੱਦ ਮੰਦਭਾਗੀ ਗੱਲ ਹੈ। ਗੁਰਦੁਆਰਾ ਸਾਹਿਬ ਦੀ ਸੰਗਤ ਦੀ ਤਰਫੋਂ ਇਸ ਘਟਨਾ ਦੀ ਨਿੰਦਾ ਕਰਦਿਆਂ ਡਿੰਪਲ ਕੌਰ ਭੁੱਲਰ ਨੇ ਕਿਹਾ ਹੈ ਕਿ ਅੱਜ ਤੱਕ ਗੁਰਦੁਆਰਾ ਸਾਹਿਬ ਵਿਚ ਅਜਿਹੀ ਕੋਈ ਘਟਨਾ ਨਹੀਂ ਵਾਪਰੀ। ਦਸੰਬਰ 2019 ਵਿਚ ਗੁਰੂਦੁਆਰਾ ਸਾਹਿਬ ਦੀ ਸ਼ਾਨਦਾਰ ਆਰੰਭਤਾ ਹੋਈ ਸੀ। ਉਸ ਤੋਂ ਬਾਅਦ ਕਿਸੇ ਵੀ ਕਿਸਮ ਦੀ ਨਾਕਾਰਾਤਮਿਕ ਪਹੁੰਚ ਵੇਖਣ ਨੂੰ ਨਹੀਂ ਮਿਲੀ। ਸਿੱਖ ਆਗੂ ਹਰਬੰਸ ਸਿੰਘ ਸਰਾਉਂ ਸਮੇਤ ਹੋਰ ਕਈ ਆਗੂਆਂ ਨੇ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਸ ਸਮੇਂ ਇਕਜੁੱਟਤਾ ਦੀ ਲੋੜ ਹੈ ਜੋ ਲੋਕ ਅਜਿਹੀਆਂ ਘਟਨਾਵਾਂ ਕਰ ਰਹੇ ਹਨ ਉਹ ਸਿੱਖਾਂ ਬਾਰੇ ਅਗਿਆਨਤਾ ਰਖਦੇ ਹਨ।

# ਕਾਂਗਰਸਮੈਨ ਐਮੀ ਬੇਰਾ ਏਸ਼ੀਆ ਤੇ ਪੈਸੇਫ਼ਿਕ ਸਬ ਕਮੇਟੀ ਦੇ ਚੇਅਰਮੈਨ ਨਿਯੁਕਤ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਨੇ ਐਲਾਨ ਕੀਤਾ ਹੈ ਕਿ ਭਾਰਤੀ ਮੂਲ ਦੇ ਬਜੁਰਗ ਕਾਂਗਰਸਮੈਨ ਐਮੀ ਬੇਰਾ ਕੈਲੀਫੋਰਨੀਆ ਨੂੰ 'ਏਸ਼ੀਆ,ਪੈਸੇਫ਼ਿਕ ਤੇ ਨਾਨਪ੍ਰੋਲੀਫਰੇਸ਼ਨ' ਸਬ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।



ਬੇਰਾ ਨੇ ਇਕ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਵਿਸ਼ਵ ਦਾ ਏਸ਼ੀਆ ਇਕ ਬਹੁਤ ਹੀ ਅਹਿਮ ਖਿੱਤਾ ਹੈ ਤੇ ਅਮਰੀਕਾ ਦੇ ਇਸ ਖਿੱਤੇ ਨਾਲ ਗਹਿਰੇ ਸਬੰਧ ਹਨ। ਉਨਾਂ ਕਿਹਾ ਹੈ ਕਿ ਉਹ ਇਹ ਗੱਲ ਯਕੀਨੀ ਬਣਾਉਣ ਲਈ ਕੰਮ ਕਰਨਗੇ ਕਿ ਅਮਰੀਕਾ ਏਸ਼ੀਆ ਤੇ ਪ੍ਰਸ਼ਾਂਤ ਮਹਾਸਾਗਰ ਖਿੱਤੇ ਵਿਚ ਆਪਣੇ ਹਿੱਤਾਂ ਤੇ ਆਪਣੇ ਵਾਅਦਿਆਂ ਦੀ ਪੂਰਤੀ ਲਈ ਆਪਣੇ ਸਾਰੇ ਰਾਜਸੀ, ਸਭਿਆਚਾਰਕ ਤੇ ਫੌਜੀ ਸਾਧਨਾਂ ਤੇ ਸਬੰਧਾਂ ਦੀ ਵਰਤੋਂ ਕਰੇ। ਇਸ ਤੋਂ ਪਹਿਲਾਂ ਬੇਰਾ ਕਈ ਅਹਿਮ ਅਹੁੱਦਿਆਂ ਉਪਰ ਕੰਮ ਕਰ ਚੁੱਕੇ ਹਨ।

# ਗਲਾਸਗੋ ਦੇ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਵਿਖੇ ਸਿੱਖੀ ਕਲਾਸਾਂ ਦੇ ਬੱਚਿਆਂ ਤੇ ਅਧਿਆਪਕਾਂ ਦਾ ਸਨਮਾਨ

## 70 ਬੱਚਿਆਂ ਨੂੰ ਸਿੱਖੀ ਦੀ ਜਮਾਤ ਲਈ ਲੋੜੀਂਦੀ ਸਮੱਗਰੀ ਵਾਲੇ ਬਸਤੇ ਤਕਸੀਮ ਕੀਤੇ



**ਗਲਾਸਗੋ(ਲੰਡਨ)/ਮਨਦੀਪ ਖੁਰਮੀ ਹਿੰਮਤਪੁਰਾ:** ਵਿਦੇਸ਼ਾਂ ਵਿੱਚ ਕੋਈ ਟਾਂਵਾਂ ਗੁਰੂਘਰ ਹੀ ਹੋਵੇਗਾ ਜਿੱਥੇ ਨਵੀਂ ਪਨੀਰੀ ਨੂੰ ਮਾਂ ਬੋਲੀ ਜਾਂ ਸਿੱਖੀ ਰਹਿਤ ਮਰਿਆਦਾ ਦੀ ਸਿੱਖਿਆ ਦੇ ਪੁਖਤਾ ਪ੍ਰਬੰਧ ਨਾ ਕੀਤੇ ਗਏ ਹੋਣ। ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿਖੇ ਗੁਰੂਘਰਾਂ ਅੰਦਰ ਚਲਦੇ ਪੰਜਾਬੀ ਸਕੂਲ ਅਤੇ ਸਿੱਖੀ ਕਲਾਸਾਂ ਸੁਚੱਜੇ ਪ੍ਰਬੰਧਾਂ ਕਰਕੇ ਭਾਈਚਾਰੇ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਸੈਂਕੜਿਆਂ ਦੀ ਗਿਣਤੀ ਵਿੱਚ ਬੱਚੇ ਹਸੂੰ ਹਸੂੰ ਕਰਦੇ ਚਿਹਰਿਆਂ ਨਾਲ ਆਪਣੀ ਸਕੂਲੀ ਵਿੱਦਿਆ ਦੇ ਨਾਲ ਨਾਲ ਇਹਨਾਂ ਕਲਾਸਾਂ ਵਿੱਚ ਹਿੱਸਾ ਲੈਣ ਪਹੁੰਚਦੇ ਹਨ। ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਗਲਾਸਗੋ ਵਿਖੇ ਸਿੱਖੀ ਕਲਾਸਾਂ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਬੱਚਿਆਂ ਦੇ ਸਨਮਾਨ ਹਿਤ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਜਿੱਥੇ ਚਾਰ ਕਲਾਸਾਂ ਦੇ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਵਿਸ਼ੇਸ਼ ਸਰਟੀਫਿਕੇਟਾਂ ਨਾਲ ਨਿਵਾਜਿਆ ਗਿਆ, ਉੱਥੇ ਸਿੱਖੀ ਕਲਾਸਾਂ ਰਾਹੀਂ ਗਿਆਨ ਹਾਸਲ ਕਰ ਰਹੇ 70 ਬੱਚਿਆਂ ਨੂੰ ਲੋੜੀਂਦੀ ਸਮੱਗਰੀ ਨਾਲ ਲੈਸ ਬਸਤੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਲਭਾਇਆ ਸਿੰਘ ਮਹਿਮੀ, ਟਰਸਟੀ ਵਿਜੇਪਾਲ ਸਿੰਘ ਬਾਰਹਾ, ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਬੱਚਿਆਂ ਦੇ ਮਨਾਂ ਅੰਦਰ ਪੁੰਗਰੇ ਸਿੱਖੀ ਦੇ ਬੂਟੇ ਨੂੰ ਸੰਭਾਲਣ ਅਤੇ ਸਹੀ ਦਿਸ਼ਾ ਦੇਣ ਵਾਲੇ ਅਧਿਆਪਕਾਂ ਜਸਪ੍ਰੀਤ ਕੌਰ ਬਾਰਹਾ, ਪ੍ਰਭਜੋਤ ਕੌਰ ਬਾਰਹਾ, ਰਣਜੀਤ ਕੌਰ ਹੇਅਰ, ਪ੍ਰਭਜੋਤ ਕੌਰ ਵਿਰਹਾ, ਅਮਨ ਸਿੰਘ, ਗੁੰਜਨ ਕੌਰ, ਦਿਲਮੀਤ ਕੌਰ, ਮਨਦੀਪ ਕੌਰ, ਕੁਲਵਿੰਦਰ ਕੌਰ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਬੋਲਦਿਆਂ ਲਭਾਇਆ ਸਿੰਘ ਮਹਿਮੀ ਤੇ ਜਸਪ੍ਰੀਤ ਕੌਰ ਬਾਰਹਾ ਨੇ ਕਿਹਾ ਕਿ ਬੱਚਿਆਂ ਨੂੰ ਵਡਮੁੱਲੇ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਣ ਲਈ ਸਿੱਖੀ ਕਲਾਸਾਂ ਵਿੱਚ ਭੇਜਣ ਵਾਲੇ ਮਾਪੇ ਵਧਾਈ ਦੇ ਪਾਤਰ ਹਨ ਅਤੇ ਅਧਿਆਪਕ ਵੀ ਉਹਨਾਂ ਦੀਆਂ ਉਮੀਦਾਂ ਤੇ ਖ਼ਰੇ ਉੱਤਰਦਿਆਂ ਤਨਦੇਹੀ ਨਾਲ ਸੇਵਾ ਕਰਦੇ ਹਨ। ਇਸ ਲਈ ਗੁਰੂਘਰ ਦੀ ਪ੍ਰਬੰਧਕੀ ਕਮੇਟੀ ਬੱਚਿਆਂ ਅਤੇ ਅਧਿਆਪਕਾਂ ਨੂੰ ਸਨਮਾਨਿਤ ਕਰਕੇ ਖੁਸ਼ੀ ਮਹਿਸੂਸ ਕਰਦੀ ਹੈ।



# ਸਿੱਖੀ ਦੀ ਸੇਵਾ 'ਚ ਜੁਟਿਆ ਹੈ ਅਦਾਕਾਰ ਰਣਦੀਪ ਹੁੱਡਾ

## ਸਾਰਾਗੜ੍ਹੀ ਫ਼ਿਲਮ ਬਾਰੇ ਆਪਣਾ ਸਮਾਂ ਤੇ ਪੈਸਾ ਸਮਰਪਿਤ ਕਰ ਦਿੱਤਾ, ਖਾਲਸਾ ਏਡ ਨਾਲ ਕਰ ਰਿਹਾ ਏ ਸੇਵਾ

**ਜਲੰਧਰ/ਏ. ਟੀ. ਨਿਊਜ਼:** ਬਾਲੀਵੁੱਡ ਦਾ ਮਸ਼ਹੂਰ ਅਦਾਕਾਰ ਰਣਦੀਪ ਹੁੱਡਾ, ਜੋ ਬੀਤੇ ਤਿੰਨ ਸਾਲਾ ਤੋਂ ਲੰਬੀ ਦਾਹੜੀ ਹੋਣ ਕਾਰਨ ਹੁਣ ਪੂਰੀ ਤਰਾਂ ਇਕ ਸਿੱਖ ਹੀ ਜਾਪਦਾ ਹੈ । ਉਸ ਨੇ ਸਿੱਖੀ ਅਤੇ ਸੇਵਾ ਬਾਰੇ ਜਾਣਕਾਰੀ ਹਾਸਿਲ ਕਰਨ ਉਪਰੰਤ ਸੇਵਾ ਨੂੰ ਅਪਣਾਇਆ ਤੇ ਹੁਣ 'ਖਾਲਸਾ ਏਡ' ਨਾਲ ਸਰਗਰਮ ਤੌਰ 'ਤੇ ਸੇਵਾ ਕਰ ਰਿਹਾ ਹੈ। ਮਹਾਰਾਸ਼ਟਰ ਦੇ ਪਿੰਡ ਵੇਲੇ ਵਿਚ ਸੋਕੇ ਦੌਰਾਨ 'ਖ਼ਾਲਸਾ ਏਡ' ਵੱਲੋਂ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਸੀ ਤਾਂ ਹੁੱਡਾ ਨੇ ਵੀ ਖਾਲਸਾ ਏਡ ਦਾ ਸਾਥ ਦਿੱਤਾ। ਹੁੱਡਾ ਇਸ ਤੋਂ ਪਹਿਲਾਂ ਵੀ ਖ਼ਾਲਸਾ ਏਡ ਦੇ ਕਈ ਮਿਸ਼ਨਾਂ ਵਿਚ ਸੇਵਾ ਨਿਭਾਅ ਚੁੱਕੇ ਹਨ। 'ਲਾਲ ਰੰਗ', 'ਸਰਬਜੀਤ' ਅਤੇ ਦੋ ਲਫਜੋ ਕੀ ਕਹਾਣੀ' ਵਰਗੀਆਂ ਹਿੰਦੀ ਫਿਲਮਾਂ ਤੋਂ ਬਾਅਦ ਉਸ ਨੇ ਬੀਤੇ ਤਿੰਨ ਸਾਲਾ ਦੌਰਾਨ ਕੋਈ ਫ਼ਿਲਮ ਨਹੀਂ ਕੀਤੀ ਅਤੇ ਉਸ ਨੇ ਆਪਣਾ ਸਮਾਂ ਅਤੇ ਪੈਸੇ ਨੂੰ 'ਸਾਰਾਗੜ੍ਹੀ' ਫ਼ਿਲਮ ਨੂੰ ਸਮਰਪਿਤ ਕਰ ਦਿੱਤਾ ਜੋ ਅਜੇ ਤੱਕ ਨਹੀਂ ਬਣ ਸਕੀ। ਇਸ ਫਿਲਮ ਵਿਚ ਰਣਦੀਪ ਹੌਲਦਾਰ ਈਸ਼ਰ ਸਿੰਘ ਦੀ ਭੂਮਿਕਾ ਵਿਚ ਨਿਭਾਅ ਰਹੇ ਹਨ, ਜੋ 36 ਸਿੱਖ ਰੈਜੀਮੈਂਟ ਦੇ ਕਮਾਂਡਰ



ਸਨ। ਇਸ ਫਿਲਮ ਲਈ ਉਨਾਂ ਨੇ ਸਿੱਖ ਇਤਿਹਾਸ ਪੜ੍ਹਿਆ ਹੈ। ਉਨਾਂ ਨੇ ਇਸ ਫ਼ਿਲਮ ਵਿਚ ਭੂਮਿਕਾ ਨਿਭਾਉਣ ਲਈ ਆਪਣੀ ਦਾੜ੍ਹੀ ਵਧਾਈ ਹੈ। ਉਸ ਨੇ ਵਿੱਤੀ ਔਕੜਾਂ ਦੇ ਬਾਵਜੂਦ 3 ਸਾਲਾ ਤੋਂ ਕੋਈ ਫ਼ਿਲਮ ਨਹੀਂ ਕੀਤੀ ਅਤੇ ਉਸ ਨੂੰ ਇਸ ਦਾ ਅਫ਼ਸੋਸ ਵੀ ਨਹੀਂ ਹੈ, ਕਿਉਂਕਿ ਸਿੱਖੀ ਨੇ ਉਸ ਨੂੰ ਇਕ ਬੇਹੱਤਰ ਇਨਸਾਨ ਬਣਾ ਦਿੱਤਾ ਹੈ। ਅਸੀਂ ਸਾਰੇ ਰਣਦੀਪ ਹੁੱਡਾ ਦੀ ਸਿੱਖੀ ਲਈ ਇਸ ਸਮਰਪਣ ਭਾਵਨਾ ਦਾ ਸਤਿਕਾਰ ਕਰਦੇ ਹਾਂ, ਜਿਸ ਨੇ ਸਿੱਖਾਂ ਨੂੰ ਸਿੱਖੀ ਬਾਰੇ ਅਰਥ ਪੂਰਨ ਸੁਨੇਹਾ ਦੇ ਦਿੱਤਾ ਹੈ। ਰਣਦੀਪ ਹੁੱਡਾ (ਜਨਮ 20 ਅਗਸਤ 1976) ਹਿੰਦੀ ਫਿਲਮਾਂ ਦੇ ਅਦਾਕਾਰ ਹਨ। ਹੁੱਡਾ ਨੇ ਅਦਾਕਾਰੀ ਆਪਣੇ ਸਕੂਲ ਦੇ ਦਿਨਾਂ ਤੋਂ ਹੀ ਸ਼ੁਰੂ ਕਰ ਲਈ ਸੀ। ਹੁੱਡਾ ਸਕੂਲ ਦੀਆਂ ਨਾਟਕੀ ਰਚਨਾਵਾਂ ਵਿੱਚ ਭਾਗ ਲੈਂਦੇ ਸਨ। ਆਸਟਰੇਲੀਆ ਦੇ ਮੈਲਬੌਰਨ ਸ਼ਹਿਰ ਤੋਂ ਆਪਣੀ ਪੜਾਈ ਖਤਮ ਕਰ ਕੇ ਹੁੱਡਾ ਭਾਰਤ ਵਾਪਸ ਆਏ ਅਤੇ ਥੀਏਟਰ ਕੀਤਾ।

ਹੁੱਡਾ ਨੇ ਆਪਣੀ ਬਾਲੀਵੁਡ ਕੈਰੀਅਰ ਦੀ ਸ਼ੁਰੂਆਤ 2001 ਦੀ ਮੀਰਾ ਨਾਇਰ ਦੀ "ਮਾਨਸੂਨ ਵੈਡਿੰਗ" ਫਿਲਮ ਨਾਲ ਕੀਤੀ।

ਬਾਕੀ ਸਫ਼ਾ 33 'ਤੇ

# ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਜਾਪਾਨ ਦਾ

✪ ਦੂਸਰਾ ਸਥਾਨ ਸਿੰਘਾਪੁਰ ਦਾ ✪ ਭਾਰਤ 10 ਸਥਾਨ ਹੇਠਾਂ ਖਿਸਕਿਆ

**ਨਵੀਂ ਦਿੱਲੀ/ਏ ਟੀ ਨਿਊਜ਼:** ਜਦੋਂ ਸ਼ਕਤੀਸ਼ਾਲੀ ਪਾਸਪੋਰਟ ਦੀ ਗੱਲ ਆਉਂਦੀ ਹੈ ਤਾਂ ਬਹੁਤੇ ਲੋਕ ਸੋਚਦੇ ਹਨ ਕਿ ਇਹ ਪਾਸਪੋਰਟ ਅਮਰੀਕਾ ਦਾ ਹੀ ਹੋਵੇਗਾ ਪਰ ਇਹ ਸਹੀ ਨਹੀਂ। ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਜਾਪਾਨ ਦਾ ਹੈ। ਇਸ ਦੇ ਨਾਲ ਹੀ, ਇਸ ਸੂਚੀ ਵਿੱਚ ਭਾਰਤ ਦਾ ਨਾਮ ਕਾਫੀ ਹੇਠਾਂ ਆ ਗਿਆ ਹੈ। ਪਹਿਲਾਂ ਭਾਰਤ ਦੇ ਪਾਸਪੋਰਟ ਦੀ ਸਥਿਤੀ ਬਿਹਤਰ ਸੀ ਪਰ 2020 ਦੇ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਵਿੱਚ ਥੱਲੇ ਆ ਗਿਆ ਹੈ। ਜਾਪਾਨ ਦੇ ਪਾਸਪੋਰਟ ਨਾਲ 191 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਦਾਖਲਾ ਹੋ ਸਕਦੇ ਹਾਂ। ਇਸ ਤੋਂ ਬਾਅਦ ਸਿੰਗਾਪੁਰ ਦਾ ਪਾਸਪੋਰਟ ਹੈ। ਇਸ ਤੋਂ ਪਹਿਲਾਂ ਸਿੰਗਾਪੁਰ ਪਹਿਲੇ ਨੰਬਰ 'ਤੇ ਸੀ। ਹਾਲਾਂਕਿ, ਜਾਪਾਨ ਤੇ ਸਿੰਗਾਪੁਰ ਵਿੱਚ ਸਿਰਫ ਇੱਕ ਦੇਸ਼ ਦੇ ਵੀਜ਼ਾ ਮੁਕਤ ਐਂਟਰੀ ਦਾ ਹੀ ਅੰਤਰ ਹੈ। ਇਸ ਤੋਂ ਬਾਅਦ, ਜਰਮਨੀ ਤੇ ਦੱਖਣੀ ਕੋਰੀਆ ਦਾ ਨਾਮ ਲਿਆ ਗਿਆ ਹੈ ਜਦਕਿ ਸ਼ਕਤੀਸ਼ਾਲੀ ਅਮਰੀਕਾ 8ਵੇਂ ਨੰਬਰ 'ਤੇ ਖਿਸਕ ਗਿਆ ਹੈ। ਜੇ ਤੁਸੀਂ ਦੁਨੀਆ ਦੇ ਸਭ ਤੋਂ ਮਾੜੇ ਪਾਸਪੋਰਟਾਂ ਦੀ ਸੂਚੀ ਵਲ ਦੇਖੋ ਤਾਂ ਇਸ ਵਿੱਚ ਪਹਿਲੇ ਨੰਬਰ 'ਤੇ ਅਫਗਾਨਿਸਤਾਨ, ਦੂਜੇ ਨੰਬਰ 'ਤੇ ਇਰਾਕ, ਤੀਜੇ ਨੰਬਰ 'ਤੇ ਸੀਰੀਆ ਤੇ ਚੌਥੇ ਨੰਬਰ 'ਤੇ ਪਾਕਿ ਹੈ।

# ਦੇਸ਼ ਭਗਤ ਯਾਦਗਾਰ ਹਾਲ ਵਿਵਾਦਾਂ 'ਚ ਘਿਰਿਆ

## ਭਾਜਪਾ ਦੇ ਸਮਾਗਮ ਦੀ ਇਜਾਜ਼ਤ ਦੇਣ ਤੋਂ ਵਿਵਾਦ ਛਿੜਿਆ

**ਜਲੰਧਰ/ਏ. ਟੀ. ਨਿਊਜ਼:** ਬੀਤੇ ਦਿਨੀਂ ਦੇਸ਼ ਭਗਤ ਯਾਦਗਾਰ ਹਾਲ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਤਾਜਪੋਸ਼ੀ ਦੇ ਮਾਮਲੇ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਪਸ਼ਟ ਕੀਤਾ ਹੈ ਕਿ ਕਮੇਟੀ ਹਮੇਸ਼ਾ ਫਾਸ਼ੀਵਾਦੀ ਤਾਕਤਾਂ ਦੇ ਹਮਲਿਆਂ ਦਾ ਲਗਾਤਾਰ ਵਿਰੋਧ ਕਰਦੀ ਆਈ ਹੈ। ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ ਨੇ ਕਿਹਾ ਕਿ ਭਵਿੱਖ ਵਿਚ ਹਾਲ ਦੀ ਬੁਕਿੰਗ ਵੇਲੇ ਪੂਰਾ ਧਿਆਨ ਰੱਖਿਆ ਜਾਵੇਗਾ। ਉਨਾਂ ਕਿਹਾ ਕਿ ਕਮੇਟੀ ਹਮੇਸ਼ਾ ਹੀ ਗ਼ਦਰ ਪਾਰਟੀ ਦੀ ਵਿਰਾਸਤ ਅਤੇ ਅਸੂਲਾਂ 'ਤੇ ਪਹਿਰਾ ਦੇਣ ਲਈ ਵਚਨਬੱਧ ਰਹੇਗੀ। ਜ਼ਿਕਰਯੋਗ ਹੈ ਕਿ ਬੀਤੇ ਦਿਨ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਤਾਜਪੋਸ਼ੀ ਨੂੰ ਲੈ ਕੇ ਦੇਸ਼ ਭਗਤ ਯਾਦਗਾਰ ਹਾਲ ਵਿਚ ਹੋਏ ਸਮਾਗਮ 'ਤੇ ਸੋਸ਼ਲ ਮੀਡੀਆ 'ਤੇ ਇਹ ਗੱਲ ਬੜੇ ਜ਼ੋਰਦਾਰ ਢੰਗ ਨਾਲ ਉੱਠੀ ਸੀ ਕਿ ਜਿਹੜੀਆਂ ਤਾਕਤਾਂ ਦੇਸ਼ ਵਿਚ ਫਿਰਕੂ ਹਾਲਾਤ ਪੈਦਾ ਕਰ ਰਹੀਆਂ ਹਨ ਉਨਾਂ ਨੂੰ ਅਜਿਹੀ ਥਾਂ ਵਰਤਣ ਦਾ ਮੌਕਾ ਨਹੀਂ ਦੇਣਾ ਚਾਹੀਦਾ। ਇਸ ਸਬੰਧੀ ਲੇਖਕਾਂ, ਸਾਹਿਤਕ ਜਥੇਬੰਦੀਆਂ, ਤਰਕਸ਼ੀਲ ਆਗੂਆਂ ਅਤੇ ਵਿਦਿਆਰਥੀ ਆਗੂਆਂ ਦੇ ਵਫਦ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ ਨੂੰ ਮੰਗ ਪੱਤਰ ਦਿੱਤਾ। ਉਨਾਂ ਕਿਹਾ ਕਿ ਦੇਸ਼ ਇਸ ਵੇਲੇ ਫੈਸਲਾਕੁਨ ਮੋੜ ਉੱਤੇ ਖੜਾ ਹੈ। ਇਸ ਕਰ ਕੇ ਸਪਸ਼ਟ ਹੋਣਾ ਪਵੇਗਾ ਕਿ ਅਸੀਂ ਕਿਸ ਧਿਰ ਨਾਲ ਖੜੇ ਹਾਂ। ਉਨਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਸਿਰਫ ਵਪਾਰਕ ਇਮਾਰਤ ਨਹੀਂ ਹੈ, ਇਹ ਇੱਕ ਖਾਸ ਲੋਕ-ਪੱਖੀ ਇਨਕਲਾਬੀ ਲਹਿਰਾਂ ਦੇ ਪ੍ਰਤੀਕ ਵਜੋਂ ਝੰਡਾ ਬੁਲੰਦ ਕਰਦੀ ਆਈ ਹੈ। ਇਸ ਨੂੰ ਬਣਾਏ ਜਾਣ ਦੇ ਗਦਰੀ ਬਾਬਿਆਂ ਦੇ ਅਕੀਦੇ ਸਾਨੂੰ ਭੁੱਲਣੇ ਨਹੀਂ ਚਾਹੀਦੇ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪਹਿਲਾ ਨੈਸ਼ਨਲ ਗੱਤਕਾ ਕੋਚਿੰਗ ਅਤੇ ਰਿਫਰੈਸ਼ਰ ਕੋਰਸ

## ਗੱਤਕਾ ਕੋਚਾਂ ਵਲੋਂ ਸਿਖਾਏ ਗਏ ਗੱਤਕੇ ਦੇ ਗੁਰ



ਸ਼. ਜਤਿੰਦਰ ਸਿੰਘ ਬੋਪਾਰਾਏ, ਪ੍ਰਧਾਨ ਸਿੱਖ ਕਲਚਰਲ ਸੁਸਾਇਟੀ, ਭਾਈ ਭੁਪਿੰਦਰ ਸਿੰਘ ਹੈਡ ਗ੍ਰੰਥੀ, ਸ. ਹਿੰਮਤ ਸਿੰਘ, ਵਰਲਡ ਸਿੱਖ ਪਾਰਲੀਮੈਂਟ, ਸ. ਸਤਨਾਮ ਸਿੰਘ ਪਰਹਾਰ, ਚੀਫ ਪੈਟਰਨ, ਡਾ.ਅਵਤਾਰ ਸਿੰਘ ਟੀਨਾ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਗੱਤਕਾ ਫੈਡਰੇਸ਼ਨ, ਯੂ.ਐਸ.ਏ.



ਸ਼. ਜਤਿੰਦਰ ਸਿੰਘ ਬੋਪਾਰਾਏ, ਪ੍ਰਧਾਨ ਸਿੱਖ ਕਲਚਰਲ ਸੁਸਾਇਟੀ, ਭਾਈ ਭੁਪਿੰਦਰ ਸਿੰਘ ਹੈਡ ਗ੍ਰੰਥੀ, ਸ. ਹਿੰਮਤ ਸਿੰਘ, ਵਰਲਡ ਸਿੱਖ ਪਾਰਲੀਮੈਂਟ, ਸ. ਸਤਨਾਮ ਸਿੰਘ ਪਰਹਾਰ, ਚੀਫ ਪੈਟਰਨ, ਡਾ.ਅਵਤਾਰ ਸਿੰਘ ਟੀਨਾ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਗੱਤਕਾ ਫੈਡਰੇਸ਼ਨ, ਯੂ.ਐਸ.ਏ.



ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿੱਖੇ ਗੱਤਕਾ ਫੈਡਰੇਸ਼ਨ ਯੂ.ਐਸ.ਏ ਵਲੋਂ ਦੋ ਰੋਜਾ ਨੈਸ਼ਨਲ ਗੱਤਕਾ ਰਿਫਰੈਸ਼ਰ ਤੇ ਕੋਚਿੰਗ ਕੋਰਸ ਦੌਰਾਨ ਗੱਤਕਾ ਮੁਕਾਬਲੇ ਦੌਰਾਨ ਜਿੱਤ ਦਰਜ ਕਰਦੇ ਹੋਏ ਖਿਡਾਰੀ ਅਤੇ ਰੈਫਰੀ ਅਵਿਨਾਸ਼ ਕੌਰ

**ਨਿਊਯਾਰਕ/ਰਾਜ ਗੋਗਨਾ:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿੱਖੇ ਗੁਰੁ ਗੁਰੁਦੁਆਰਾ ਪ੍ਰੰਬਧਕ ਕਮੇਟੀ ਦੇ ਉਚੇਚੇ ਸਹਿਯੋਗ ਨਾਲ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਦੋ ਰੋਜਾ ਨੈਸ਼ਨਲ ਗੱਤਕਾ ਕੋਚਿੰਗ ਅਤੇ ਰਿਫਰੈਸ਼ਰ-ਕੋਰਸ ਆਯੋਜਿਤ ਕੀਤਾ ਗਿਆ। ਜਿਸ ਦੀ ਆਰੰਭਤਾ ਨਿਉਯਾਰਕ ਗੱਤਕਾ ਐਸੋਸੀਏਸ਼ਨ ਦੇ ਚੀਫ ਪੈਟਰਨ ਸ. ਸਤਨਾਮ ਸਿੰਘ ਪਰਹਾਰ ਅਤੇ ਡਾ. ਅਵਤਾਰ ਸਿੰਘ ਟੀਨਾ, ਚੈਅਰਮੈਨ ਵਲੋਂ ਕੀਤੀ ਗਈ ਅਤੇ ਆਏ ਸਾਰੇ ਗੱਤਕਾ ਕੋਚਾਂ ਅਤੇ ਖਿਡਾਰੀਆਂ ਨੂੰ ਜੀ-ਆਇਆ ਆਖਿਆ ਗਿਆ।ਗੱਤਕਾ ਰਿਫਰੈਸ਼ਰ ਕੋਰਸ ਪ੍ਰਤੀ ਜਾਣਕਾਰੀ ਸਾਂਝੀ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਦਸਿੱਆਂ ਕਿ ਗੱਤਕਾ ਸਿਖਲਾਈ ਲਈ ਹਰ ਸਾਲ ਗੱਤਕਾ ਫੈਡਰੇਸ਼ਨ ਵਲੋਂ ਅਮਰੀਕਾ ਦੇ ਵੱਖਰੇ-2 ਰਾਜਾਂ ਵਿੱਚ ਗੁਰੁ-ਘਰਾਂ ਅਤੇ ਸੰਗਤ ਦੇ ਸਹਿਯੋਗ ਨਾਲ ਦਰਜਨਾਂ ਹੀ ਕੈਂਪ ਲਗਾਏ ਜਾਂਦੇ ਹਨ ਪਰ ਗੱਤਕਾ ਕੋਚਿੰਗ ਅਤੇ ਰੈਫਰੀਜ ਲਈ ਇਹ ਪਹਿਲਾ ਤੇ ਨਿਵੇਕਲਾ ਕੈਂਪ ਲਗਾਇਆ ਗਿਆ ਸੀ। ਉਹਨਾਂ ਦੱਸਿਆ ਕਿ ਗੱਤਕਾ ਫੈਡਰੇਸ਼ਨ ਵਲੋਂ ਭਵਿੱਖ ਵਿੱਚ ਆਯੋਜਿਤ ਕੀਤੇ ਜਾਣ ਵਾਲੇ ਰਾਜ ਪੱਧਰੀ ਅਤੇ ਰਾਸ਼ਟਰੀ/ਅੰਤਰ-ਰਾਸ਼ਟਰੀ ਪੱਧਰ ਦੇ ਗੱਤਕਾ ਮੁਕਾਬਲਿਆਂ ਲਈ ਨੌਜਵਾਨਾਂ ਵਿੱਚ ਗੱਤਕਾ ਖੇਡ ਪ੍ਰਤੀ ਰੂਲਜ ਰੈਗੁਲੇਸ਼ਨ ਦੀ ਸਹੀ ਜਾਣਕਾਰੀ ਹੋਣਾ ਬਹੁਤ ਜਰੂਰੀ ਸੀ। ਇਸ ਗੱਤਕਾ ਰਿਫਰੈਸ਼ਰ ਕੋਰਸ ਦਾ ਮਨੋਰਥ ਨੌਜਵਾਨ ਪੀੜੀ ਨੂੰ ਬਾਣੀ-ਬਾਣੇ ਨਾਲ ਜੋੜਨਾ ਅਤੇ ਸਿੱਖ ਪੰਥ ਦੇ ਗੌਰਵਮਈ ਇਤਿਹਾਸ ਨਾਲ ਜੋੜਨਾ ਵੀ ਸੀ। ਅੱਗੇ ਜਾਣਕਾਰੀ ਸਾਂਝੀ ਕਰਦਿਆਂ ਦਸਿੱਆਂ ਗਿਆ ਕਿ ਇਸ ਵਿਸ਼ੇਸ ਕੋਚਿੰਗ ਕੋਰਸ ਵਿੱਚ ਗੱਤਕਾ ਖਿਡਾਰੀਆਂ ਵਲੋਂ ਅਮਰੀਕਾ ਦੇ ਵੱਖਰਿਆਂ-2 ਰਾਜਾਂ ਗੱਤਕਾ ਖਿਡਾਰੀਆਂ ਵਲੋਂ ਅਰਜੀਆ ਪ੍ਰਾਪਤ ਹੋਈਆਂ ਸਨ ਜਿਹਨਾਂ ਦੀ ਪਰਖ ਅਤੇ ਚੋਣ ਕਰਨ ਉਪਰੰਤ ਹੀ ਉਹ ਗੱਤਕਾ ਕੋਚਿੰਗ ਕੈਂਪ ਵਿੱਚ ਭਾਗ ਲੈ ਸਕੇ ਹਨ। ਉਹਨਾਂ ਦਸਿੱਆਂ ਕਿ ਗੱਤਕਾ ਸਿਰਫ ਪੁਰਸ਼ਾ ਦੀ ਹੀ ਖੇਡ ਨਹੀ ਹੁਣ ਵੱਡੀ ਗਿਣਤੀ ਵਿੱਚ ਬੀਬੀਆਂ ਵੀ ਗੱਤਕਾ ਕੋਚਿੰਗ ਵਿੱਚ ਨਿਪੁੰਨਤਾ ਹਾਸਿਲ ਕਰਨ ਲਈ ਉਤਸ਼ਾਹਿਤ ਹਨ। ਜਲਦੀ ਹੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੀ ਤਰੀਕਾਂ ਵੀ ਉਲੀਕੀਆ ਜਾਣਗੀਆਂ। ਨਿਉਯਾਰਕ ਗੱਤਕਾ ਐਸੋਸੀਏਸ਼ਨ ਦੇ ਸਕੱਤਰ ਜਨਰਲ ਅਤੇ ਗੁਰੁਦੁਆਰਾ ਮਖੱਣ ਸ਼ਾਹ ਲੁਬਾਣਾ ਦੇ ਜਨਰਲ ਸਕੱਤਰ ਭਾਈ ਦਲੇਰ ਸਿੰਘ ਨੇ ਫੋਨ ਰਾਂਹੀ ਦਸਿੱਆ ਕਿ ਵੱਡੀ ਗਿਣਤੀ ਵਿੱਚ ਗੱਤਕਾ ਖਿਡਾਰੀਆਂ ਵਲੋਂ ਗੱਤਕਾ ਰਿਫਰੈਸ਼ਰ ਕੋਰਸ ਵਿੱਚ ਭਾਗ ਲੈ ਕੇ ਗੱਤਕਾ ਖੇਡ ਦੇ ਗੁਰ ਹਾਸਿਲ ਕੀਤੇ ਗਏ। ਉਹਨਾਂ ਦਸਿੱਆ ਕਿ ਗੱਤਕਾ ਜਿੱਥੇ ਬਚਿੱਆਂ ਨੂੰ ਧਰਮ ਤੇ ਵਿਰਸੇ ਨਾਲ ਜੋੜਦਾ ਹੈ ਉਥੇ ਹੀ ਬਚਿੱਆਂ ਦੇ ਸਰੀਰਿਕ ਤੇ ਮਾਨਸਿਕ ਵਿਕਾਸ ਵਿੱਚ ਵੀ ਵੱਡਾ ਯੋਗਦਾਨ ਅਦਾ ਕਰਦਾ ਹੈ।ਗੱਤਕਾ ਰਿਫਰੈਸ਼ਰ ਕੋਰਸ ਦੀ ਸੰਮਪੂਰਨਤਾ ਤੇ ਖਿਡਾਰੀਆਂ ਨੂੰ ਸਨਮਾਨ ਅਤੇ ਸਰਟੀਫਿਕੇਟ ਪ੍ਰਦਾਨ ਕਰਨ ਲਈ ਗੁਰੁ ਘਰ ਦੇ ਵਜੀਰ, ਭਾਈ ਭੁਪਿੰਦਰ ਸਿੰਘ, ਸ. ਜਤਿੰਦਰ ਸਿੰਘ ਬੋਪਾਰਾਏ, ਮੁੱਖ ਸੇਵਾਦਾਰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ,ਵਰਲਡ ਸਿੱਖ ਪਾਰਲੀਮੈਂਟ ਦੇ ਮੁੱਖ ਸੇਵਾਦਾਰ ਹਿੰਮਤ ਸਿੰਘ, ਸ.ਬਲਜਿੰਦਰ ਸਿੰਘ ਅਤੇ ਸ. ਨਰਿੰਦਰ ਸਿੰਘ ਨੇ ਵੀ ਉਚੇਚੇ ਤੋਰ ਤੇ ਹਾਜਰੀ ਭਰੀ ਅਤੇ ਗੱਤਕਾ ਖਿਡਾਰੀਆਂ ਦੀ ਹੌਸਲਾ ਅਫਜਾਈ ਵੀ ਕੀਤੀ। ਸ. ਜਤਿੰਦਰ ਸਿੰਘ ਬੋਪਾਰਾਏ ਨੇ ਆਪਣੇ ਵੀਚਾਰ ਸਾਂਝੇ ਕਰਦਿਆ ਆਖਿਆਂ ਕਿ ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਉਪਰਾਲੇ ਅਤੇ ਗੱਤਕਾ ਖਿਡਾਰੀਆਂ ਵਲੋਂ ਕੀਤੀ ਗਈ ਸ਼ਮੂਲੀਅਤ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਗੁਰੂ ਘਰ ਦੀ ਸਮੁੱਚੀ ਪ੍ਰਬੰਧਕ ਕਮੇਟੀ ਵਲੋਂ ਇਹੋ ਜਿਹੇ ਹੋਰ ਵੀ ਉਪਰਾਲੇ ਕੀਤੇ ਜਾਣਗੇ, ਜਿਸ ਨਾਲ ਨੌਜਵਾਨ ਬਾਣੀ-ਬਾਣੇ ਨਾਲ ਜੁੜ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜੀਵਨ ਵਿੱਚ ਸੇਧ ਲੈ ਸਕਣ। ਗੱਤਕਾ ਫੈਡਰੇਸ਼ਨ ਤੇ ਪ੍ਰਬੰਧਕ ਕਮੇਟੀ ਵਲੋਂ ਬੀਬਾ ਕਰਮਜੀਤ ਕੌਰ ਤੇ ਜਸਕੀਰਤ ਸਿੰਘ ਦੀ ਸਰਵੋਤਮ ਖਿਡਾਰੀ-2019" ਵਜੋਂ ਸਨਮਾਨਿਤ ਕੀਤਾ ਗਿਆ। ਬੀਬਾ ਅਵਿਨਾਸ਼ ਕੌਰ ਜੋ ਕਿ ਸੀਨੀਅਰ ਗੱਤਕਾ ਖਿਡਾਰਨ ਹਨ ਨੂੰ ਉਹਨਾਂ ਦੀਆਂ ਗੱਤਕਾ ਖੇਡ ਪ੍ਰਤੀ ਪ੍ਰਾਪਤੀਆ ਕਰਕੇ ਵਿਸ਼ੇਸ ਤੋਰ ਤੇ ਸਨਮਾਨਿਤ ਕਰਕੇ ਕੌਮੀ ਪੱਧਰ ਦੇ ਰੈਫਰੀ ਦਾ ਦਰਜਾ ਵੀ ਦਿੱਤਾ ਗਿਆ।ਇਸ ਤੋਂ ਇਲਾਵਾ ਦਰਜਨਾਂ ਹੀ ਮਾਹਿਰ ਨੌਜਵਾਨ ਗੱਤਕਾ ਕੋਚਾਂ ਅਤੇ ਖਿਡਾਰੀਆਂ ਦੀ ਰੈਕਿੰਗ ਵੀ ਕੀਤੀ ਗਈ ਅਤੇ ਯੋਗਤਾ ਅਨੁਸਾਰ ਸਰਟੀਫਿਕੇਟ ਤਕਸੀਮ ਕੀਤੇ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬਾ ਸਰਬਜੀਤ ਕੌਰ ਸਟੇਟ ਕੁਆਰਡੀਨੇਟਰ ਯੁਨਾਇਡ ਸਿਖਸ, ਸਿੱਖ ਆਗੂ ਭਾਈ ਗਗਨਦੀਪ ਸਿੰਘ ਬਰੇਲੀ, ਗੱਤਕਾ ਕੋਚ ਸੁਜਾਨ ਸਿੰਘ ਆਦਿ ਵਿਸ਼ੇਸ ਤੌਰ ਤੇ ਹਾਜਿਰ ਸਨ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.


Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਦਿੱਲੀ 'ਚ ਲੋਕਤੰਤਰ ਵਿਰੋਧੀ ਕਾਨੂੰਨ ਲਾਗੂ ਹੋਣ ਲੱਗੇ

## ਪੁਲਿਸ ਕਮਿਸ਼ਨਰ ਨੂੰ ਮਿਲਿਆ ਕਿਸੇ ਨੂੰ ਵੀ ਹਿਰਾਸਤ ਵਿਚ ਲੈਣ ਦਾ ਅਧਿਕਾਰ

**ਨਵੀਂ ਦਿੱਲੀ/ ਏ. ਟੀ. ਨਿਊਜ਼:** ਉਪ ਰਾਜਪਾਲ ਅਨਿਲ ਬੈਜਲ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਜਿਸ ਨਾਲ ਕਿਸੇ ਵਿਅਕਤੀ ਨੂੰ ਵੀ ਹਿਰਾਸਤ ਵਿੱਚ ਲੈਣ ਲਈ ਨੈਸ਼ਨਲ ਸਿਕਿਓਰਿਟੀ ਐਕਟ ਦੇ ਤਹਿਤ ਦਿੱਲੀ ਪੁਲਿਸ ਕਮਿਸ਼ਨਰ ਨੂੰ ਅਧਿਕਾਰਤ ਕਰ ਦਿੱਤਾ ਹੈ। ਰਸੂਕਾ ਕਾਨੂੰਨ ਅਜਿਹੇ ਵਿਅਕਤੀ ਨੂੰ ਸਾਵਧਾਨੀ ਵਜੋਂ ਮਹੀਨਿਆਂ ਤਕ ਨਜ਼ਰਬੰਦ ਕਰਨ ਦਾ ਅਧਿਕਾਰ ਦਿੰਦਾ ਹੈ, ਜਿਸ ਨਾਲ ਪ੍ਰਸ਼ਾਸਨ ਨੂੰ ਕੌਮੀ ਸੁਰੱਖਿਆ ਤੇ ਕਾਨੂੰਨ ਵਿਵਸਥਾ ਲਈ ਖ਼ਤਰਾ ਮਹਿਸੂਸ ਹੁੰਦਾ ਹੋਵੇ। ਨੋਟੀਫਿਕੇਸ਼ਨ ਦੇ ਅਨੁਸਾਰ ਉਪ ਰਾਜਪਾਲ ਨੇ ਰਾਸ਼ਟਰੀ ਸੁਰੱਖਿਆ ਐਕਟ 1980 ਦੀ ਧਾਰਾ 3 ਦੀ ਉਪ-ਧਾਰਾ (3) ਦੀ ਵਰਤੋਂ ਕਰਦਿਆਂ ਕਿਸੇ ਵਿਅਕਤੀ ਨੂੰ 19 ਜਨਵਰੀ ਤੋਂ 18 ਅਪ੍ਰੈਲ ਤੱਕ ਹਿਰਾਸਤ ਵਿੱਚ ਲੈਣ ਦਾ ਦਿੱਲੀ ਪੁਲਿਸ ਕਮਿਸ਼ਨਰ ਨੂੰ ਅਧਿਕਾਰ ਦਿੱਤਾ ਹੈ। ਇਹ ਨੋਟੀਫਿਕੇਸ਼ਨ ਰਾਜਪਾਲ ਦੀ ਮਨਜ਼ੂਰੀ ਤੋਂ ਬਾਅਦ 10 ਜਨਵਰੀ ਨੂੰ ਜਾਰੀ ਕੀਤਾ ਗਿਆ ਸੀ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਰਾਸ਼ਟਰੀ ਰਾਜਧਾਨੀ ਚ ਸੋਧੇ ਹੋਏ ਸਿਟੀਜ਼ਨਸ਼ਿਪ ਐਕਟ ਤੇ ਸਿਟੀਜ਼ਨਲ ਰਜਿਸਟਰ ਆਫ਼ ਸਿਟੀਜ਼ਨਜ ਵਿਰੁੱਧ ਪ੍ਰਦਰਸ਼ਨ ਹੋ ਰਹੇ ਹਨ।

# ਬਹਿਬਲ ਗੋਲੀ ਕਾਂਡ ਦੇ ਮੁੱਖ ਗਵਾਹ ਸੁਰਜੀਤ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਚਲ ਵਸੇ



**ਬਰਗਾੜੀ/ਏ. ਟੀ. ਨਿਊਜ਼:** ਗੁਰੂ ਗ੍ਰੰਥ ਸਾਹਿਬ ਦੀ ਬਰਗਾੜੀ ਵਿਖੇ ਹੋਈ ਬੇਅਦਬੀ ਸਮੇਂ ਵਾਪਰੇ ਬਹਿਬਲ ਕਲਾਂ ਗੋਲੀ ਕਾਂਡ ਦੇ ਮੁੱਖ ਗਵਾਹ ਸੁਰਜੀਤ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਮੌਤ ਹੋ ਗਈ। ਮ੍ਰਿਤਕ ਸੁਰਜੀਤ ਸਿੰਘ ਦੀ ਪਤਨੀ ਜਸਵੀਰ ਕੌਰ, ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਕੈਬਨਿਟ ਮੰਤਰੀ ਗੁਰਪ੍ਰੀਤ ਕਾਂਗੜ ਤੇ ਕਾਂਗਰਸੀ ਵਿਧਾਇਕ ਕੁਸ਼ਲਦੀਪ ਢਿੱਲੋਂ 'ਤੇ ਇਲਜ਼ਾਮ ਲਗਾਏ। ਪਿੰਡ ਦੇ ਇੱਕ ਕਾਂਗਰਸੀ ਆਗੂ 'ਤੇ ਵੀ ਤੰਗ ਪਰੇਸ਼ਾਨ ਕਰਨ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਕਈ ਵਾਰ ਉਨਾਂ ਦੇ ਘਰ ਵੱਲ ਕਰਕੇ 20-20 ਫਾਇਰ ਵੀ ਕਰ ਚੁੱਕਿਆ ਹੈ। ਉਨਾਂ ਕਿਹਾ ਸਿਆਸੀ ਦਬਾਅ ਹੇਠ ਵੱਖੋਂ-ਵੱਖ ਮਹਿਕਮੇ ਉਸ ਨੂੰ ਪਰੇਸ਼ਾਨ ਕਰਦੇ ਸੀ। ਸੁਰਜੀਤ ਸਿੰਘ ਨੂੰ ਬਿਜਲੀ ਵਿਭਾਗ ਨਾਜਾਇਜ਼ ਪ੍ਰੇਸ਼ਾਨ ਕਰਦਾ ਸੀ ਤੇ ਪੁਲਿਸ ਵਿਭਾਗ ਵੀ ਕਿਸੇ ਤਰਾਂ ਦਾ ਸਹਿਯੋਗ ਨਹੀਂ ਦੇ ਰਿਹਾ ਸੀ, ਜਿਸ ਕਾਰਨ ਸੁਰਜੀਤ ਸਿੰਘ ਕਾਫ਼ੀ ਪ੍ਰੇਸ਼ਾਨ ਰਹਿੰਦਾ ਸੀ। ਇਸ ਕਾਰਨ ਮੌਤ ਹੋਈ ਹੈ। ਪਰਿਵਾਰ ਨੇ ਬੇਅਦਬੀ ਨਾਲ ਸਬੰਧਿਤ ਸਿੱਖ ਜਥੇਬੰਦੀਆਂ ਅਤੇ ਜਥੇਦਾਰਾਂ ਉਪਰ ਵੀ ਦੋਸ਼ ਲਗਾਇਆ ਕਿ ਸੁਰਜੀਤ ਸਿੰਘ ਆਪਣੀ ਜਾਨ ਜ਼ੋਖ਼ਮ ਵਿਚ ਪਾ ਕੇ ਸਾਰੇ ਜਾਂਚ ਕਮਿਸ਼ਨਾਂ ਤੇ ਅਦਾਲਤਾਂ ਵਿਚ ਗਵਾਹੀਆਂ ਦੇ ਰਿਹਾ ਸੀ, ਪਰ ਜਥੇਬੰਦੀਆਂ ਅਤੇ ਜਥੇਦਾਰਾਂ ਨੇ ਕਦੇ ਵੀ ਸੁਰਜੀਤ ਸਿੰਘ ਦਾ ਸਹਿਯੋਗ ਨਹੀਂ ਦਿੱਤਾ। ਪਰਿਵਾਰਕ ਮੈਂਬਰਾਂ ਨੇ ਜਸਟਿਸ ਰਣਜੀਤ ਸਿੰਘ ਨੂੰ ਉਨਾਂ ਦੀ ਸਾਰ ਲੈਣ ਦੀ ਅਪੀਲ ਕੀਤੀ।

### ਮਾਮਲਾ ਰੁਲਦਾ ਸਿੰਘ ਕਤਲ ਕੇਸ ਦਾ

# ਅਦਾਲਤ ਨੇ ਸਾਰੇ ਗਵਾਹਾਂ ਨੂੰ ਪੇਸ਼ ਹੋਣ ਲਈ ਆਖਿਆ

**ਪਟਿਆਲਾ/ ਏ. ਟੀ. ਨਿਊਜ਼:** ਸਥਾਨਕ ਅਦਾਲਤ ਨੇ ਰਾਸ਼ਟਰੀ ਸਿੱਖ ਸੰਗਤ ਦੇ ਸਾਬਕਾ ਪ੍ਰਧਾਨ ਰੁਲਦਾ ਸਿੰਘ ਕਤਲ ਕੇਸ ਦੀ ਅਗਲੀ ਸੁਣਵਾਈ 22, 23, 24 ਜਨਵਰੀ ਦੌਰਾਨ ਪਟਿਆਲਾ ਪੁਲਿਸ ਨੂੰ ਇਸ ਕੇਸ ਦੇ ਰਹਿੰਦੇ ਗਵਾਹਾਂ ਨੂੰ ਪੇਸ਼ ਕਰਨ ਲਈ ਆਖਿਆ ਹੈ। ਅਦਾਲਤ ਨੇ ਇਸ ਕੇਸ ਵਿਚ ਗਵਾਹੀਆਂ ਹੋਣ ਤੋਂ ਰਹਿੰਦੇ ਐੱਸ.ਪੀ. ਰਜਿੰਦਰ ਸਿੰਘ ਸੋਹਲ, ਇੰਸਪੈਕਟਰ ਸ਼ਮਿੰਦਰ ਸਿੰਘ, ਡੀ.ਐੱਸ.ਪੀ. ਰਾਜ ਕਪੂਰ, ਭੁਪਿੰਦਰ ਸਿੰਘ, ਹਰੀ ਹਰਪਾਲ, ਸਰਬਦੀਪ ਸਿੰਘ ਨੂੰ ਇਨਾਂ ਤਰੀਕਾਂ 'ਤੇ ਪੇਸ਼ ਹੋਣ ਲਈ ਆਖਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਰਮਨਦੀਪ ਗੋਲਡੀ ਤੇ ਭਾਈ ਜਗਤਾਰ ਸਿੰਘ ਤਾਰਾ ਦੇ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਰੁਲਦਾ ਸਿੰਘ ਕਤਲ ਕੇਸ ਵਿਚ ਪਟਿਆਲਾ ਪੁਲਿਸ ਰਮਨਦੀਪ ਸਿੰਘ ਗੋਲਡੀ ਤੇ ਭਾਈ ਜਗਤਾਰ ਸਿੰਘ ਤਾਰਾ ਨੂੰ ਬਾਹਰੋਂ ਗ੍ਰਿਫ਼ਤਾਰ ਕਰਕੇ ਲੈ ਕੇ ਆਈ ਅਤੇ ਤੀਜੇ ਵਿਅਕਤੀ ਪਰਮਜੀਤ ਸਿੰਘ ਪੰਮੇ ਨੂੰ ਪੁਰਤਗਾਲ ਪੁਲਿਸ ਨੇ ਪਟਿਆਲਾ ਪੁਲਿਸ ਦੇ ਹਵਾਲੇ ਨਹੀਂ ਕੀਤਾ। ਸੋਢੀ ਨੇ ਆਖਿਆ ਕਿ ਗੋਲਡੀ ਪੰਜ ਸਾਲ ਤੋਂ ਜੇਲ ਵਿਚ ਬੰਦ ਹੈ। ਪਟਿਆਲਾ ਪੁਲਿਸ ਇਸ ਕੇਸ ਦੀ ਹਰ ਪੇਸ਼ੀ 'ਤੇ ਕੋਈ ਨਵਾਂ ਬਹਾਨਾ ਬਣਾ ਕੇ ਕੇਸ ਦੇ ਨਿਪਟਾਰੇ ਵਿਚ ਦੇਰੀ ਕਰ ਰਹੀ ਹੈ। ਇਸ ਸਬੰਧੀ ਅਦਾਲਤ ਵਲੋਂ ਐੱਸ.ਐੱਸ.ਪੀ. ਪਟਿਆਲਾ ਨੂੰ ਵੀ ਲਿਖਿਆ ਜਾ ਚੁੱਕਿਆ ਹੈ।

# ਗੁੜੀਆ ਬਲਾਤਕਾਰ ਮਾਮਲੇ 'ਚ ਦੋ ਦੋਸ਼ੀ ਕਰਾਰ

**ਨਵੀਂ ਦਿੱਲੀ/ ਏ. ਟੀ. ਨਿਊਜ਼:** ਦਿੱਲੀ ਦੇ ਬਹੁ-ਚਰਚਿਤ ਗੁੜੀਆ ਸਮੂਹਿਕ ਜਬਰ ਜਨਾਹ ਮਾਮਲੇ ਵਿਚ ਅਦਾਲਤ ਨੇ ਮੁਲਜ਼ਮ ਪ੍ਰਦੀਪ ਕੁਮਾਰ ਅਤੇ ਮਨੋਜ ਸ਼ਾਹ ਨੂੰ ਦੋਸ਼ੀ ਕਰਾਰ ਦਿੱਤਾ ਹੈ। ਹਾਲਾਂਕਿ ਅਦਾਲਤ ਨੇ 30 ਜਨਵਰੀ ਨੂੰ ਸਜ਼ਾ ਸੁਣਾਉਣ ਦੀ ਗੱਲ ਕਹੀ ਹੈ। ਦਿੱਲੀ ਦੇ ਗਾਂਧੀਨਗਰ ਇਲਾਕੇ ਵਿਚ ਸਿਰਫ਼ 5 ਸਾਲ ਦੀ ਬੱਚੀ ਨੂੰ ਅਗਵਾ ਕਰਕੇ ਸਮੂਹਿਕ ਜਬਰ ਜਨਾਹ ਦੀ ਘਿਨਾਉਣੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਕੜਕੜਡੂਮਾ ਕੋਰਟ ਵਿਚ ਦੋਸ਼ੀ ਕਰਾਰ ਦਿੱਤੇ ਗਏ ਮਨੋਜ ਸ਼ਾਹ ਅਤੇ ਪ੍ਰਦੀਪ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਲਾਪਤਾ ਹੋ ਗਏ ਸਨ ਜਿਨਾਂ ਨੂੰ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਦਸੰਬਰ 2012 ਵਿਚ ਨਿਰਭੈਆ ਸਮੂਹਿਕ ਜਬਰ ਜਨਾਹ ਦੀ ਘਟਨਾ ਤੋਂ ਸਿਰਫ਼ ਚਾਰ ਮਹੀਨਿਆਂ ਬਾਅਦ ਹੀ ਦਿੱਲੀ ਵਿਚ ਹੋਈ ਇਸ ਘਟਨਾ ਨੂੰ ਲੈ ਕੇ ਲੋਕਾਂ ਵਿਚ ਕਾਫ਼ੀ ਗੁੱਸਾ ਦੇਖਣ ਨੂੰ ਮਿਲਿਆ ਸੀ। ਕਈ ਦਿਨਾਂ ਤੱਕ ਮਾਸੂਮ ਗੁੜੀਆ ਦੀ ਹਾਲਤ ਨਾਜ਼ੁਕ ਬਣੀ ਰਹੀ ਸੀ। ਬੇਹੱਦ ਮੁਸ਼ਕਿਲ ਨਾਲ ਬੱਚੀ ਦੀ ਜਾਨ ਬਚਾਈ ਜਾ ਸਕੀ ਸੀ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਪਾਕਿਸਤਾਨ ਵਿਸਾਖੀ ਮੌਕੇ ਜਾਵੇਗਾ 3000 ਸਿੱਖ ਸ਼ਰਧਾਲੂਆਂ ਦਾ ਜਥਾ

**ਨਵੀਂ ਦਿੱਲੀ/ਏ ਟੀ ਨਿਊਜ਼:** ਇਸ ਸਾਲ ਵਿਸਾਖੀ ਮੌਕੇ ਪੂਰੇ ਦੇਸ਼ ਦੇ ਤਿੰਨ ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਦੇ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਕਰਨ ਲਈ ਜਾਵੇਗਾ। ਇਸ ਜਥੇ ਵਿਚ ਪੰਜਾਬ ਤੋਂ ਸਭ ਤੋਂ ਵੱਧ 1800, ਦਿੱਲੀ ਤੋਂ 550 ਤੇ ਹਰਿਆਣਾ ਤੋਂ 200 ਸਿੱਖ ਸ਼ਰਧਾਲੂ ਸ਼ਾਮਿਲ ਹੋਣਗੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ 12 ਅਪ੍ਰੈਲ ਨੂੰ ਅਟਾਰੀ ਸਰਹੱਦ ਤੋਂ ਵਿਸ਼ੇਸ਼ ਰੇਲ ਗੱਡੀ ਰਾਹੀਂ ਜਥਾ ਗੁਰਦੁਆਰਾ ਪੰਜਾ ਸਾਹਿਬ ਪਹੁੰਚੇਗਾ, ਜਿਥੇ 13 ਤੇ 14 ਅਪ੍ਰੈਲ ਨੂੰ ਵਿਸਾਖੀ ਪੁਰਬ ਮਨਾਉਣ ਤੋਂ ਬਾਅਦ ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਡੇਰਾ ਸਾਹਿਬ ਲਾਹੌਰ, ਗੁਰਦੁਆਰਾ ਰੋੜੀ ਸਾਹਿਬ ਅਮੀਨਾਬਾਦ, ਗੁਰਦੁਆਰਾ ਕਰਤਾਰਪੁਰ ਸਾਹਿਬ ਨਾਰੋਵਾਲ, ਜਨਮ ਸਥਾਨ ਗੁਰੂ ਰਾਮਦਾਸ ਜੀ, ਸ਼ਾਹੀ ਕਿਲਾ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਦੇ ਦਰਸ਼ਨ ਕਰਦੇ ਹੋਏ 21 ਅਪ੍ਰੈਲ ਨੂੰ ਲਾਹੌਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇਗਾ।

# ਮੌਂਟਕਲੇਅਰ ਸਟੇਟ ਯੂਨੀਵਰਸਿਟੀ ਅਟਾਰਨੀ ਜਨਰਲ ਗੁਰਬੀਰ ਗਰੇਵਾਲ ਨੂੰ ਆਨਰੇਰੀ ਡਿਗਰੀ ਪ੍ਰਦਾਨ ਕਰੇਗੀ

**ਨਿਊਜਰਸੀ/ਰਾਜ ਗੋਗਨਾ :** ਮੌਂਟਕਲੇਅਰ ਸਟੇਟ ਯੂਨੀਵਰਸਿਟੀ ਨਿਊਜਰਸੀ ਦੇ ਪਹਿਲੇ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਨੂੰ ਆਨਰੇਰੀ ਡਿਗਰੀ ਦੇਵੇਗੀ। ਸ: ਗਰੇਵਾਲ ਨੂੰ ਜਨਵਰੀ 2020 ਦੇ ਗ੍ਰੈਜੂਏਟ ਸਕੂਲ ਆਰੰਭ ਸਮਾਰੋਹ ਵਿਚ ਆਨਰੇਰੀ ਡਿਗਰੀ ਪ੍ਰਾਪਤ ਕਰਨਗੇ।ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗਰੇਵਾਲ ਗ੍ਰੈਜੂਏਟ ਕਲਾਸ ਨੂੰ ਮੁੱਖ ਭਾਸ਼ਣ ਦੇਵੇਗਾ ਅਤੇ ਨਿਊਜਰਸੀ ਪਰਫਾਰਮਿੰਗ ਆਰਟਸ ਸੈਂਟਰ ਵਿਖੇ ਇਕ ਆਨਰੇਰੀ ਡਾਕਟਰ ਆਫ਼ ਲਾਅ ਦੀ ਡਿਗਰੀ ਪ੍ਰਾਪਤ ਕਰਨਗੇ।ਮੌਂਟਕਲੇਅਰ ਸਟੇਟ ਯੂਨੀਵਰਸਿਟੀ ਦੇ ਅਨੁਸਾਰ ਗਰੇਵਾਲ ਦੇ ਕੈਰੀਅਰ ਵਿੱਚ 15 ਸਾਲਾਂ ਤੋਂ ਵੱਧ ਜਨਤਕ ਸੇਵਾ ਸ਼ਾਮਲ ਹੈ। ਅਤੇ ਸਾਲ 2018 ਵਿੱਚ ਅਟਾਰਨੀ ਜਨਰਲ ਬਣਨ ਤੋਂ ਬਾਅਦ ਤੋਂ, ਉਹ ਭਾਰਤੀ ਅਮਰੀਕੀ ਅਟਾਰਨੀ ਨੇ ਪੁਖਤਾ ਮੁਕੱਦਮੇਬਾਜ਼ੀ ਦਾ ਵਿਸਥਾਰ ਕਰਕੇ, ਪੁਲਿਸ-ਕਮਿਊਨਟੀ ਦੇ ਸਬੰਧਾਂ ਨੂੰ ਮਜ਼ਬੂਤ ਕਰਨ, ਹਿੰਸਕ ਅਪਰਾਧ ਨੂੰ ਘਟਾਉਣ ਅਤੇ ਨਿਊਜਰਸੀ ਸੂਬੇ ਦੇ ਅਫੀਮਾਈਡ ਮਹਾਂਮਾਰੀ ਵਿਰੁੱਧ ਲੜਨ ਨਾਲ ਵਸਨੀਕਾਂ ਦੇ ਹਿੱਤਾਂ ਦੀ ਰਾਖੀ ਕਰਨ 'ਤੇ ਧਿਆਨ ਕੇਂਦਰਤ ਕੀਤਾ ਹੈ।ਜਿਕਰਯੋਗ ਹੈ ਕਿ ਉਹ ਪਹਿਲਾਂ ਬਰਗੇਨ ਕਾਉਂਟੀ ਦੇ ਵਕੀਲ ਸੀ। ਇਸ ਭੂਮਿਕਾ ਵਿੱਚ, ਉਹਨਾਂ ਦੀਆਂ ਪ੍ਰਾਪਤੀਆਂ ਵਿੱਚ ਆਪ੍ਰੇਸ਼ਨ ਹੈਲਪਿੰਗ ਹੈਂਡ ਲਾਗੂ ਕਰਨਾ ਵੀ ਸ਼ਾਮਲ ਹੈ, ਜਿਸ ਵਿਚ ਹੈਰੋਇਨ ਅਤੇ ਓਪੀਓਡ ਸੰਕਟ ਨਾਲ ਲੜਨ ਵਿਚ ਸਹਾਇਤਾ ਲਈ ਗ੍ਰਿਫਤਾਰ ਕੀਤੇ ਜਾਣ ਤੇ ਹੇਠਲੇ ਪੱਧਰ ਦੇ ਨਸ਼ੀਲੇ ਪਦਾਰਥ ਅਪਰਾਧੀਆਂ ਦੇ ਇਲਾਜ ਦੇ ਵਿਕਲਪ ਪੇਸ਼ ਕੀਤੇ ਜਾਂਦੇ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਹਨਾਂ ਨੇ ਕਮਿਊਨਟੀ ਅਫੇਅਰਜ਼ ਯੂਨਿਟ ਦੀ ਸਥਾਪਨਾ ਸਥਾਨਕ ਪੁਲਿਸ ਵਿਭਾਗਾਂ ਨਾਲ ਭਾਈਚਾਰਕ ਸਬੰਧਾਂ ਨੂੰ ਬਹੁਤ ਹੀ ਬਿਹਤਰ ਬਣਾਉਣ ਲਈ ਕੀਤੀ ਹੈ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



# ਨੀਟਾ ਮਾਛੀਕੇ ਦੀ ਪੁਸਤਕ 'ਮਨੁੱਖ ਦੀ ਮੌਤ' ਪੰਜਾਬ ਵਿੱਚ ਲੋਕ ਅਰਪਿਤ

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆ:** ਵਿਦੇਸ਼ਾਂ ਵਿੱਚ ਰਹਿੰਦਾ ਸਮੁੱਚਾ ਪੰਜਾਬੀ ਭਾਈਚਾਰਾ ਆਪਣੀ ਮਾਂ ਬੋਲੀ ਪ੍ਰਤੀ ਹਮੇਸਾ ਹੀ ਚਿੰਤਤ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਪੰਜਾਬੀ ਭਾਸ਼ਾ ਵਿਦੇਸ਼ੀ ਸਕੂਲਾ ਵਿੱਚ ਮਾਨਤਾ ਪ੍ਰਾਪਤ ਕਰ ਚੁੱਕੀ ਹੈ ਅਤੇ ਬਹੁਤ ਸਾਰੇ ਪ੍ਰਵਾਸੀ ਲੇਖਕ ਇਸਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਹਨ। ਇਸੇ ਹੀ ਮਾਣ ਵਧਾਉਦੇ ਹੋਏ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਫਰਿਜ਼ਨੋ ਵਿਖੇ ਰਹਿੰਦੇ ਹੋਏ ਲੇਖਕ ਅਤੇ ਪੱਤਰਕਾਰ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਵੱਲੋਂ ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਦੀ ਸੰਪਾਦਤ ਪੁਸਤਕ ਆਪਣੀ ਪੰਜਾਬ ਫੇਰੀ ਦੌਰਾਨ ਬੀਤੇ ਦਿਨੀ 'ਮਨੁੱਖ ਦੀ ਮੌਤ 'ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਜਵਾਹਰ ਸਿੰਘ ਵਾਲਾ ਵਿਖੇ ਲੋਕ ਅਰਪਿਤ ਕੀਤੀ ਗਈ। ਇਸ ਸਮੇਂ ਐਸ. ਡੀ. ਐਮ. ਅਤੇ ਸਾਹਿੱਤਕਾਰ ਰਾਮ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੰਜਾਬੀ ਲੇਖਕ ਸਭਾ ਨਿਹਾਲ ਸਿੰਘ ਵਾਲਾ ਦੇ ਸਹਿਯੋਗ ਨਾਲ ਕਰਵਾਏ ਗਏ ਪੁਸਤਕ ਜਾਰੀ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਐਸ.ਡੀ.ਐਮ. ਰਾਮ ਸਿੰਘ, ਪ੍ਰਿੰਸੀਪਲ ਡਾ. ਕੁਲਦੀਪ ਸਿੰਘ, ਮਾਸਟਰ ਦਰਬਾਰਾ ਸਿੰਘ, ਗੁਰਿੰਦਰਜੀਤ ਨੀਟਾ ਮਾਛੀਕੇ, ਪ੍ਰਿੰਸੀਪਲ ਅਮਨਦੀਪ ਵਾਤਿਸ਼ ਅਤੇ ਸਭਾ ਦੇ ਪ੍ਰਧਾਨ ਰਾਜਵਿੰਦਰ ਰੌਂਤਾ ਸੁਸ਼ੋਭਤ ਸਨ। ਪ੍ਰਸਿੱਧ ਗਾਇਕ ਕੁਲਦੀਪ ਭੱਟੀ ਦੇ ਚਰਚਿਤ ਗੀਤ, ਪੁੱਤਰੋ ਪੰਜਾਬੀਓ ਪੰਜਾਬੀ ਨਾ ਭੁਲਾਇਓ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਪ੍ਰੋ ਬੇਅੰਤ ਬਾਜਵਾ, ਪ੍ਰਿੰਸੀਪਲ ਡਾ ਕੁਲਦੀਪ ਸਿੰਘ ਕਲਸੀ, ਮੰਗਲਮੀਤ ਪੱਤੋ ਨੇ ਗੁਰਿੰਦਰਜੀਤ ਨੀਟਾ ਮਾਛੀਕੇ ਨੂੰ ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਨੂੰ ਸੰਪਾਦਤ ਕਰਕੇ ਪੁਸਤਕ ਛਾਪਣ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਦਾ ਆਪਣੀ ਮਾਂ ਬੋਲੀ ਤੇ ਜ਼ੁਬਾਨ ਨੂੰ ਚੜਦੀ ਕਲਾ ਵਿੱਚ ਰੱਖਣ ਲਈ ਇਹ ਸਾਰਥਿਕ ਯਤਨ ਹੈ। ਮੋਬਾਇਲ ਯੁੱਗ ਵਿੱਚ ਪੁਸਤਕ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰਨ ਦੀ ਵਿਸੇਸ਼ ਲੋੜ ਹੈ। ਇਹ ਗੁਣ ਨੀਟਾ ਵਰਗੇ ਥੋੜੇ ਬੰਦਿਆਂ ਹਿੱਸੇ ਆਉਂਦਾ ਹੈ। ਸਟੇਜ ਸੰਚਾਲਕ ਰਾਜਵਿੰਦਰ ਰੌਂਤਾ ਨੇ ਦੱਸਿਆ ਕਿ ਗੁਰਿੰਦਰਜੀਤ ਨੀਟਾ ਮਾਛੀਕੇ ਫ਼ਰਿਜ਼ਨੋ ਵਿੱਚ ਵੀ ਪੱਤਰਕਾਰਤਾ ਤੇ ਸਾਹਿਤ ਕਲਾ ਰਾਹੀਂ ਪੰਜਾਬੀ ਮਾਂ ਬੋਲੀ ਦਾ ਪਸਾਰ ਕਰ ਰਹੇ ਹਨ। ਆਪਣੇ ਵਤਨ ਆ ਕੇ ਵੀ ਪੰਜਾਬੀ ਦੇ ਪ੍ਰਚਾਰ ਪਸਾਰ ਵਿੱਚ ਯੋਗਦਾਨ ਪਾਉਂਦੇ ਰਹਿੰਦੇ ਹਨ। ਪ੍ਰਿੰਸੀਪਲ ਅਮਨਦੀਪ ਵਾਤਿਸ਼ ਨੇ ਪੁੱਜੀਆਂ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦੇ ਸਾਹਿਤਕ ਸਮਾਗਮ ਨਾਲ ਵਿਦਿਆਰਥੀਆਂ ਵਿੱਚ ਪੁਸਤਕਾਂ ਪੜਨ ਦੀ ਲਗਨ ਹੋਰ ਵਧੇਗੀ ਵਿਦਵਾਨਾਂ ਦੇ ਵਿਚਾਰ ਮੋਮ ਵਰਗੇ ਮਨਾਂ ਤੇ ਕੁੱਝ ਹੋਰ ਲਿਖਣ ਪੜਨ ਲਈ ਬੋਲ ਦਸਤਕ ਦੇਣਗੇ। ਇਸ ਦੌਰਾਨ ਸਾਹਿਬਦੀਪ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਤ ਅਤੇ ਗੁਰਿੰਦਰਜੀਤ ਨੀਟਾ ਮਾਛੀਕੇ ਵੱਲੋਂ ਸੰਪਾਦਤ ਪੁਸਤਕ ,'ਮਨੁੱਖ ਦੀ ਮੌਤ' ਪ੍ਰਧਾਨਗੀ ਮੰਡਲ ਵੱਲੋਂ ਜਾਰੀ ਕੀਤੀ ਗਈ। ਨੀਟਾ ਮਾਛੀਕੇ ਨੇ ਕਿਹਾ ਕਿ ਮੈਨੂੰ ਪੜਾਈ ਦੌਰਾਨ ਹੀ ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਨੇ ਪ੍ਰਭਾਵਤ ਕੀਤਾ ਸੀ । ਅਣਖੀ ਦੀਆਂ ਕਹਾਣੀਆਂ ਲੋਕ ਮਨਾਂ ਤੇ ਪੇਂਡੂ ਪਿਛੋਕੜ ਨਾਲ ਜੁੜੀਆਂ ਹੋਈਆਂ ਹਨ ਮੈਂ ਤਾਂ ਮਾਂ ਬੋਲੀ ਪੰਜਾਬੀ ਪ੍ਰਤੀ ਆਪਣਾ ਫ਼ਰਜ਼ ਅਦਾ ਕੀਤਾ ਹੈ। ਮਾਂ ਦੇ ਦੁੱਧ ਦਾ ਕਰਜ਼ ਉਤਾਰਨ ਦਾ ਯਤਨ ਕਰ ਰਿਹਾ ਹਾਂ। ਮੁੱਖ ਮਹਿਮਾਨ ਰਾਮ ਸਿੰਘ ਐਸਡੀਐਮ ਨੇ ਨੀਟਾ ਮਾਛੀਕੇ ,ਸਕੂਲ ਪ੍ਰਬੰਧਕਾਂ ਤੇ ਪੰਜਾਬੀ ਲੇਖਕ ਸਭਾ ਨੂੰ ਮੁਬਾਰਕ ਬਾਦ ਕਹਿੰਦਿਆਂ ਕਿਹਾ ਕਿ ਸਾਹਿਤ ਰੂਹ ਦੀ ਖੁਰਾਕ ਹੁੰਦੀ ਹੈ ਤੇ ਜੋ ਜੀਵਨ ਵਿੱਚ ਚਾਨਣ ਵੰਡਦਾ ਹੈ। ਅਣਖੀ ਦੀਆਂ ਕਹਾਣੀਆਂ ਅੱਜ ਵੀ ਅਤਿ ਮਹੱਤਵਪੂਰਨ ਹਨ। ਉਹਨਾਂ ਬੱਚਿਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਦਿਆਂ ਕਿਹਾ ਕਿ ਲਿਆਕਤ ਦਾ ਪੜਾਈ ਦਾ ਮੁੱਲ ਪੈਂਦਾ ਹੈ । ਪੜ ਕੇ ਹੀ ਮੰਜ਼ਿਲ ਪਾਈ ਜਾਂਦੀ ਹੈ। ਹੌਂਸਲਾ ਨਹੀਂ ਹਾਰਨਾ ਚਾਹੀਦਾ। ਗਾਇਕ ਜੀਤ ਜਗਜੀਤ ਨੇ ਮੈਂ ਤੇਰੇ ਕੁਰਬਾਨ ਕਾਫ਼ੀ ਪੇਸ਼ ਕੀਤੀ। ਇਸ ਸਮੇਂ ਡਾ ਸਿਮਰਜੀਤ ਧਾਲੀਵਾਲ, ਐਡਵੋਕੇਟ ਰਾਜੇਸ਼ ਸ਼ਰਮਾ,ਕਵੀ ਸੁਤੰਤਰ ਰਾਏ,ਡਾ ਗੁਰਮੇਲ ਮਾਛੀਕੇ,ਰਣਜੀਤ ਬਾਵਾ,ਮਿੱਟੂ ਖੁਰਮੀ,ਬਲਵਿੰਦਰ ਸਮਰਾ,ਕਰਨ ਭੀਖੀ,ਮਾ ਦਵਿੰਦਰ ਸਿੰਘ ਰੰਗਕਰਮੀ, ਮਾ ਖੋਸਾ,ਅੰਮ੍ਰਿਤਪਾਲ ਸੈਦੋ,ਤੇਜਵੰਤ ਬਿਲਾਸਪੁਰ ਕਨੇਡਾ,ਸਤਪਾਲ ਭਾਗੀਕੇ, ਜੁਗਿੰਦਰਸਿੰਘ, ਸਰਬਜੀਤ ਰੌਲੀ ਆਦਿ ਸਾਹਿਤ ਪ੍ਰੇਮੀ ਹਾਜ਼ਰ ਸਨ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਨੀਟਾ ਮਾਛੀਕੇ ਇਸ ਤੋਂ ਪਹਿਲਾ ਵੀ ਤਿੰਨ ਪੁਸਤਕਾ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕਿਆ ਹੈ। ਇਹ ਉਸ ਦੀ ਚੌਥੀ ਪੁਸਤਕ ਹੈ। ਜੋ ਬਹੁਤ ਜਲਦ ਅਮਰੀਕਾ ਵਿੱਚ ਵੀ ਰਸਮੀਂ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਜਾਵੇਗੀ।



ਫੋਟੋ: ਪੁਸਤਕ ਲੋਕ ਅਰਪਣ ਕਰਨ ਸਮੇਂ ਪੱਤਵੰਤੇ ਸੱਜਣ।

# ਡਰੱਗ ਟੈਸਟ 'ਚ ਪਾਸ ਹੀ ਵਿਦੇਸ਼ਾਂ 'ਚ ਖੇਡ ਸਕਣਗ ਕਬੱਡੀ: ਗਾਖ਼ਲ, ਰੰਧਾਵਾ

ਜਲੰਧਰ (ਬਿਓਰੋ) - ਮੇਜਰ ਲੀਗ ਕਬੱਡੀ ਫੈਡਰੇਸ਼ਨ ਦੀ ਇਕ ਅਹਿਮ ਮੀਟਿੰਗ ਅੱਜ ਜਲੰਧਰ ਦੇ ਰਮਾਡਾ ਹੋਟਲ 'ਚ ਮੁੱਖ ਸਪਾਂਸਰ ਅਮੋਲਕ ਸਿੰਘ ਗਾਖਲ ਤੇ ਸੇਵਾ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਮੰਗੀ ਬੱਗਾ ਪਿੰਡ, ਟੋਨੀ ਰੁੜਕਾ, ਹਰਜਿੰਦਰ ਸਿੰਘ ਲਿੱਦੜ, ਨੱਥਾ ਸਿੰਘ ਗਾਖ਼ਲ, ਨਿਰਮਲ ਸਿੰਘ ਗਾਖ਼ਲ ਅਤੇ ਜਸਕਰਨ ਸਿੰਘ ਗਾਖਲ ਸ਼ਾਮਿਲ ਹੋਏ। ਮੀਟਿੰਗ ਉਪਰੰਤ ਸ. ਅਮੋਲਕ ਸਿੰਘ ਗਾਖ਼ਲ ਅਤੇ ਸੇਵਾ ਸਿੰਘ ਰੰਧਾਵਾ ਨੇ ਕਿਹਾ ਕਿ ਡਰੱਗ ਟੈਸਟਾਂ ਵਿਚੋਂ ਪਾਸ ਹੋਣ ਵਾਲੇ ਖਿਡਾਰੀ ਹੀ ਵਿਦੇਸ਼ਾਂ ਦੇ ਟੂਰਨਾਮੈਂਟ ਖੇਡ ਸਕਣਗੇ। ਉਨਾਂ ਕਿਹਾ ਕਿ ਕਬੱਡੀ ਦੀਆਂ ਸਾਰੀਆਂ ਫੈਡਰੇਸ਼ਨਾਂ ਨੂੰ ਡਰੱਗ ਦੇ ਮੱਦੇ 'ਤੇ ਇਕੱਠੇ ਹੋਣਾ ਚਾਹੀਦਾ ਹੈ। ਇਸ ਮੌਕੇ ਸ. ਅਮੋਲਕ ਸਿੰਘ ਗਾਖਲ ਨੇ ਮੇਜਰ ਲੀਗ ਕਬੱਡੀ ਫੈਡਰੇਸ਼ਨ ਨੂੰ 3 ਲੱਖ ਰੁਪਏ ਦਾ ਚੈੱਕ ਵੀ ਭੇਂਟ ਕੀਤਾ।

# ਅਸੀਂ ਕਸ਼ਮੀਰ ਵਿਚ ਰੈਫਰੈਂਡਮ ਕਰਾਉਣ ਲਈ ਤਿਆਰ ਹਾਂ: ਇਮਰਾਨ ਖਾਨ

**ਇਸਲਾਮਾਬਾਦ/ ਏ. ਟੀ. ਨਿਊਜ਼:** ਆਪਣੇ ਦਲੇਰਾਨਾ ਫੈਸਲਿਆਂ ਲਈ ਜਾਣੇ ਜਾਂਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਐਲ਼ਾਨ ਕੀਤਾ ਹੈ ਕਿ ਕਸ਼ਮੀਰੀ ਲੋਕਾਂ ਦੇ ਰਾਜਨੀਤਕ ਭਵਿੱਖ ਦਾ ਫੈਸਲਾ ਉਨਾਂ ਦੇ ਹੱਥ ਦੇਣ ਲਈ ਉਹ ਪਾਕਿਸਤਾਨ ਦੇ ਪ੍ਰਬੰਧ ਹੇਠਲੇ ਕਸ਼ਮੀਰ ਵਿਚ ਰੈਫਰੈਂਡਮ (ਰਾਇਸ਼ੁਮਾਰੀ) ਕਰਾਉਣ ਲਈ ਤਿਆਰ ਹਨ।



ਇਮਰਾਨ ਖਾਨ ਨੇ ਕਿਹਾ ਕਿ ਉਨਾਂ ਦਾ ਦੇਸ਼ ਪਾਕਿਸਤਾਨ ਪ੍ਰਬੰਧ ਹੇਠਲੇ ਕਸ਼ਮੀਰ ਵਿਚ ਰਾਇਸ਼ੁਮਾਰੀ ਕਰਾਉਣ ਲਈ ਤਿਆਰ ਹੈ ਤਾਂ ਕਿ ਕਸ਼ਮੀਰ ਦੇ ਲੋਕ ਖੁਦ ਫੈਸਲਾ ਕਰ ਸਕਣ ਕਿ ਉਹ ਪਾਕਿਸਤਾਨ ਨਾਲ ਰਹਿਣਾ ਚਾਹੁੰਦੇ ਹਨ ਜਾਂ ਅਜ਼ਾਦ ਹੋਣਾ ਚਾਹੁੰਦੇ ਹਨ।

ਇੱਕ ਟੀ.ਵੀ. ਚੈਨਲ ਨੂੰ ਇੰਟਰਵਿਊ ਦਿੰਦਿਆਂ ਇਮਰਾਨ ਖਾਨ ਨੇ ਕਿਹਾ, 'ਸਭ ਤੋਂ ਵਧੀਆ ਗੱਲ ਹੈ ਕਿ ਕਸ਼ਮੀਰ ਦੇ ਲੋਕ ਖੁਦ ਫੈਸਲਾ ਕਰਨ। ਪਾਕਿਸਤਾਨ ਹੇਠਲੇ ਕਸ਼ਮੀਰ ਅਤੇ ਭਾਰਤ ਹੇਠਲੇ ਕਸ਼ਮੀਰ ਦੇ ਲੋਕ। ਪਾਕਿਸਤਾਨ ਕਸ਼ਮੀਰ ਦੇ ਲੋਕਾਂ ਨੂੰ ਰੈਫਰੈਂਡਮ ਜਾਂ ਪਲੈਬੀਸਾਈਟ ਰਾਹੀਂ ਇਹ ਹੱਕ ਦੇਣ ਲਈ ਤਿਆਰ ਹੈ। ਉਨਾਂ ਨੂੰ ਫੈਸਲਾ ਕਰਨ ਦਈਏ ਕਿ ਉਹ ਪਾਕਿਸਤਾਨ ਨਾਲ ਰਹਿਣਾ ਚਾਹੁੰਦੇ ਹਨ ਜਾਂ ਅਜ਼ਾਦ ਹੋਣਾ ਚਾਹੁੰਦੇ ਹਨ। ਅਸੀਂ ਇਸ ਲਈ ਤਿਆਰ ਹਾਂ।'

ਪਾਕਿਸਤਾਨ ਦੇ ਪ੍ਰਬੰਧ ਹੇਠਲੇ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀ ਸਥਿਤੀ ਬਾਰੇ ਪੁੱਛਣ 'ਤੇ ਉਨਾਂ ਕਿਹਾ ਕਿ ਦੁਨੀਆ ਦੇ ਕਿਸੇ ਵੀ ਖਿੱਤੇ ਤੋਂ ਕੋਈ ਵੀ ਵਿਅਕਤੀ ਇੱਥੇ ਆ ਕੇ ਦੇਖ ਸਕਦਾ ਹੈ। ਉਨਾਂ ਕਿਹਾ ਕਿ ਇੱਥੇ ਦੇਖਣ ਮਗਰੋਂ ਉਹ ਭਾਰਤ ਹੇਠਲੇ ਕਸ਼ਮੀਰ ਵਿਚ ਵੀ ਜਾਣ। ਉਨਾਂ ਨੂੰ ਫਰਕ ਪਤਾ ਲੱਗ ਜਾਵੇਗਾ। ਉਨਾਂ ਨੂੰ ਭਾਰਤ ਹੇਠਲੇ ਕਸ਼ਮੀਰ ਵਿਚ ਜਾਣ ਹੀ ਨਹੀਂ ਦੇਣਗੇ।

ਇਮਰਾਨ ਨੇ ਕਿਹਾ ਕਿ ਕਸ਼ਮੀਰ ਦੇ ਮਸਲੇ 'ਤੇ ਦੁਨੀਆ ਦੀ ਚੁੱਪ ਪਿੱਛੇ ਵਪਾਰਕ ਕਾਰਨ ਹਨ ਕਿਉਂਕਿ ਭਾਰਤ ਇਕ ਵੱਡੀ ਮੰਡੀ ਹੈ। ਪੱਛਮੀ ਨੀਤੀਵਾਨ, ਭਾਰਤ ਨੂੰ ਚੀਨ ਦੇ ਪ੍ਰਭਾਵ ਨੂੰ ਚੁਣੌਤੀ ਦੇਣ ਵਜੋਂ ਵੇਖਦੇ ਹਨ। ਇਸ ਲਈ ਕਸ਼ਮੀਰ ਬਾਰੇ ਉਨਾਂ ਦੀ ਪਹੁੰਚ ਬਿਲਕੁਲ ਵੱਖਰੀ ਨਜ਼ਰ ਪੈਂਦੀ ਹੈ।

ਇਮਰਾਨ ਨੇ ਕਿਹਾ ਕਿ ਉਹ ਭਾਰਤ ਨਾਲ ਰਿਸ਼ਤੇ ਸੁਧਾਰਨ ਲਈ ਹਰ ਤਰਾਂ ਦੀ ਕੋਸ਼ਿਸ਼ ਕਰ ਚੁੱਕੇ ਹਨ ਪਰ ਆਰ.ਐਸ.ਐਸ ਦੀ ਵਿਚਾਰਧਾਰਾ ਕਾਰਨ ਭਾਰਤ ਵੱਲੋਂ ਇਨਾਂ ਕੋਸ਼ਿਸ਼ਾਂ ਦਾ ਜਵਾਬ ਨਹੀਂ ਦਿੱਤਾ ਗਿਆ। ਇਮਰਾਨ ਨੇ ਕਿਹਾ ਕਿ ਭਾਰਤ ਉੱਤੇ ਨਸਲੀ ਕੱਟੜ ਵਿਚਾਰਧਾਰਾ ਦਾ ਕਬਜ਼ਾ ਹੋ ਚੁੱਕਿਆ ਹੈ, ਜਿਸ ਨੂੰ 'ਹਿੰਦੁਤਵਾ' ਕਹਿੰਦੇ ਹਨ। ਇਹ ਆਰ. ਐਸ.ਐਸ ਦੀ ਵਿਚਾਰਧਾਰਾ ਹੈ।

# ਢੇਸੀ ਪਰਿਵਾਰ ਨੂੰ ਅਸਹਿ ਸਦਮਾ

## ਮਾਤਾ ਮਹਿੰਦਰ ਕੌਰ ਢੇਸੀ ਨਹੀਂ ਰਹੇ

**ਡੈਲਸ/ ਏ. ਟੀ. ਨਿਊਜ਼:** ਫੋਰਟ ਵਰਥ ਵਿਚ ਵਸਦੇ ਪੰਜਾਬੀਆਂ ਨੂੰ ਪਿਛਲੇ ਸ਼ੁੱਕਰਵਾਰ 9 ਜਨਵਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਸ. ਗੁਰਮੇਲ ਸਿੰਘ ਢੇਸੀ ਅਤੇ ਹਰਜੀਤ ਸਿੰਘ ਢੇਸੀ ਜੋ ਕਿ ਡੈਲਸ ਫੋਰਟਵਰਥ ਪੰਜਾਬੀ ਕਮਿਊਨਿਟੀ ਵਿਚ ਨਾਮਵਰ ਮੈਂਬਰਾਂ ਵਜੋਂ ਜਾਣੇ ਜਾਂਦੇ ਹਨ, ਉਨਾਂ ਦੀ ਮਾਤਾ ਮਹਿੰਦਰ ਕੌਰ ਜੀ ਢੇਸੀ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ।
ਮਾਤਾ ਮਹਿੰਦਰ ਕੌਰ ਢੇਸੀ 1989 ਵਿਚ ਆਪਣੇ ਪਿੰਡ ਕੰਗ ਨਾਈਆਂ ਜ਼ਿਲਾ ਜਲੰਧਰ ਤੋਂ ਅਮਰੀਕਾ ਵਿਚ ਆਏ। ਉਸ ਸਮੇਂ ਤੋਂ ਉਹ ਅਮਰੀਕਾ ਵਿਚ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਉਨਾਂ ਦਾ ਮਿਠ ਬੋਲੜਾ ਸੁਭਾਅ, ਦੂਸਰਿਆਂ ਪ੍ਰਤੀ ਪਿਆਰ, ਸਤਿਕਾਰ ਹੀ ਸੀ ਜੋ ਕਿ ਹਰ ਇਕ ਨੂੰ ਆਪਣੇ ਵੱਲ ਖਿਚ ਲੈਂਦਾ ਸੀ। ਉਨਾਂ ਦਾ ਸੰਸਕਾਰ ਸ਼ਨਿਚਰਵਾਰ 25 ਜਨਵਰੀ ਨੂੰ flower Mound Family Funeral Home ਵਿਚ ਸਵੇਰੇ 10 ਵਜੇ ਤੋਂ 12 ਵਜੇ ਤੱਕ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 1 ਤੋਂ 3 ਵਜੇ ਹੋਵੇਗੀ।
ਹਰਜੀਤ ਸਿੰਘ ਢੇਸੀ ਅਮਰੀਕਾ ਦੇ ਪੰਜਾਬੀ ਮੀਡੀਆ ਨਾਲ ਕਾਫ਼ੀ ਦੇਰ ਤੋਂ ਸੇਵਾ ਕਰਦੇ ਆ ਰਹੇ ਹਨ।
ਗੁਰਮੇਲ ਸਿੰਘ ਢੇਸੀ 903-744-2131
ਹਰਜੀਤ ਸਿੰਘ ਢੇਸੀ 972-900-4680



# ਸ਼੍ਰੋਮਣੀ ਅਕਾਲੀ ਦਲ ਧਰਮ ਸੰਕਟ ’ਚ

## ਬਾਦਲ ਦਲ ਨੇ ਦਿੱਲੀ ’ਚ ਭਾਜਪਾ ਨਾਲ ਨਾਤਾ ਤੋੜਿਆ

**ਜਲੰਧਰ/ਸੁਰਿੰਦਰਪਾਲ ਸਿੰਘ ਗੋਲਡੀ:** ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਰਮਿਆਨ ਚੋਣ ਨਿਸ਼ਾਨ ਉਪਰ ਚੋਣਾਂ ਲੜਨ ਦੇ ਮੁੱਦੇ ’ਤੇ ਪਏ ਰੱਫੜ ਕਾਰਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਚੋਣਾਂ ਨਾ ਲੜਨ ਦਾ ਰਾਹ ਕੱਢ ਲਿਆ ਹੈ ਤੇ ਦਿੱਲੀ ਵਿਚ ਭਾਜਪਾ ਨਾਲ ਗੱਠਜੋੜ ਤੋੜਨ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਦਲ ਦੇ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਵਿੱਚ ਭਾਜਪਾ ਵੱਲੋਂ ਅਕਾਲੀ ਦਲ ਉਪਰ ਸਟੈਂਡ ਬਦਲਣ ਦਾ ਦਬਾਅ ਪਾਇਆ ਜਾ ਰਿਹਾ ਸੀ। ਉਨਾਂ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਦੇ ਮੁੱਦੇ ’ਤੇ ਵੀ ਦੋਵਾਂ ਧਿਰਾਂ ਵਿਚਾਲੇ ਸਖ਼ਤ ਵਿਚਾਰਕ ਮੱਤਭੇਦ ਹਨ, ਜਿਸ ’ਤੇ ਸ਼੍ਰੋਮਣੀ ਅਕਾਲੀ ਦਲ ਚਾਹੁੰਦਾ ਹੈ ਕਿ ਮੁਸਲਮਾਨਾਂ ਨੂੰ ਐਕਟ ਵਿੱਚ ਸ਼ਾਮਲ ਕੀਤਾ ਜਾਵੇ। ਪਰ ਭਾਜਪਾ ਇਸ ਲਈ ਤਿਆਰ ਨਹੀਂ ਹੈ। ਅਕਾਲੀ ਦਲ ਐੱਨਆਰਸੀ ਦੇ ਪੂਰੀ ਤਰਾਂ ਵਿਰੁੱਧ ਹੈ ਅਤੇ ਕਦੇ ਵੀ ਇਸ ਦਾ ਸਮਰਥਨ ਨਹੀਂ ਕਰ ਸਕਦਾ। ਇਸ ਮੌਕੇ ਸਿਰਸਾ ਨੇ ਉਨਾਂ ਅਟਕਲਾਂ ਨੂੰ ਖਾਰਜ ਕੀਤਾ ਕਿ ਭਾਜਪਾ ਨਾਲ ਸੀਟਾਂ ਦੀ ਵੰਡ ਨੂੰ ਲੈ ਕੇ ਫਾਰਮੂਲਾ ਸਵੀਕਾਰ ਨਾ ਹੋਣ ’ਤੇ ਪਾਰਟੀ ਨੇ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ।

ਦਿੱਲੀ ਭਾਜਪਾ ਦੇ ਪ੍ਰਧਾਨ ਮਨੋਜ ਤਿਵਾੜੀ ਨੇ ਇਸ ਸਬੰਧੀ ਕਿਹਾ ਕਿ ਚੋਣਾਂ ਨਾ ਲੜਨ ਸਬੰਧੀ ਅਕਾਲੀ ਦਲ ਦਾ ਆਪਣਾ ਫ਼ੈਸਲਾ ਹੈ। ਇਸ ਸਬੰਧੀ ਹੋਰ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਮਨੋਜ ਤਿਵਾੜੀ ਨੇ ਕਿਹਾ ਕਿ ਅਕਾਲੀ ਦਲ ਸਾਡੀਆਂ ਸਭ ਤੋਂ ਪੁਰਾਣੀਆਂ ਭਾਈਵਾਲ ਪਾਰਟੀਆਂ ਵਿਚੋਂ ਇਕ ਹੈ।

ਅਕਾਲੀ ਦਲ ਦੇ ਫ਼ੈਸਲੇ ’ਤੇ ਪ੍ਰਤੀਕਿਰਿਆ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਹੁਣ ਇਹ ਬਹਾਨੇ ਘੜ ਰਹੇ ਹਨ, ਅਸਲ ਵਿਚ ਬਰਗਾੜੀ ਤੇ ਬੇਅਦਬੀ ਮਾਮਲੇ ਤੋਂ ਬਾਅਦ ਭਾਜਪਾ ਨੂੰ ਸਮਝ ਆ ਗਈ ਸੀ ਕਿ ਜੇਕਰ ਅਕਾਲੀ ਦਲ ਨਾਲ ਗੱਠਜੋੜ ਕੀਤਾ ਤਾਂ ਸਿੱਖਾਂ ਦੀਆਂ ਵੋਟਾਂ ਨਹੀਂ ਮਿਲਣਗੀਆਂ। ਉਨਾਂ ਨੂੰ ਚੰਗੀ ਤਰਾਂ ਪਤਾ ਹੈ ਕਿ ਸਿੱਖ 1984 ਨਹੀਂ ਭੁੱਲਦੇ ਤਾਂ ਬੇਅਦਬੀ ਮਾਮਲਾ ਕਿਵੇਂ ਭੁੱਲ ਜਾਣਗੇ। ਸਰਨਾ ਨੇ ਕਿਹਾ ਕਿ ਇਹ ਬਹਾਨੇ ਘੜ ਰਹੇ ਹਨ ਜੇਕਰ ਇਨਾਂ ਵਿਚ ਗੈਰਤ ਹੁੰਦੀ ਤਾਂ ਇਕੱਲੇ ਲੜ ਕੇ ਸੀਟ ਜਿੱਤ ਕੇ ਵਿਖਾਉਂਦੇ।

ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਭਾਜਪਾ ਨੇ ਅਕਾਲੀ ਦਲ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਹੈ, ਇਸ ਤੋਂ ਮਾੜੀ ਹਾਲਤ ਅਕਾਲੀ ਦਲ ਦੀ ਹੋ ਨਹੀਂ ਸਕਦੀ। ਉਨਾਂ ਕਿਹਾ ਕਿ ਸੀ.ਏ.ਏ. ਮਾਮਲੇ ਵਿਚ ਅਕਾਲੀ ਦਲ ਪੂਰੀ ਤਰਾਂ ਝੂਠ ਬੋਲ ਕੇ ਆਪਣੀ ਫਜ਼ੀਹਤ ਹੋਣ ਤੋਂ ਬਚਾਉਣ ਦੇ ਬਹਾਨੇ ਘੜ ਰਿਹਾ ਹੈ। ਉਨਾਂ ਕਿਹਾ ਕਿ ਨਾਗਰਿਕਤਾ ਦੇ ਮੁੱਦੇ ’ਤੇ ਹਰਸਿਮਰਤ ਕੌਰ ਬਾਦਲ ਨੇ ਕੈਬਨਿਟ ਤੋਂ ਅਸਤੀਫ਼ਾ ਕਿਉਂ ਨਹੀਂ ਦਿੱਤਾ।

ਬਾਦਲ ਦਲ ਸਿਆਸੀ ਸੰਕਟ ’ਚ

ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਵਿਚ ਕਾਂਗਰਸੀ ਆਗੂਆਂ ਨੇ ਕਿਹਾ ਕਿ ਬਾਦਲ ਤੇ ਮਜੀਠੀਆ ਪਰਿਵਾਰ ਨੇ ਅਕਾਲੀ ਦਲ ਨੂੰ ‘ਖ਼ਾਲੀ ਦਲ’ ਬਣਾ ਦਿੱਤਾ। ਉਨਾਂ ਕਿਹਾ ਕਿ ਪੰਜਾਬ ਵਿਚ ਕਰਾਰੀ ਹਾਰ ਤੋਂ ਬਾਅਦ ਅਕਾਲੀ ਦਲ ਨੂੰ ਭਾਜਪਾ ਨੇ ਪਹਿਲਾਂ ਹਰਿਆਣਾ ਤੇ ਹੁਣ ਦਿੱਲੀ ਵਿਚ ਕੋਈ ਸੀਟ ਨਾ ਦੇ ਕੇ ਉਸ ਦੀ ਔਕਾਤ ਵਿਖਾ ਦਿੱਤੀ ਹੈ। ਕਾਂਗਰਸੀ ਆਗੂਆਂ ਨੇ ਸੁਖਬੀਰ ਦੇ ਅਕਾਲੀ ਦਲ ਨੂੰ ਕੌਮੀ ਪਾਰਟੀ ਬਣਾਉਣ ਦੇ ਦਾਅਵਿਆਂ ’ਤੇ ਚੁਟਕੀ ਲੈਂਦਿਆਂ ਕਿਹਾ ਕਿ ਅਕਾਲੀ ਦਲ ਦਾ ਪੰਜਾਬ, ਹਰਿਆਣਾ ਤੇ ਹੁਣ ਦਿੱਲੀ ਵਿਚ ਜੋ ਹਾਲ ਹੋਇਆ ਹੈ, ਉਸ ਲਿਹਾਜ਼ ਨਾਲ ਲੱਗਦਾ ਹੈ ਕਿ ਇਸ ਪਾਰਟੀ ਦਾ ਹੁਣ ਕੋਈ ਭਵਿੱਖ ਨਹੀਂ ਹੈ।

**✪ ਅਕਾਲੀ-ਭਾਜਪਾ ਗੱਠਜੋੜ ਟੁੱਟਣ ਦੀਆਂ ਸੰਭਾਵਨਾਵਾਂ ਬਣੀਆਂ**

**✪ ਟਕਸਾਲੀ ਅਕਾਲੀ ਦਲ ਢੀਂਡਸਾ ਦੀ ਅਗਵਾਈ ਦੇਣ ’ਚ ਦੇਣ ਲੱਗਾ ਚੁਣੌਤੀਆਂ**

ਸੌਵੇਂ ਸਾਲ ਵਿਚ ਦਾਖ਼ਲ ਹੋਇਆ ਸ਼੍ਰੋਮਣੀ ਅਕਾਲੀ ਦਲ ਬੁਰੀ ਤਰਾਂ ਧਰਮ ਸੰਕਟ ਵਿਚ ਫਸ ਚੁੱਕਾ ਹੈ। ਇਕ ਪਾਸੇ ਲਗਾਤਾਰ ਤੀਜੀ ਵਾਰ ਪਾਰਟੀ ਦੀ ਕਮਾਨ ਸੁਖਬੀਰ ਸਿੰਘ ਬਾਦਲ ਨੇ ਸੰਭਾਲੀ ਹੈ ਤੇ ਦੂਜੇ ਪਾਸੇ ਟਕਸਾਲੀ ਆਗੂਆਂ ਨੇ ਪਾਰਟੀ ਨੂੰ ਬਾਦਲ ਪਰਿਵਾਰ ਕੋਲੋਂ ਮੁਕਤ ਕਰਵਾਉਣ ਦਾ ਐਲਾਨ ਕੀਤਾ ਹੈ। ਅਕਾਲੀ ਦਲ ਨੂੰ ਬਾਦਲ ਪਰਿਵਾਰ ਵਿਚੋਂ ਕੱਢਣ ਦੀ ਮੰਗ ਕਰਨ ਵਾਲਿਆਂ ਵਿਚ ਉਹ ਨੇਤਾ ਵੀ ਸ਼ਾਮਲ ਹਨ ਜਿਹੜੇ ਖ਼ੁਦ ਪਰਿਵਾਰਵਾਦ ਦੇ ਸ਼ਿਕਾਰ ਹਨ। ਲੀਡਰਾਂ ਦੀ ਧੜੇਬੰਦੀ ਕਾਰਨ ਪਾਰਟੀ ਦਾ ਗ੍ਰਾਫ ਡਿੱਗਿਆ ਹੈ। ਇਹ ਸ਼ੁਰੂਆਤ ਹੋਈ ਸੀ 2008 ਵਿਚ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਪੁੱਤਰ ਸੁਖਬੀਰ ਬਾਦਲ ਨੂੰ ਪਹਿਲਾਂ ਕਾਰਜਕਾਰੀ ਪ੍ਰਧਾਨ ਤੇ ਫਿਰ ਪਾਰਟੀ ਪ੍ਰਧਾਨ ਬਣਾਇਆ ਸੀ। ਨਾਲ ਹੀ ਸੁਖਬੀਰ ਨੂੰ ਉਪ ਮੁੱਖ ਮੰਤਰੀ ਦਾ ਅਹੁਦਾ ਵੀ ਸੌਂਪ ਦਿੱਤਾ ਗਿਆ। ਬਾਕੀ ਸੀਨੀਅਰ ਆਗੂਆਂ ਦੇ ਬੱਚੇ ਵੀ ਜਦੋਂ ਵਿਧਾਇਕ ਜਾਂ ਸੰਸਦ ਮੈਂਬਰ ਬਣਾ ਕੇ ਐਡਜਸਟ ਕੀਤੇ ਗਏ ਤਾਂ ਕੁਝ ਨੇਤਾਵਾਂ ਨੇ ਦੱਬੀ ਆਵਾਜ਼ ਵਿਚ ਵਿਰੋਧ ਸ਼ੁਰੂ ਕੀਤਾ ਸੀ ਜਿਹੜਾ ਹੁਣ ਖੁੱਲ ਕੇ ਸਾਹਮਣੇ ਆਇਆ ਹੈ। ਪਿਛਲੇ ਕੁਝ ਸਾਲਾਂ ਤੋਂ ਪ੍ਰਕਾਸ਼ ਸਿੰਘ ਬਾਦਲ ਦੀ ਸਿਹਤ ਖ਼ਰਾਬ ਰਹਿਣ ਤੋਂ ਬਾਅਦ ਅਕਾਲੀ ਦਲ ਵੀ ਢਿੱਲਾ ਪਿਆ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਸਿਰਫ਼ 15 ਸੀਟਾਂ ਹੀ ਮਿਲੀਆਂ ਸਨ। ਉਸ ਦਾ ਬੇਅਦਬੀ ਕਾਂਡ, ਰੇਤ, ਕੇਬਲ, ਨਸ਼ਾ, ਟਰਾਂਸਪੋਰਟ ਮਾਫ਼ੀਆ ਵਰਗੇ ਦੋਸ਼ਾਂ ਨੇ ਵੱਡਾ ਨੁਕਸਾਨ ਕੀਤਾ ਸੀ। ਬਦਲੀ ਹੋਈ ਹਵਾ ਦੇਖ ਕੇ ਮਾਝੇ ਨਾਲ ਸਬੰਧਤ ਕਈ ਵੱਡੇ ਆਗੂਆਂ ਨੇ ਅਕਾਲੀ ਦਲ (ਟਕਸਾਲੀ) ਬਣਾ ਲਿਆ।

ਜੇਕਰ ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਪਾਰਟੀ ਪ੍ਰਧਾਨ ਸੁਖਬੀਰ ਨੂੰ ਸਭ ਤੋਂ ਵੱਡੀ ਚੁਣੌਤੀ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਰਹੇ ਹਨ। ਉਨਾਂ ਨਾਲ ਕਈ ਨਾਰਾਜ਼ ਆਗੂ ਵੀ ਆ ਜੁੜੇ ਹਨ। ਪਿਤਾ ਤੋਂ ਬਾਅਦ ਪਰਮਿੰਦਰ ਸਿੰਘ ਢੀਂਡਸਾ ਦਾ ਜਾਣਾ ਪਾਰਟੀ ਲਈ ਨੁਕਸਾਨ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਟਕਸਾਲੀ ਅਕਾਲੀ ਆਗੂ, ਨਵਜੋਤ ਸਿੱਧੂ ਨਾਲ ਵੀ ਸੰਪਰਕ ਕਰ ਰਹੇ ਹਨ ਕਿ ਉਸ ਨੂੰ ਨਵੇਂ ਉਸਰ ਰਹੇ ਅਕਾਲੀ ਦਲ ਵਿਚ ਲਿਆਂਦਾ ਜਾਵੇ ਤੇ ਮੁੱਖ ਮੰਤਰੀ ਦਾ ਉਮੀਦਵਾਰ ਬਣਾਇਆ ਜਾਵੇ। ਸਿਆਸੀ ਪਾਰਖੂਆਂ ਦਾ ਮੰਨਣਾ ਹੈ ਕਿ ਜੇਕਰ ਸਿੱਧੂ ਸੰਭਾਵਿਤ ਅਕਾਲੀ ਦਲ ਵਿਚ ਸ਼ਾਮਲ ਹੋ ਜਾਂਦੇ ਹਨ ਤਾਂ ਬਾਦਲ ਦਲ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਲਾਂ ਕਿ ਟਕਸਾਲੀ ਆਗੂ ਇਹ ਵੀ ਦਾਅਵਾ ਕਰ ਰਹੇ ਹਨ ਕਿ ਵੱਡੇ ਵੱਡੇ ਅਕਾਲੀ ਆਗੂ ਜੋ ਬਾਦਲ ਦਲ ਨਾਲ ਜੁੜੇ ਹੋਏ ਹਨ, ਉਹ ਸੰਭਾਵਿਤ ਅਕਾਲੀ ਦਲ ਵਿਚ ਸ਼ਾਮਲ ਹੋ ਜਾਣਗੇ।

ਹੁਣੇ ਜਿਹੇ ਟਕਸਾਲੀ ਅਕਾਲੀਆਂ ਨੇ ਦਿੱਲੀ ਵਿਚ ਵਿਸ਼ਾਲ ਅਕਾਲੀ ਰੈਲੀ ‘ਸ਼ਫ਼ਰ-ਏ-ਅਕਾਲੀ ਲਹਿਰ’ ਕੀਤੀ ਹੈ। ਇਸ ਰੈਲੀ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਦੀ ਪ੍ਰਧਾਨਗੀ ਨੂੰ ਚੁਣੌਤੀ ਦਿੰਦਿਆਂ ਬਾਗੀ ਆਗੂਆਂ ਨੇ ਇਹ ਸੁਨੇਹਾ ਦਿੱਤਾ ਹੈ ਕਿ ਅਕਾਲੀ ਦਲ ਕਿਸੇ ‘ਇਕ ਵਿਅਕਤੀ’ ਜਾਂ ‘ਪਰਿਵਾਰ’ ਦੀ ਜਾਗੀਰ ਨਹੀਂ, ਸਗੋਂ ਪੰਥਕ ਪਾਰਟੀ ਹੈ।

ਬਾਕੀ ਸਫ਼ਾ 33 ’ਤੇ

# ਡੀਐਸਪੀ ਦਵਿੰਦਰ ਸਿੰਘ ਦੇ ਟੇਰਰ ਲਿੰਕ ’ਤੇ ਐਨਐਸਏ ਅਜੀਤ ਡੋਵਾਲ ਤੋਂ ਕੁਝ ਸੁਆਲ

**ਨਵੀਂ ਦਿੱਲੀ/ ਏ. ਟੀ. ਨਿਊਜ਼:** ਡੀਐਸਪੀ ਦਵਿੰਦਰ ਸਿੰਘ ਬਾਰੇ ਪੁਲੀਸ ਦਾ ਕਹਿਣਾ ਹੈ ਕਿ ਦਵਿੰਦਰ ਸਿੰਘ ਦੀ ਗੱਡੀ ਵਿਚੋਂ ਹਥਿਆਰ ਮਿਲੇ ਸਨ ਤੇ ਉਸ ਦੇ ਨਾਲ ਜਿਹਾਦੀ ਨਵੀਦ ਬਾਬਾ ਤੇ ਅਲਤਾਫ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਦੇ ਬਾਅਦ ਡੀਐਸਪੀ ਨਾਲ ਜੁੜੇ ਕੁਝ ਟਿਕਾਣਿਆਂ ’ਤੇ ਛਾਪੇ ਮਾਰ ਕੇ ਹੋਰ ਹਥਿਆਰ ਬਰਾਮਦ ਕੀਤੇ ਹਨ। ਪ੍ਰੈਸ ਕਾਨਫਰੰਸ ਦੌਰਾਨ ਕਸ਼ਮੀਰ ਦੇ ਆਈਜੀ ਵਿਜੈ ਨੇ ਦੱਸਿਆ ਸੀ ਕਿ ਡੀਐਸਪੀ ਦੇ ਨਾਲ ਕਿਸੇ ਜਿਹਾਦੀ ਦੀ ਤਰਾਂ ਹੀ ਵਰਤਾਅ ਕੀਤਾ ਜਾ ਰਿਹਾ ਹੈ। ਹੁਣ ਦੱਸਿਆ ਜਾ ਰਿਹਾ ਹੈ ਕਿ ਇਹ ਮਾਮਲਾ ਰਾਸ਼ਟਰੀ ਜਾਂਚ ਏਜੰਸੀ ਐਨਆਈਏ ਦੇ ਹਵਾਲੇ ਕਰ ਦਿੱਤਾ ਗਿਆ ਹੈ। 20 ਸਾਲ ਪਹਿਲੇ 2000 ਵਿਚ ਜਦ ਦਵਿੰਦਰ ਜੰਮੂ-ਕਸ਼ਮੀਰ ਪੁਲੀਸ ਦੇ ਸਪੈਸ਼ਲ ਅਪਰੇਸ਼ਨ ਗਰੁੱਪ ਵਿਚ ਜੂਨੀਅਰ ਅਫਸਰ ਸੀ, ਉਸ ਨੇ ਇਕ ਸਾਬਕਾ ਜਿਹਾਦੀ ਅਫਜ਼ਲ ਗੁਰੂ ’ਤੇ ਤਸ਼ੱਦਦ ਕੀਤਾ, ਉਸ ਤੋਂ ਵਸੂਲੀ ਵੀ ਕੀਤੀ ਤੇ ਇਕ ਛੋਟਾ ਕੰਮ ਵੀ ਕਰਵਾਇਆ ਗਿਆ। ਇਹ ਉਹੀ ਅਫਜ਼ਲ ਸੀ, ਜਿਸ ਨੂੰ ਸਾਲ 2013 ਵਿਚ ਭਾਰਤੀ ਸੰਸਦ ’ਤੇ ਦਸੰਬਰ 2001 ਵਿਚ ਹੋਏ ਹਮਲੇ ਦੀ ਸਾਜ਼ਿਸ਼ ਦਾ ਹਿੱਸਾ ਹੋਣ ਦੇ ਕਾਰਨ ਫਾਂਸੀ ਦਿੱਤੀ ਗਈ। ਅਫਜ਼ਲ ਦੇ ਤਿਹਾੜ ਜੇਲ ਵਿਚ ਆਪਣੇ ਇਕ ਵਕੀਲ ਨੂੰ ਬਿਨਾਂ ਤਰੀਕ ਦਾ ਇਕ ਪੱਤਰ ਭੇਜਿਆ, ਜਿਸ ਵਿਚ ਉਸ ਨੇ ਕਿਹਾ ਕਿ ਦਵਿੰਦਰ ਸਿੰਘ ਤੇ ਇਕ ਹੋਰ ਅਫਸਰ ਡੀਐਸਪੀ ਵਿਨੈ ਗੁਪਤਾ ਨੇ ਉਸ ਨੂੰ ਸ੍ਰੀਨਗਰ ਦੇ ਹੁਮਹੁਮਾ ਸਥਿਤ ਐਸਟੀਐਫ ਕੈਂਪ ਵਿਚ ਤਸ਼ੱਦਦ ਕੀਤਾ ਹੈ। ਉਸ ਸਮੇਂ ਗੁਰੂ ਨੇ ਉਸਨੂੰ 80,000 ਰੁਪਏ ਤੇ ਆਪਣਾ ਸਕੂਟਰ ਦਿੱਤਾ ਸੀ। ਪਰ 2001 ਇਕ ਆਖਰੀ ਦਿਨਾਂ ਵਿਚ ਉਹ ਦਵਿੰਦਰ ਨੂੰ ਫਿਰ ਮਿਲਿਆ। ਜੇਕਰ ਗੁਰੂ ਦੀ ਗੱਲ ’ਤੇ ਵਿਸ਼ਵਾਸ ਕੀਤਾ ਜਾਏ ਤਾਂ ਇਹ ਇਕ ਅਜਿਹੀ ਮੁਲਾਕਾਤ ਸੀ, ਜਿਸ ਦੀ ਕੀਮਤ ਗੁਰੂ ਨੇ ਜਾਨ ਦੇ ਕੇ ਚੁਕਾਈ। ਅਫਜ਼ਲ ਨੇ ਲਿਖਿਆ ਸੀ, “ਡੀਐਸਪੀ ਨੇ ਮੈਨੂੰ ਕਿਹਾ ਕਿ ਮੈਨੂੰ ਉਸ ਦੇ ਲਈ ਇਕ ਛੋਟਾ ਜਿਹਾ ਕੰਮ ਕਰਨਾ ਹੋਵੇਗਾ ਕਿ ਮੇਰੇ ਇਕ ਆਦਮੀ ਨੂੰ ਦਿੱਲੀ ਲੈ ਕੇ ਜਾਣਾ ਹੋਵੇਗਾ ਤੇ ਉਸ ਦੇ ਲਈ ਕਿਰਾਏ ਦਾ ਘਰ ਲੱਭਣਾ ਹੋਵੇਗਾ। ਮੈਂ ਉਸ ਆਦਮੀ ਨੂੰ ਨਹੀਂ ਜਾਣਦਾ ਸੀ, ਪਰ ਉਹ ਕਸ਼ਮੀਰੀ ਨਹੀਂ ਸੀ। ਜੋ ਦਵਿੰਦਰ ਨੇ ਕਿਹਾ ਉਹ ਮੈਂ ਕਰਨ ਲਈ ਮਜ਼ਬੂਰ ਸੀ। ਉਸ ਵਿਅਕਤੀ ਨੇ ਦਿੱਲੀ ਵਿਚ ਉਸ ਨੂੰ ਕਿਹਾ ਕਿ ਉਹ ਇਕ ਕਾਰ ਖਰੀਦਣਾ ਚਾਹੁੰਦਾ ਹੈ ਤਾਂ ਮੈਂ ਉਸ ਨੂੰ ਕਰੋਲ ਬਾਗ ਲੈ ਗਿਆ। ਉਸ ਨੇ ਗੱਡੀ ਖਰੀਦੀ ਤਦ ਦਿੱਲੀ ਵਿਚ ਉਹ ਅਲੱਗ ਅਲੱਗ ਲੋਕਾਂ ਨੂੰ ਮਿਲਦਾ ਸੀ ਤੇ ਮੈਨੂੰ ਤੇ ਮੁਹੰਮਦ ਨੂੰ ਦਵਿੰਦਰ ਦੇ ਅਲੱਗ ਅਲੱਗ ਫੋਨ ਆਉਂਦੇ ਸਨ। ਅਫਜ਼ਲ ਦੇ ਅਨੁਸਾਰ ਜਿਸ ਮੁਹੰਮਦ ਨੂੰ ਦਵਿੰਦਰ ਨੇ ਉਸ ਨੂੰ ਦਿੱਲੀ ਲਿਆਉਣ ਲਈ ਕਿਹਾ ਸੀ, ਉਹ ਉਨਾਂ ਪੰਜ ਜਿਹਾਦੀਆਂ ਵਿਚੋਂ ਇਕ ਸੀ, ਜੋ 13 ਦਸੰਬਰ 2001 ਨੂੰ ਸੰਸਦ ਹਮਲੇ ਦੌਰਾਨ ਮਾਰਿਆ ਗਿਆ ਤੇ ਮਾਰੇ ਜਾਣ ਤੋਂ ਪਹਿਲਾਂ ਉਸ ਨੇ 9 ਲੋਕਾਂ ਨੂੰ ਮਾਰਿਆ ਸੀ। ਹੁਣ ਸਾਡੇ ਕੋਲ ਅਫਜ਼ਲ ਦੇ ਲਿਖੇ ਪੱਤਰ ਦੇ ਸੱਚ ਨੂੰ ਪਰਖਣ ਦਾ ਕੋਈ ਤਰੀਕਾ ਨਹੀਂ ਹੈ। ਜਿਨਾਂ ਜੱਜਾਂ ਨੇ ਅਫਜ਼ਲ ਨੂੰ ਦੋਸ਼ੀ ਠਹਿਰਾਇਆ, ਹੁਣ ਉਹਨਾਂ ਦਾ ਕਹਿਣਾ ਹੈ ਕਿ ਜੇਕਰ ਇਹ ਦੋਸ਼ ਸਹੀ ਵੀ ਹੁੰਦੇ ਤਦ ਵੀ ਉਨਾਂ ਦਾ ਦਿੱਤਾ ਗਿਆ ਫੈਸਲਾ ਨਾ ਬਦਲਦਾ।



ਬਾਕੀ ਸਫ਼ਾ 32 ’ਤੇ

# ਬਿਜਲੀ ਸੰਕਟ: ਪੰਜਾਬ ਦੇ ਚਾਨਣ ਨੂੰ ਵੀ ਗਹਿਣੇ ਰੱਖ ਦਿੱਤਾ ‘ਲਾਲਚੀ ਸਿਆਸਤਦਾਨਾਂ ਨੇ?

**ਚੰਡੀਗੜ/ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ’ਚ ਹੋਈਆਂ 2017 ਦੀਆਂ ਚੋਣਾਂ ਵੇਲੇ ਸੁਖਬੀਰ ਬਾਦਲ ਨੇ ਆਪਣੀ ਅਕਾਲੀ-ਭਾਜਪਾ ਗਠਜੋੜ ਸਰਕਾਰ ਦੀਆਂ ਵੱਡੀਆਂ ਪ੍ਰਾਪਤੀਆਂ ਚੋਂ ਇੱਕ ‘ਬਿਜਲੀ ਸਰਪਲਸ ਸੂਬਾ’ ਬਣਾਉਣ ਦਾ ਵੀ ਵੱਡਾ ਢੰਡੋਰਾ ਪਿੱਟਿਆ ਸੀ। ਸੂਬੇ ਨੂੰ ਇਹ ਸਰਪਲਸ ਬਿਜਲੀ ਦੇਣ ਲਈ ਬਾਦਲ ਪਰਿਵਾਰ ਦੀ ਅਗਵਾਈ ਵਾਲੀ ਸਰਕਾਰ ਨੇ ਤਿੰਨ ਨਿੱਜੀ ਕੰਪਨੀਆਂ ਨਾਲ 20 ਸਾਲੀਂ ਬਿਜਲੀ ਸਮਝੌਤੇ ਕੀਤੇ ਸਨ। ਇਨਾਂ ਸਮਝੌਤਿਆਂ ਅਧੀਨ ਰਾਜਪੁਰਾ, ਤਲਵੰਡੀ ਸਾਬੋ ਅਤੇ ਗੋਇੰਦਵਾਲ ਸਾਹਿਬ ਵਿਖੇ ਬਿਜਲੀ ਪੈਦਾ ਕਰਨ ਲਈ ਥਰਮਲ ਪਲਾਂਟ ਲਾਏ ਗਏ। ਪ੍ਰਾਪਤ ਜਾਣਕਾਰੀ ਮੁਤਾਬਕ ਇਨਾਂ ਸਮਝੌਤਿਆਂ ਵਿੱਚ ਤੈਅ ਕੀਤਾ ਗਿਆ ਕਿ ਭਾਵੇਂ ਇਹ ਥਰਮਲ ਸਾਲ ਵਿਚ ਇਕ ਦਿਨ ਹੀ ਚੱਲਣ ਪਰ ਇਨਾਂ ਨੂੰ ਪੰਜਾਬ ਦੇ ਖਜ਼ਾਨੇ ਤੋਂ ਪੱਕਾ ਬੱਝਵਾਂ ਪੈਸਾ ਦਿੱਤਾ ਜਾਵੇਗਾ। ਜਿਵੇਂ ਇਸ ਸਾਲ ਇਨਾਂ ਥਰਮਲਾਂ ਨੇ ਭਾਵੇਂ 3 ਮਹੀਨੇ ਹੀ ਬਿਜਲੀ ਦਿੱਤੀ ਪਰ ਪੰਜਾਬ ਸਰਕਾਰ ਨੇ ਇਨਾਂ ਨੂੰ ਸਾਲ ਦਾ ਬੱਝਵਾਂ 3600 ਕਰੋੜ ਰੁਪਏ ਦਿੱਤਾ ਹੈ। ਇਸ ਤੋਂ ਇਲਾਵਾ 6900 ਕਰੋੜ ਰੁਪਏ ਹੋਰ ਦਿੱਤੇ ਗਏ ਹਨ ਜਿਹੜੇ ਕਿ ਸਾਲਾਨਾ ਬਿਜਲੀ ਖਰਚਿਆਂ ਦੇ ਹਿਸਾਬ ਨਾਲ ਵਧਦੇ ਰਹਿਣਗੇ। ਇਸ ਤਰਾਂ ਇਨਾਂ ਤਿੰਨ ਥਰਮਲਾਂ ਨੂੰ ਪੰਜਾਬ ਸਰਕਾਰ ਨੇ ਬੀਤੇ ਵਰੇ ਲਈ ਕੁੱਲ 10,500 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਪਿਛਲੀ ਸਰਕਾਰ ਨੇ ਇਹ ਸਮਝੌਤੇ ਪ੍ਰਾਈਵੇਟ ਥਰਮਲਾਂ ਨੂੰ ਲਾਭ ਦੇਣ ਦੀਆਂ ਸ਼ਰਤਾਂ ਅਧੀਨ ਕੀਤੇ, ਪਰ ਮੌਜੂਦਾ ਕੈਪਟਨ ਸਰਕਾਰ ਵੀ ਉਨਾਂ ਨੂੰ ਰੀਵਿਊ ਕਰਨ ਤੋਂ ਭੱਜ ਗਈ ਹੈ। ਬਿਜਲੀ ਬਿੱਲਾਂ ‘ਚ ਸਾਲ 2020 ਚੜਦਿਆਂ ਜੋ ਵਾਧਾ ਹੋਇਆ, ਉਹ ਕੇਵਲ ਸ਼ੁਰੂਆਤ ਹੈ ਤੇ ਪੰਜਾਬ ਦੇ ਲੋਕਾਂ ਲਈ ਬਿਜਲੀ ਅੱਗੇ ਹੋਰ ਮਹਿੰਗੀ ਹੋਣ ਦੀਆਂ ਸੰਭਾਵਨਾਵਾਂ ਹਨ। ਗੱਠਜੋੜ ਸਰਕਾਰ ਸਮੇਂ ਤਲਵੰਡੀ ਸਾਬੋ ਪਾਵਰ ਪ੍ਰੋਜੈਕਟ (1980 ਮੈਗਾਵਾਟ) ਲੱਗਾ ਜੋ ਨਵੰਬਰ 2013 ਤੋਂ ਚਾਲੂ ਹੋਇਆ। ਰਾਜਪੁਰਾ ਥਰਮਲ ਪਾਵਰ ਪਲਾਂਟ (1400 ਮੈਗਾਵਾਟ) ਫਰਵਰੀ 2014 ਤੋਂ ਚੱਲਿਆ ਅਤੇ 540 ਮੈਗਾਵਾਟ ਦਾ ਗੋਇੰਦਵਾਲ ਸਾਹਿਬ ਪਾਵਰ ਪ੍ਰੋਜੈਕਟ ਫਰਵਰੀ 2016 ਤੋਂ ਚਾਲੂ ਹੋਇਆ। ਬਿਜਲੀ ਸਮਝੌਤੇ ਜੋ ਇਨਾਂ ਫਰਮਾਂ ਨਾਲ ਹੋਏ, ਉਹ ਪੰਜਾਬ ਪੱਖੀ ਜਾਪਦੇ ਨਹੀਂ। ਹੁਣ ਜਦੋਂ ਪੰਜਾਬ ਦੇ ਲੋਕ ਆਪਣੇ ਗੁਆਂਢੀ ਸੂਬਿਆਂ ਦੇ ਲੋਕਾਂ ਦੇ ਮੁਕਾਬਲੇ ਸਭ ਤੋਂ ਮਹਿੰਗੀ ਬਿਜਲੀ ਵਰਤ ਰਹੇ ਹਨ ਤਾਂ ਪੰਜਾਬ ਦੀ ਸਿਆਸਤ ਵਿਚ ਹੁਣ ਫੇਰ ਇਹ ਮਸਲਾ ਗਰਮੀ ਫੜ ਰਿਹਾ ਹੈ। ਅਕਾਲੀ-ਭਾਜਪਾ ਸਰਕਾਰ ਦੇ ਸ਼ੁਰੂ ਕੀਤੇ ਇਸ ਸਿਆਪੇ ਨੂੰ ਕੈਪਟਨ ਵੱਲੋਂ ਹਿੱਕ ਨਾਲ ਲਾਈ ਰੱਖਣ ਖਿਲਾਫ ਆਮ ਆਦਮੀ ਪਾਰਟੀ ਮੁਹਿੰਮ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਨਾਲ ਉਸ ਨੂੰ ਵੀ ਪੰਜਾਬ ਦੇ ਧਰਾਤਲ ’ਤੇ ਮੁੜ ਪੈਰ ਲੱਗਣ ਦੀ ਆਸ ਹੈ। ਇਸ ਵਿਰੋਧ ਵਿਚ ਘਿਰਦੀ ਕਾਂਗਰਸ ਸਰਕਾਰ ਨੇ ਹੁਣ ਐਲਾਨ ਕੀਤਾ ਹੈ ਕਿ ਉਹ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਵਿਚ ਪਿਛਲੀ ਸਰਕਾਰ ਵੱਲੋਂ ਕੀਤੇ ਬਿਜਲੀ ਸਮਝੌਤਿਆਂ ਦਾ ‘ਵਾਈਟ ਪੇਪਰ’ ਜਾਰੀ ਕਰਨਗੇ ਤੇ ਬਾਦਲ ਸਰਕਾਰ ਵੱਲੋਂ ਕੀਤੇ ਗਏ ਘਪਲਿਆਂ ਦਾ ਪਰਦਾਫਾਸ਼ ਕਰਨਗੇ।



ਬਾਕੀ ਸਫ਼ਾ 32 ’ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

22 ਜਨਵਰੀ 2020 ਤੋਂ 28 ਜਨਵਰੀ 2020

# ਨਹੁੰ ਮਾਸ ਦਾ ਸਿਆਸੀ ਰਿਸ਼ਤਾ ?

ਫਰਵਰੀ ਮਹੀਨੇ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਸੀਟਾਂ ਦੀ ਵੰਡ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਆਈ ਤ੍ਰੇੜ ਨੇ ਜਿੱਥੇ ਦੋਹਾਂ ਪਾਰਟੀਆਂ ਦੇ ਕੇਡਰ ਅਤੇ ਸਿਆਸੀ ਪੰਡਤਾਂ ਨੂੰ ਭੰਬਲਭੂਸੇ ਵਿਚ ਪਾ ਦਿੱਤਾ ਹੈ, ਉਥੇ ਦੋਹਾਂ ਪਾਰਟੀਆਂ ਦੀ ਲੀਡਰਸ਼ਿਪ ਦਾ ਮੂੰਹ ਵੀ ਇਕ ਵਾਰ ਬੰਦ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਦੀ ਇੱਛਾ ਮੁਤਾਬਕ ਸੀਟਾਂ ਨਾ ਮਿਲਣ ਕਾਰਨ ਬੀਜੇਪੀ ਨਾਲੋਂ ਕੀਤੇ ਆਰਜ਼ੀ ਜਿਹੇ ਤੋੜ ਵਿਛੋੜੇ ਦਾ ਬਹਾਨਾ ਵੀ ਅਜਿਹਾ ਲੱਭਿਆ ਹੈ, ਜੋ ਕਿਸੇ ਨੂੰ ਹਜ਼ਮ ਨਹੀਂ ਹੋ ਰਿਹਾ। ਦਿੱਲੀ ਦੇ ਕੁੱਲ 70 ਵਿਧਾਨ ਸਭਾ ਹਲਕਿਆਂ ਵਿਚ ਬਾਦਲ ਦਲ ਨੂੰ ਇਸ ਦੇ ਮੁਕਾਮੀ ਲੀਡਰਾਂ ਦੀਆਂ ਆਸਾਂ ਉਮੰਗਾਂ ਮੁਤਾਬਕ ਪ੍ਰਤੀਨਿਧਤਾ ਨਾ ਮਿਲਣ 'ਤੇ ਪਾਰਟੀ ਨੇ ਆਪਣੇ ਆਪ ਨੂੰ ਇਨਾਂ ਚੋਣਾਂ ਤੋਂ ਬਾਹਰ ਹੋਣ ਦਾ ਐਲਾਨ ਕਰ ਦਿੱਤਾ ਹੈ ਅਤੇ ਇਹ ਵੀ ਕਿਹਾ ਕਿ ਇਸ ਦਾ ਬੀਜੇਪੀ ਨਾਲ ਕੋਈ ਚੋਣ ਗਠਜੋੜ ਨਹੀਂ ਹੈ। ਦਿੱਲੀ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਬੀਜੇਪੀ ਨਾਲੋਂ ਤੋੜ ਵਿਛੋੜੇ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਨਾਗਰਿਕਤਾ ਤਰਮੀਮੀ ਕਾਨੂੰਨ ਦੇ ਮੁੱਦੇ ਨੂੰ ਲੈ ਕੇ ਬੀਜੇਪੀ ਨਾਲੋਂ ਨਾਤਾ ਤੋੜ ਰਹੇ ਹਨ। ਸ੍ਰੀ ਸਿਰਸਾ ਨੇ ਦਾਅਵਾ ਕੀਤਾ ਕਿ ਉਨਾਂ ਦਾ ਸੀਏਏ ਨੂੰ ਲੈ ਕੇ ਬੀਜੇਪੀ ਨਾਲੋਂ ਵੱਖਰਾ ਸਟੈਂਡ ਹੈ ਅਤੇ ਪਾਰਟੀ ਚਾਹੁੰਦੀ ਹੈ ਕਿ ਮੁਸਲਿਮ ਭਾਈਚਾਰੇ ਨੂੰ ਵੀ ਉਨਾਂ ਬਾਕੀ ਘੱਟਗਿਣਤੀ ਭਾਈਚਾਰਿਆਂ ਵਿਚ ਸ਼ਾਮਲ ਕੀਤਾ ਜਾਵੇ, ਜਿਨਾਂ ਨੂੰ ਗੁਆਂਢੀ ਮੁਲਕਾਂ ਵਿਚੋਂ ਹਿਜਰਤ ਕਰਕੇ ਭਾਰਤ ਆਉਣ 'ਤੇ ਨਾਗਰਿਕਤਾ ਦਾ ਪ੍ਰਬੰਧ ਕੀਤਾ ਗਿਆ ਹੈ। ਦੂਜੇ ਪਾਸੇ ਬੀਜੇਪੀ ਦਾ ਇਹ ਸਟੈਂਡ ਹੈ ਕਿ ਗੁਆਂਢੀ ਮੁਲਕਾਂ ਵਿਚ ਮੁਸਲਮਾਨ ਘੱਟਗਿਣਤੀ ਨਹੀਂ ਹਨ ਅਤੇ ਉਨਾਂ ਉਪਰ ਪਾਕਿਸਤਾਨ, ਅਫ਼ਗਾਨਿਸਤਾਨ ਜਾਂ ਬੰਗਲਾਦੇਸ਼ ਵਿਚ ਕੋਈ ਫਿਰਕੂ ਅੱਤਿਆਚਾਰ ਨਹੀਂ ਹੁੰਦੇ। ਕੋਈ ਸ਼ੱਕ ਨਹੀਂ ਕਿ ਬਾਦਲ ਦਲ ਦਾ ਸੀਏਏ ਬਾਰੇ ਪੈਂਤੜਾ ਸਲਾਹੁਣਯੋਗ ਹੈ ਪਰ ਹੁਣ ਇਹ ਸਟੈਂਡ ਲੈਣਾ ਕੁਵੇਲੇ ਦਾ ਰਾਗ ਅਲਾਪਣ ਵਾਲੀ ਗੱਲ ਹੈ। ਜਦ ਨਾਗਰਿਕਤਾ ਤਰਮੀਮੀ ਬਿੱਲ ਪਾਰਲੀਮੈਂਟ ਵਿਚ ਆਇਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਦੋਹਾਂ ਸਦਨਾਂ ਲੋਕ ਸਭਾ ਅਤੇ ਰਾਜ ਸਭਾ ਵਿਚ ਇਸ ਬਿੱਲ ਦੀ ਪੂਰੀ ਹਮਾਇਤ ਕੀਤੀ ਅਤੇ ਇਸ ਦੇ ਹੱਕ ਵਿਚ ਵੋਟ ਪਾਈ। ਬਾਦਲ ਪਰਿਵਾਰ ਦੀ ਨੂੰਹ ਅਤੇ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਸਦਨ ਵਿਚ ਇਸ ਬਿੱਲ ਦੀ ਹਮਾਇਤ ਹੀ ਨਹੀਂ ਕੀਤੀ ਸਗੋਂ ਇਸ ਦੇ ਵਿਰੋਧ ਕਰਨ ਵਾਲੀਆਂ ਧਿਰਾਂ ਨੂੰ ਵੀ ਕੋਸਿਆ।

ਕੋਈ ਦੋ ਰਾਵਾਂ ਨਹੀਂ ਕਿ ਪਿਛਲੇ ਕਾਫ਼ੀ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਬੀਜੇਪੀ ਗਠਜੋੜ ਵਿਚਕਾਰ ਕਸ਼ਮਕਸ਼ ਚੱਲ ਰਹੀ ਸੀ। ਬੀਜੇਪੀ ਅਤੇ ਅਕਾਲੀ ਦਲ ਗਠਜੋੜ ਸਬੰਧੀ ਅਟਲ ਬਿਹਾਰੀ ਵਾਜਪੇਈ ਅਤੇ ਐਲ ਕੇ ਅਡਵਾਨੀ ਵੇਲੇ ਤੋਂ ਚਲਿਆ ਆ ਰਿਹਾ 'ਨਹੁੰ ਮਾਸ ਦੇ ਰਿਸ਼ਤੇ' ਦਾ ਮੁਹਾਵਰਾ ਹੁਣ ਫਿੱਕਾ ਅਤੇ ਫੋਕਾ ਜਾਪਣ ਲੱਗ ਪਿਆ ਸੀ। ਬੀਜੇਪੀ ਦੀ ਪੰਜਾਬ ਦੀ ਲੀਡਰਸ਼ਿਪ ਭਾਵੇਂ ਕਾਫ਼ੀ ਅਰਸੇ ਤੋਂ ਸੂਬੇ ਵਿਚ ਸੁਖਬੀਰ ਬਾਦਲ ਨਿਜ਼ਾਮ ਤੋਂ ਨਾਖੁਸ਼ ਸੀ ਪਰ ਇਹ ਖੁੱਲ ਕੇ ਕੋਈ ਗੱਲ ਨਹੀਂ ਸੀ ਕਰਦੀ। ਪਾਰਟੀ ਦੇ ਸੀਨੀਅਰ ਨੇਤਾ ਮੋਹਨ ਲਾਲ ਨੇ ਕੁਝ ਦਿਨ ਪਹਿਲਾਂ ਖੁੱਲ ਕੇ ਬਿਆਨ ਦੇ ਦਿੱਤਾ ਸੀ ਕਿ ਹੁਣ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿਚ ਇਕੱਲਿਆਂ ਹੀ ਆਪਣੀ ਸੱਤਾ ਕਾਇਮ ਕਰਨੀ ਚਾਹੀਦੀ ਹੈ। ਫਿਰ ਵੀ ਪਾਰਟੀ ਦੀ ਕੌਮੀ ਲੀਡਰਸ਼ਿਪ ਬਚ ਬਚਾ ਕੇ ਚੱਲ ਰਹੀ ਸੀ। ਭਾਰਤੀ ਜਨਤਾ ਪਾਰਟੀ ਵਿਚ ਵੀ ਮੋਦੀ-ਅਮਿਤ ਸ਼ਾਹ ਜੋੜੀ ਦੇ ਆਉਣ ਅਤੇ ਅਰੁਣ ਜੇਤਲੀ ਤੇ ਸੁਸ਼ਮਾ ਸਵਰਾਜ ਵਰਗੇ ਪੰਜਾਬੀ ਆਗੂਆਂ ਦੇ ਸਵਰਗਵਾਸ ਹੋਣ ਮਗਰੋਂ ਇਸ 'ਨਹੁੰ ਮਾਸ ਦੇ ਰਿਸ਼ਤੇ' ਵਿਚ ਤ੍ਰੇੜ ਆਉਣੀ ਸ਼ੁਰੂ ਹੋ ਗਈ। ਪਿਛਲੇ ਸਾਲ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੀ ਭਾਰਤੀ ਜਨਤਾ ਪਾਰਟੀ ਨੇ ਅਕਾਲੀ ਦਲ ਨਾਲ ਕੋਈ ਸਾਂਝ ਨਹੀਂ ਪਾਈ ਸਗੋਂ ਚੋਣਾਂ ਤੋਂ ਪਹਿਲਾਂ ਹੀ ਹਰਿਆਣਾ ਵਿਧਾਨ ਸਭਾ ਵਿਚ ਇਸ ਦੇ ਇਕੋ ਇਕ ਵਿਧਾਇਕ ਨੂੰ ਬੀਜੇਪੀ ਵਿਚ ਸ਼ਾਮਲ ਕਰਕੇ, ਅਕਾਲੀਆਂ ਨੂੰ 'ਥਾਂ ਸਿਰ' ਰੱਖਣ ਦਾ ਸੰਕੇਤ ਦੇ ਦਿੱਤਾ ਸੀ। ਬੀਜੇਪੀ ਵਲੋਂ ਆਪਣੀਆਂ ਜਥੇਬੰਦਕ ਚੋਣਾਂ ਵਿਚ ਅਸ਼ਵਨੀ ਸ਼ਰਮਾ ਨੂੰ ਪੰਜਾਬ ਦਾ ਨਵਾਂ ਸੂਬਾ ਪ੍ਰਧਾਨ ਥਾਪਣ ਮਗਰੋਂ ਸੂਬਾਈ ਨੇਤਾਵਾਂ ਨੇ ਵੀ ਅਕਾਲੀ ਦਲ ਖਿਲਾਫ ਆਪਣਾ ਪਿਛਲਾ ਗੁੱਸਾ ਜੱਗ ਜ਼ਾਹਿਰ ਕਰਕੇ ਇਹ ਦੱਸ ਦਿੱਤਾ ਕਿ ਸੂਬੇ ਵਿਚ ਬੀਜੇਪੀ ਵਰਕਰ ਅਕਾਲੀ ਲੀਡਰਸ਼ਿਪ ਤੋਂ ਔਖੇ ਹਨ।

ਉਧਰ ਸੀਨੀਅਰ ਅਕਾਲੀ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਬਾਦਲ ਦਲ ਨਾਲੋਂ ਤੋੜ ਵਿਛੋੜੇ ਤੋਂ ਬਾਅਦ, ਅਕਾਲੀ ਦਲ ਦੀ ਜਥੇਬੰਦਕ ਸਥਿਤੀ ਵੀ ਖਰਾਬ ਹੋ ਗਈ ਹੈ। ਸੁਖਦੇਵ ਸਿੰਘ ਢੀਂਡਸਾ ਲੰਮੇ ਅਰਸੇ ਤੋਂ ਪਾਰਟੀ ਦੀ ਲੀਡਰਸ਼ਿਪ ਨਾਲ ਨਾਰਾਜ਼ ਚੱਲੇ ਆ ਰਹੇ ਸਨ ਅਤੇ ਪਿਛਲੇ ਸਮੇਂ ਉਨਾਂ ਨੇ ਜਨਤਕ ਤੌਰ 'ਤੇ ਆਪਣੀ ਨਾਰਾਜ਼ਗੀ ਜ਼ਾਹਿਰ ਕਰਨੀ ਵੀ ਸ਼ੁਰੂ ਕਰ ਦਿੱਤੀ ਸੀ। ਢੀਂਡਸਾ ਦੇ ਪੁੱਤਰ ਅਤੇ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵਲੋਂ, ਸੂਬੇ ਦੇ ਪਾਰਟੀ ਵਿਧਾਇਕ ਦਲ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਪਾਰਟੀ ਦਾ ਅੰਦਰੂਨੀ ਸੰਕਟ ਹੋਰ ਗੰਭੀਰ ਹੋ ਗਿਆ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਹਾਂ ਢੀਂਡਸਾ ਪਿਓ-ਪੁੱਤਰ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ। ਇਸ ਤੋਂ ਬਾਅਦ ਸੀਨੀਅਰ ਢੀਂਡਸਾ ਸਾਹਿਬ ਬਾਰੇ ਕੁਝ ਅਕਾਲੀਆਂ ਵਲੋਂ ਕੀਤੀ ਗਈ ਦੂਸ਼ਣਬਾਜ਼ੀ ਦਾ ਵੀ ਕਈ ਸੀਨੀਅਰ ਅਕਾਲੀ ਨੇਤਾਵਾਂ ਨੇ ਬੁਰਾ ਮਨਾਇਆ। ਇਕ ਪਾਸੇ ਆਪਣੀ ਰਵਾਇਤੀ ਭਾਈਵਾਲ ਭਾਰਤੀ ਜਨਤਾ ਪਾਰਟੀ ਤੋਂ ਅਲੱਗ ਥਲੱਗ ਹੋਣ ਅਤੇ ਦੂਜੇ ਅੰਦਰੂਨੀ ਸੰਕਟ ਦਾ ਸਾਹਮਣਾ ਕਰ ਰਿਹਾ ਅਕਾਲੀ ਦਲ ਬਾਦਲ ਸਿਆਸੀ ਤੌਰ 'ਤੇ ਕਿਸੇ ਸਟੈਂਡ 'ਤੇ ਖੜਾ ਨਜ਼ਰ ਨਹੀਂ ਆ ਰਿਹਾ। ਅਕਾਲੀ ਦਲ ਬੀਜੇਪੀ ਗਠਜੋੜ ਦੇ ਤੋੜ ਵਿਛੋੜੇ ਉਪਰ ਕੈਪਟਨ ਅਮਰਿੰਦਰ ਸਿੰਘ ਨੇ ਟਿੱਪਣੀ ਕੀਤੀ ਹੈ ਕਿ ਜੇ ਅਕਾਲੀ ਦਲ ਸੀਏਏ ਨਾਲ ਸਹਿਮਤ ਨਹੀਂ ਹੈ ਤਾਂ ਕੇਂਦਰ ਵਿਚ ਪਾਰਟੀ ਦੀ ਇਕੋ ਇਕ ਕੈਬਨਿਟ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਵਜ਼ਾਰਤ ਤੋਂ ਅਸਤੀਫਾ ਦੇਵੇ। ਆਮ ਆਦਮੀ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਹੈ ਕਿ ਅਕਾਲੀ ਦਲ ਨੇ ਕੇਂਦਰੀ ਵਜ਼ਾਰਤ ਵਿਚ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਬਚਾਉਣ ਖਾਤਰ ਹੀ ਦਿੱਲੀ ਵਿਧਾਨ ਸਭਾ ਚੋਣਾਂ ਵਿਚੋਂ ਬਾਹਰ ਹੋਣ ਦਾ ਫੈਸਲਾ ਲਿਆ ਹੈ। ਪਾਰਟੀ ਦਾ ਕਹਿਣਾ ਹੈ ਕਿ ਜੇ ਅਕਾਲੀ ਦਲ ਕੇਂਦਰ ਸਰਕਾਰ ਤੋਂ ਬਾਹਰ ਹੋ ਜਾਂਦਾ ਹੈ ਤਾਂ ਪੰਜਾਬ ਵਿਚ ਇਸ ਦਾ ਆਧਾਰ ਬਿਲਕੁਲ ਖੁਰ ਜਾਵੇਗਾ ਕਿਉਂਕਿ ਗਰਜਾਂ ਨਾਲ ਜੁੜੇ ਹੋਏ ਵਰਕਰ ਅਤੇ ਹਮਾਇਤੀ ਸੱਤਾ ਕਰਕੇ ਹੀ ਲੀਡਰਸ਼ਿਪ ਨਾਲ ਜੁੜੇ ਹੋਏ ਹਨ।

ਇਨਾਂ ਦੋਹਾਂ ਪਾਰਟੀਆਂ ਦਾ ਅਗਲਾ ਪੈਂਤੜਾ ਕੀ ਹੋਵੇਗਾ, ਇਸ ਬਾਰੇ ਅਜੇ ਕੁਝ ਕਹਿਣਾ ਵਾਜਬ ਨਹੀਂ ਹੋਵੇਗਾ ਪਰ ਇਸ ਸਮੁੱਚੇ ਵਰਤਾਰੇ ਤੋਂ ਇਕ ਗੱਲ ਸਪੱਸ਼ਟ ਨਜ਼ਰ ਆ ਰਹੀ ਹੈ ਕਿ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਗਠਜੋੜ ਖਤਮ ਕਰਨ ਮਗਰੋਂ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਨੇ ਇਹ ਧਾਰ ਲਈ ਹੈ ਕਿ ਇਸ ਇਲਾਕਾਈ ਪਾਰਟੀਆਂ ਤੋਂ ਬਗੈਰ ਇਕੱਲਿਆਂ ਹੀ ਮਜ਼ਬੂਤ ਤਾਕਤ ਬਣ ਕੇ ਕਾਂਗਰਸ ਦਾ ਬਦਲ ਉਸਾਰਿਆ ਜਾਵੇ।

# ਅਸਾਮ 'ਚ ਗਰੀਬਾਂ, ਦਲਿਤਾਂ, ਮੁਸਲਮਾਨਾਂ ਨਾਲ ਹੋ ਰਹੀ ਏ ਬੇਇਨਸਾਫ਼ੀ

## ਹਿਟਲਰ ਵਾਲਾ ਤਜ਼ਰਬਾ ਭਾਰਤ 'ਚ ਲਾਗੂ ਕੀਤਾ ਜਾ ਰਿਹਾ





ਅਰੁੰਧਤੀ ਰਾਇ

ਆਖਰੀ ਕਿਸ਼ਤ

ਅਸਾਮੀ ਰਾਸ਼ਟਰਵਾਦੀਆਂ ਨੂੰ ਆਸ ਹੈ ਕਿ ਲੱਖਾਂ ਹਿੰਦੂ ਤੇ ਮੁਸਲਮਾਨ ਬੰਗਾਲੀ ਘੁਸਪੈਠੀਆਂ ਦੀ ਪਛਾਣ ਕਰ ਲਈ ਜਾਵੇਗੀ ਤੇ ਉਹਨਾਂ ਨੂੰ ਕਾਨੂੰਨੀ ਤੌਰ 'ਤੇ ਵਿਦੇਸ਼ੀ ਕਰਾਰ ਦੇ ਦਿੱਤਾ ਜਾਵੇਗਾ। ਮੂਲ ਨਿਵਾਸੀ ਆਦਿਵਾਸੀਆਂ ਨੂੰ ਉਮੀਦ ਹੈ ਕਿ ਇਸ ਨਾਲ ਇਤਿਹਾਸਕ ਗਲਤੀ ਵਿਚ ਸੁਧਾਰ ਹੋਵੇਗਾ। ਬੰਗਾਲੀ ਮੂਲ ਦੇ ਹਿੰਦੂ ਤੇ ਮੁਸਲਮਾਨ ਐਨ ਆਰ ਸੀ ਵਿਚ ਆਪਣਾ ਨਾਮ ਦੇਖਣਾ ਚਾਹੁੰਦੇ ਹਨ ਤਾਂ ਕਿ ਉਹ ਸਾਬਤ ਕਰ ਸਕਣ ਕਿ ਉਹ ਲੋਕ ਭਾਰਤੀ ਹਨ, ਜਿਸ ਤੋਂ ਵਿਦੇਸ਼ੀ ਹੋਣ ਦਾ ਕਲੰਕ ਹਮੇਸ਼ਾ ਦੇ ਲਈ ਮਿਟ ਜਾਵੇਗਾ। ਤੇ ਹਿੰਦੂ ਰਾਸ਼ਟਰਵਾਦੀ ਜੋ ਅਸਾਮ ਦੀ ਸਰਕਾਰ ਚਲਾ ਰਹੇ ਹਨ ਲੱਖਾਂ ਮੁਸਲਮਾਨਾਂ ਦਾ ਨਾਮ ਐਨ ਆਰ ਸੀ ਤੋਂ ਹਟਾ ਦੇਣਾ ਚਾਹੁੰਦੇ ਹਨ। ਇਨਾਂ ਲੋਕਾਂ ਦੀ ਆਪਣੀ ਸਿਆਸਤ ਹੈ।

ਬੇਰੋਸ ਮੋਨੀ ਦਾਸ ਦੇ ਹੱਥਾਂ ਵਿਚ ਆਪਣੇ ਸਭ ਤੋਂ ਵੱਡੇ ਬੇਟੇ ਭੋਬੇਨ ਦੇ ਨਾਲ ਉਸ ਭਾਬੀ ਦੀ ਇਕ ਤਸਵੀਰ ਹੈ। 2018 ਵਿਚ ਜਾਰੀ ਰਾਸ਼ਟਰੀ ਨਾਗਰਿਕ ਰਜਿਸਟਰ ਵਿਚੋਂ ਬਾਹਰ ਕੱਢ ਦਿੱਤੇ ਗਏ। ਭੋਬੇਨ ਨੇ 3 ਮਾਰਚ 2019 ਨੂੰ ਆਤਮ-ਹੱਤਿਆ ਕਰ ਲਈ। "ਅਸੀਂ ਅੱਗੇ ਤੋਂ ਐਨਆਰਸੀ ਦੇ ਬਾਰੇ ਵਿਚ ਗੱਲ ਨਹੀਂ ਕਰਾਂਗੇ।" ਉਸ ਦੀ ਮਾਂ ਨੇ ਰੋਂਦੇ ਹੋਏ ਉਸ ਨੂੰ ਯਾਦ ਕਰਦੇ ਹੋਏ ਕਿਹਾ। ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਐਨਆਰਸੀ ਦੀ ਅੰਤਿਮ ਸੂਚੀ ਤੋਂ ਬਾਹਰ ਕੀਤੇ ਗਏ 19 ਲੱਖ ਲੋਕਾਂ ਵਿਚੋਂ ਅੱਧੇ ਤੋਂ ਜ਼ਿਆਦਾ ਗੈਰ ਮੁਸਲਮ ਹਨ।

ਐਨਆਰਸੀ ਸੂਚੀ ਪ੍ਰਕਾਸ਼ਤ ਕਰਨ ਦੀ ਸੂਚੀ ਨੂੰ ਅੱਗੇ ਵਧਾਉਣ ਤੋਂ ਬਾਅਦ 31 ਅਗਸਤ 2019 ਨੂੰ ਇਸ ਨੂੰ ਜਾਰੀ ਕਰ ਦਿੱਤਾ ਗਿਆ। ਇਸ ਵਿਚ 19 ਲੱਖ ਲੋਕਾਂ ਦੇ ਨਾਮ ਨਹੀਂ ਹਨ। ਇਹ ਸੰਖਿਆ ਹੋਰ ਵਧ ਸਕਦੀ ਹੈ, ਕਿਉਂਕਿ ਗੁਆਂਢੀਆਂ, ਦੁਸ਼ਮਣਾਂ, ਅਜ਼ਨਬੀਆਂ ਨੂੰ ਇਤਰਾਜ਼ ਦਰਜ ਕਰਾਉਣ ਦਾ ਮੌਕਾ ਦਿੱਤਾ ਗਿਆ ਹੈ। ਆਖਰੀ ਗਿਣਤੀ ਤੱਕ 2 ਲੱਖ ਤੋਂ ਜ਼ਿਆਦਾ ਇਤਰਾਜ਼ ਦਰਜ ਕਰਵਾਏ ਗਏ ਸਨ। ਸਭ ਤੋਂ ਜ਼ਿਆਦਾ ਗਿਣਤੀ ਵਿਚ ਬੱਚਿਆਂ ਤੇ ਔਰਤਾਂ ਦੇ ਨਾਮ ਸੂਚੀ ਤੋਂ ਗਾਇਬ ਹਨ। ਇਸ ਵਿਚ ਜ਼ਿਆਦਾਤਰ ਅਜਿਹੀਆਂ ਔਰਤਾਂ ਹਨ, ਜਿਨਾਂ ਦੇ ਕਬੀਲਿਆਂ ਵਿਚ ਘੱਟ ਉਮਰ ਵਿਚ ਵੀ ਵਿਆਹ ਕਰ ਦਿੱਤਾ ਜਾਂਦਾ ਹੈ ਤੇ ਵਿਆਹ ਤੋਂ ਬਾਅਦ ਰਿਵਾਜ਼ ਅਨੁਸਾਰ ਉਨਾਂ ਦੇ ਨਾਮ ਬਦਲ ਦਿੱਤੇ ਜਾਂਦੇ ਹਨ। ਇਸ ਲਈ ਇਹਨਾਂ ਔਰਤਾਂ ਦੇ ਕੋਲ ਵਿਰਾਸਤ ਸਾਬਤ ਕਰਨ ਲਈ ਜ਼ਰੂਰੀ ਲਿੰਕ ਦਸਤਾਵੇਜ਼ ਨਹੀਂ ਹਨ। ਬਹੁਤ ਵੱਡੀ ਸੰਖਿਆ ਵਿਚ ਅਨਪੜ ਲੋਕ ਹਨ। ਜਿਨਾਂ ਦੇ ਨਾਮ ਜਾਂ ਜਿਨਾਂ ਦੇ ਮਾਂ-ਬਾਪ ਦੇ ਨਾਮ ਦਸਤਾਵੇਜ਼ਾਂ ਵਿਚ ਗਲਤ ਢੰਗ ਨਾਲ ਲਿਖੇ ਹਨ। ਕਿਤੇ ਹਸਨ ਦਾ ਨਾਮ ਹਸਆਨ ਲਿਖਿਆ ਹੈ ਤਾਂ ਕਿਤੇ ਜਾਇਨੁਲ ਦਾ ਨਾਮ ਜੈਨੂਲ ਲਿਖਿਆ ਹੈ। ਜਿਨਾਂ ਲੋਕਾਂ ਦੇ ਨਾਮ ਵਿਚ ਮੁਹੰਮਦ ਆਉਂਦਾ ਹੈ, ਉਹ ਲੋਕ ਇਸ ਲਈ ਮੁਸ਼ਕਲ ਵਿਚ ਹਨ, ਕਿਉਂਕਿ ਮੁਹੰਮਦ ਨੂੰ ਅੰਗਰੇਜ਼ੀ ਵਿਚ ਕਈ ਤਰਾਂ ਨਾਲ ਲਿਖਿਆ ਜਾ ਸਕਦਾ ਹੈ। ਸਿਰਫ ਇਕ ਗਲਤੀ ਤੁਹਾਨੂੰ ਸੂਚੀ ਤੋਂ ਬਾਹਰ ਕਰ ਸਕਦੀ ਹੈ। ਜੇਕਰ ਤੁਹਾਡੇ ਪਿਤਾ ਮਰ ਚੁੱਕੇ ਹਨ ਜਾਂ ਉਹ ਆਪਣੀ ਮਾਂ ਦੇ ਨਾਲ ਨਹੀਂ ਰਹਿੰਦੇ। ਜੇਕਰ ਉਨਾਂ ਨੇ ਕਦੀ ਵੋਟ ਨਹੀਂ ਦਿੱਤਾ, ਪੜੇ ਲਿਖੇ ਨਹੀਂ ਹਨ ਤੇ ਉਨਾਂ ਦੇ ਕੋਲ ਜ਼ਮੀਨ ਨਹੀਂ ਹੈ ਤਾਂ ਤੁਹਾਡਾ ਬਚਣਾ ਮੁਸ਼ਕਲ ਹੈ, ਕਿਉਂਕਿ ਇਸ ਕਾਨੂੰਨ ਵਿਚ ਮਾਂ ਦੀ ਵਿਰਾਸਤ ਦੀ ਮਾਨਤਾ ਨਹੀਂ ਹੈ। ਐਨਆਰਸੀ ਅਪਡੇਟ ਕਰਨ ਦੀ ਪ੍ਰਕਿਰਿਆ ਵਿਚ ਬੜੇ ਗੁੰਝਲਦਾਰ ਨਿਯਮ ਔਰਤਾਂ ਤੇ ਗਰੀਬਾਂ ਦੇ ਖਿਲਾਫ਼ ਹਨ। ਭਾਰਤ ਦੇ ਜ਼ਿਆਦਾਤਰ ਗਰੀਬ ਲੋਕ ਮੁਸਲਮਾਨ, ਦਲਿਤ ਤੇ ਆਦਿਵਾਸੀ ਹਨ।

ਜਿਨਾਂ 19 ਲੱਖ ਲੋਕਾਂ ਦੇ ਨਾਮ ਸੂਚੀ ਵਿਚੋਂ ਗਾਇਬ ਹਨ, ਹੁਣ ਉਨਾਂ ਨੂੰ ਫੋਰਨ ਟ੍ਰਿਬਿਊਨਲ ਵਿਚ ਅਪੀਲ ਕਰਨੀ ਹੋਵੇਗੀ। ਅਸਾਮ ਵਿਚ ਅਜਿਹੀਆਂ ਸੋ ਟ੍ਰਿਬਿਊਨਲ ਹਨ, ਬਾਕੀ ਹੋਰ ਬਣਾਉਣ ਦੀ ਗੱਲ ਕੀਤੀ ਗਈ ਹੈ। ਟ੍ਰਿਬਿਊਨਲ ਦੇ ਜੱਜ ਜਿਨਾਂ ਨੂੰ ਮੈਂਬਰ ਕਿਹਾ ਜਾਂਦਾ ਹੈ, ਜਿਨਾਂ ਦੇ ਹੱਥਾਂ ਵਿਚ ਲੱਖਾਂ ਲੋਕਾਂ ਦੀ ਤਕਦੀਰ ਹੈ, ਉਨਾਂ ਕੋਲ ਜੱਜ ਹੋਣ ਦਾ ਅਨੁਭਵ ਨਹੀਂ ਹੈ। ਇਹ ਲੋਕ ਅਫਸਰਸ਼ਾਹੀ ਨਾਲ ਜੁੜੇ ਲੋਕ ਹਨ ਜਾਂ ਜੂਨੀਅਰ ਵਕੀਲ ਹਨ। ਸਰਕਾਰ ਨੇ ਇਨਾਂ ਨੂੰ ਮੋਟੀਆਂ ਤਨਖਾਹਾਂ 'ਤੇ ਰੱਖਿਆ ਹੋਇਆ ਹੈ। ਇਹ ਵਿਵਸਥਾ ਅਨਿਆਂ ਨਾਲ ਭਰਪੂਰ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੇ ਜੋ ਦਸਤਾਵੇਜ਼ ਹਾਸਲ ਕੀਤੇ ਹਨ, ਉਨਾਂ ਤੋਂ ਪਤਾ ਚੱਲਦਾ ਹੈ ਕਿ ਜੇਕਰ ਪੀੜਤ ਲੋਕਾਂ ਨੇ ਅਪੀਲ ਖਾਰਜ ਹੋਣ ਤੋਂ ਬਾਅਦ ਅਪੀਲ ਕਰਨੀ ਹੋਵੇਗੀ ਤਾਂ ਉਨਾਂ ਨੂੰ ਉਧਾਰ ਲੈਣਾ ਪਵੇਗਾ ਤੇ ਆਪਣੀਆਂ ਜ਼ਮੀਨਾਂ ਤੇ ਘਰਾਂ ਨੂੰ ਵੇਚਣਾ ਹੋਵੇਗਾ। ਕਰਜ਼ ਵਿਚ ਡੁੱਬੇ ਇਨਾਂ ਗਰੀਬ ਲੋਕਾਂ ਦੀ ਜ਼ਿੰਦਗੀ ਕਿੰਨੀ ਨਰਕ ਭਰਪੂਰ ਹੈ, ਇਸ ਗੱਲ ਦਾ ਅੰਦਾਜ਼ਾ ਭਾਰਤੀ ਸਿਸਟਮ ਨਹੀਂ ਲਗਾ ਸਕਦਾ। ਜਿਹੜੇ ਇਸ ਗੱਲ ਦਾ ਸਾਹਮਣਾ ਨਹੀਂ ਕਰ ਰਹੇ, ਉਹ ਖੁਦਕੁਸ਼ੀਆਂ ਵੀ ਕਰ ਰਹੇ ਹਨ। ਏਨੇ ਵੱਡੇ ਪੈਮਾਨੇ 'ਤੇ ਕੀਤੀ ਗਈ, ਇਸ ਮੁਹਿੰਮ ਤੇ ਕਰੋੜਾਂ ਰੁਪਏ ਖਰਚ ਕਰਨ ਦੇ ਬਾਅਦ ਐਨਆਰਸੀ ਨਾਲ ਸਰੋਕਾਰ ਰੱਖਣ ਵਾਲੇ ਲੋਕਾਂ ਨੂੰ ਆਖਰੀ ਸੂਚੀ ਜਾਰੀ ਹੋਣ ਤੋਂ ਬਾਅਦ ਭਿਆਨਕ ਨਿਰਾਸ਼ਾ ਹੱਥ ਲੱਗੀ ਹੈ। ਬੰਗਾਲੀ ਮੂਲ ਦੇ ਪੀੜਤ ਲੋਕ ਇਸ ਲਈ ਨਿਰਾਸ਼ ਹਨ, ਕਿਉਂਕਿ ਉਨਾਂ ਨੂੰ ਨਾਗਰਿਕਾਂ ਦੀ ਸੂਚੀ ਵਿਚੋਂ ਮਨਮਾਨੇ ਢੰਗ ਦੇ ਨਾਲ ਬਾਹਰ ਕਰ ਦਿੱਤਾ ਗਿਆ ਹੈ। ਅਸਾਮੀ ਰਾਸ਼ਟਰਵਾਦੀ ਇਸ ਲਈ ਨਰਾਜ਼ ਹਨ, ਕਿਉਂਕਿ ਅਨੁਮਾਨਤ 50 ਲੱਖ ਘੁਸਪੈਠੀਆਂ ਦੇ ਮੁਕਾਬਲੇ ਬਹੁਤ ਘੱਟ ਲੋਕ ਬਾਹਰ ਹੋਏ ਹਨ। ਉਹ ਮਹਿਸੂਸ ਕਰਦੇ ਹਨ ਕਿ ਬਹੁਤ ਜ਼ਿਆਦਾ ਨਾਜਾਇਜ਼ ਵਿਦੇਸ਼ੀਆਂ ਨੂੰ ਨਾਗਰਿਕ ਸੂਚੀ ਵਿਚ ਜਗਾ ਮਿਲ ਗਈ ਹੈ ਤੇ ਭਾਰਤ ਵਿਚ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਇਸ ਲਈ ਨਿਰਾਸ਼ ਹਨ, ਕਿਉਂਕਿ 19 ਲੱਖ ਲੋਕਾਂ ਵਿਚੋਂ ਅੱਧੇ ਗੈਰ ਮੁਸਲਮਾਨ ਹਨ। ਜੱਜ ਰੰਜਨ ਗੰਗੋਈ ਨੇ ਐਨਆਰਸੀ ਦੇ ਮੁੱਖ ਅਫਸਰ ਪ੍ਰਤੀਕ ਹਲੇਜਾ ਦੇ ਟ੍ਰਾਂਸਫਰ ਦਾ ਹੁਕਮ ਦਿੱਤਾ ਤੇ ਅਸਾਮ ਛੱਡਣ ਲਈ 7 ਦਿਨ ਦਾ ਸਮਾਂ ਦਿੱਤਾ। ਜੱਜ ਨੇ ਆਪਣੇ ਹੁਕਮ ਦੇ ਪਿੱਛੇ ਦਾ ਕਾਰਨ ਨਹੀਂ ਦੱਸਿਆ। ਫਿਰ ਤੋਂ ਐਨਆਰਸੀ ਕਰਾਏ ਜਾਣ ਦੀ ਮੰਗ ਉੱਠਣ ਲੱਗੀ ਹੈ। ਅਸਾਮ ਵਿਚ ਸਮੱਸਿਆ ਹੈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਇਸ ਦਾ ਹੱਲ ਹੋਣਾ ਚਾਹੀਦਾ ਹੈ। ਪਰੇਸ਼ਾਨੀ ਇਹ ਹੈ ਕਿ ਇਕ ਵਾਰ ਜਾਤੀ ਰਾਸ਼ਟਰਵਾਦ ਦੀ ਅੱਗ ਭੜਕਾ ਦਿੱਤੀ ਜਾਵੇ ਕਿ ਇਹ ਦੱਸਣਾ ਮੁਸ਼ਕਲ ਹੋ ਜਾਵੇਗਾ ਕਿ ਇਹ ਹਵਾਵਾਂ ਇਸ ਅੱਗ ਨੂੰ ਕਿਸ ਦਿਸ਼ਾ ਵਿਚ ਲੈ ਜਾਣਗੀਆਂ। ਹਾਲ ਵਿਚ ਲੱਦਾਖ ਵਿਚ ਜੋ ਜੰਮੂ-ਕਸ਼ਮੀਰ ਤੇ ਸਪੈਸ਼ਲ ਸਟੇਟਸ ਨੂੰ ਸਮਾਪਤ ਕਰਨ ਦੇ ਫਲਸਰੂਪ ਹੋਂਦ ਵਿਚ ਆਇਆ ਹੈ, ਉੱਥੇ ਬੋਧੀਆਂ ਤੇ ਕਾਰਗਲ ਦੇ ਸ਼ੀਆ ਮੁਸਲਮਾਨਾਂ ਦੇ ਵਿਚਾਲੇ ਤਣਾਅ ਵਧਣ ਲੱਗ ਪਿਆ ਹੈ। ਹਿੰਦੁਸਤਾਨ ਦੇ ਕੇਵਲ ਪੂਰਬੀ ਰਾਜਾਂ ਵਿਚ ਹੀ ਚਿੰਗਾੜੀਆਂ ਨੇ ਪੁਰਾਣੀਆਂ ਦੁਸ਼ਮਣੀਆਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਹੈ। ਅਰੁਣਾਂਚਲ ਪ੍ਰਦੇਸ਼ ਵਿਚ ਅਸਾਮੀ ਲੋਕਾਂ ਨੂੰ ਘੁਸਪੈਠੀਏ ਕਿਹਾ ਜਾ ਰਿਹਾ ਹੈ। ਮੇਘਾਲਿਆ ਨੇ ਅਸਾਮ ਵਿਚ ਲੱਗੀ ਸੀਮਾ ਨੂੰ ਬੰਦ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਹੁਣ ਸਾਰੇ ਬਾਹਰੀ ਲੋਕਾਂ ਨੂੰ 24 ਘੰਟੇ ਤੋਂ ਜ਼ਿਆਦਾ ਰੁਕਣ ਦੇ ਲਈ ਨਵੇਂ ਕਾਨੂੰਨ ਮੇਘਾਲਿਆ ਰੈਜੀਡੈਂਟ ਸੇਫਟੀ ਐਂਡ ਸਕਿਉਰਿਟੀ ਐਕਟ ਦੇ ਤਹਿਤ ਸਰਕਾਰ ਕੋਲ ਰਜਿਸਟਰ ਕਰਵਾਉਣਾ ਹੋਵੇਗਾ। ਨਾਗਾਲੈਂਡ ਵਿਚ ਸਰਕਾਰ ਤੇ ਨਾਗਾ ਵਿਦਰੋਹੀਆਂ ਵਿਚਾਲੇ 22 ਸਾਲ ਤੋਂ ਜਾਰੀ ਸ਼ਾਂਤੀ ਵਾਰਤਾ ਅਲੱਗ ਅਲੱਗ ਨਾਗਾ ਝੰਡੇ ਤੇ ਸੰਵਿਧਾਨ ਦੀ ਮੰਗ ਨੂੰ ਲੈ ਕੇ ਮੱਸਲੇ ਉਲਝ ਗਏ ਹਨ। ਮਣੀਪੁਰ ਵਿਚ ਨਾਗਾ ਤੇ ਕੇਂਦਰ ਸਰਕਾਰ ਵਿਚਾਲੇ ਸੰਭਾਵਿਤ ਸਮਝੌਤੇ ਤੋਂ ਨਰਾਜ਼ ਲੋਕਾਂ ਨੇ ਲੰਡਨ ਵਿਚ ਪ੍ਰਵਾਸੀ ਸਰਕਾਰ ਦਾ ਐਲਾਨ ਕਰ ਦਿੱਤਾ ਹੈ। ਤ੍ਰਿਪੁਰਾ ਵਿਚ ਮੂਲ ਆਦਿਵਾਸੀ ਲੋਕ ਆਪਣੇ ਲਈ ਐਨਆਰਸੀ ਦੀ ਮੰਗ ਕਰ ਰਹੇ ਹਨ ਤਾਂ ਕਿ ਬੰਗਾਲੀ ਹਿੰਦੂਆਂ ਨੂੰ ਰਾਜ ਵਿਚੋਂ ਭਜਾ ਸਕਣ, ਜਿਨਾਂ ਨੂੰ ਰਾਜ ਵਿਚ ਉਨਾਂ ਨੂੰ ਘੱਟ ਗਿਣਤੀ ਬਣਾ ਦਿੱਤਾ ਹੈ। ਇਸ ਤਰਾਂ ਦੀ ਉਥਲ ਪੁਥਲ ਤੇ ਤਣਾਅ ਨਾਲ ਮੋਦੀ ਸਰਕਾਰ ਨੂੰ ਕੋਈ ਫਰਕ ਨਹੀਂ ਪੈ ਰਿਹਾ ਤੇ ਐਨਆਰਸੀ ਨੂੰ ਪੂਰੇ ਭਾਰਤ ਵਿਚ ਲਾਗੂ ਕਰਨ ਦਾ ਇਤਜ਼ਾਮ ਕਰਨ ਵਿਚ ਲੱਗੀ ਹੋਈ ਹੈ।

ਬਾਕੀ ਸਫ਼ਾ 32 'ਤੇ

# ਦਿੱਲੀ ਵਿਧਾਨ ਸਭਾ ਚੋਣਾਂ 'ਚ ਮੋਦੀ ਤੇ ਕੇਜਰੀਵਾਲ 'ਚ ਮੁਕਾਬਲਾ ਫਸੇਗਾ

**- ਗੁਰਮੀਤ ਪਲਾਹੀ**

(ਆਪ) ਨੇ ਦਿੱਲੀ ਦੀਆਂ 70 ਵਿਧਾਨ ਸਭਾ ਸੀਟਾਂ ਵਿੱਚੋਂ 67 ਉਤੇ ਜਿੱਤ ਪ੍ਰਾਪਤ ਕੀਤੀ ਸੀ, ਜਦ ਕਿ ਭਾਜਪਾ, ਜੋ 2014 ਵਿਚ ਰਾਸ਼ਟਰੀ ਪੱਧਰ ਉਤੇ ਚੋਣ ਜਿੱਤ ਕੇ ਕੇਂਦਰ ਵਿੱਚ ਮੋਦੀ ਸਰਕਾਰ ਬਨਾਉਣ ਵਿਚ ਕਾਮਯਾਬ ਹੋਈ ਸੀ, ਇਨਾਂ ਚੋਣਾਂ ਵਿੱਚ ਸਿਰਫ਼ ਤਿੰਨ ਸੀਟਾਂ ਉਤੇ ਜਿੱਤੀ ਸੀ। ਕਾਂਗਰਸ ਨੂੰ ਇੱਕ ਵੀ ਸੀਟ ਨਹੀਂ ਸੀ ਮਿਲੀ ਅਤੇ ਉਸਦੇ 63 ਉਮੀਦਵਾਰਾਂ ਦੀਆਂ ਜ਼ਮਾਨਤਾਂ ਤੱਕ ਜਬਤ ਹੋ ਗਈਆਂ ਸਨ, ਜਿਹਨਾਂ ਵਿੱਚ ਕਾਂਗਰਸ ਦੇ ਕਈ ਪ੍ਰਮੁੱਖ ਨੇਤਾ ਸ਼ਾਮਲ ਸਨ। ਆਪ ਨੇ 54.3 ਫ਼ੀਸਦੀ, ਭਾਜਪਾ ਨੇ 32.2 ਫ਼ੀਸਦੀ ਅਤੇ ਕਾਂਗਰਸ ਨੇ ਮੁਸ਼ਕਲ ਨਾਲ 9.7 ਫ਼ੀਸਦੀ ਵੋਟ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਾਪਤ ਕੀਤੇ ਸਨ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 8 ਫਰਵਰੀ ਨੂੰ ਹੋ ਰਹੀਆਂ ਹਨ। ਆਪ ਪਾਰਟੀ ਨੇ ਪਹਿਲ ਕਰਦਿਆਂ ਆਪਣੇ ਉਮੀਦਵਾਰਾਂ ਦੀ ਲਿਸਟ ਵੀ ਜਾਰੀ ਕਰ ਦਿੱਤੀ ਹੈ। ਇਹ ਚੋਣਾਂ ਜਿਥੇ ਆਪ ਲਈ 'ਕਰੋ ਜਾਂ ਮਰੋ' ਵਾਲੀ ਭਾਵਨਾ ਨਾਲ ਲੜੀਆਂ ਜਾ ਰਹੀਆਂ ਹਨ, ਉਥੇ ਭਾਜਪਾ ਲਈ ਵੀ ਇਹ ਇਮਤਿਹਾਨ ਦਾ ਸਮਾਂ ਹੈ। ਕਿਉਂਕਿ ਪਿਛਲੇ ਦਿਨੀਂ ਹੋਈਆਂ ਰਾਜਾਂ ਦੀਆਂ ਚੋਣਾਂ, ਜਿਹਨਾ ਵਿੱਚ ਖ਼ਾਸ ਕਰਕੇ ਝਾਰਖੰਡ ਵੀ ਸ਼ਾਮਲ ਹੈ, ਭਾਜਪਾ ਨੂੰ ਮੂੰਹ ਦੀ ਖਾਣੀ ਪਈ ਹੈ। ਮਹਾਂਰਾਸ਼ਟਰ ਉਸ ਦੇ ਹੱਥੋਂ ਖਿਸਕ ਗਿਆ ਹੈ। ਹਰਿਆਣਾ ਜਾਂਦਾ ਜਾਂਦਾ ਬਚਿਆ ਹੈ। ਇਹਨਾ ਚੋਣਾਂ ਵਿਚ ਭਾਜਪਾ ਨੇ ਰਾਸ਼ਟਰੀ ਮੁੱਦਿਆਂ, ਜਿਹਨਾ ਵਿੱਚ ਕਸ਼ਮੀਰ ਵਿੱਚੋਂ 370 ਦਾ ਖ਼ਾਤਮਾ, ਰਾਮ ਮੰਦਿਰ ਦੀ ਉਸਾਰੀ, ਸੀ.ਏ.ਏ. ਅਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਦੇ ਮੁੱਦਿਆਂ ਨੂੰ ਉਭਾਰਿਆ ਸੀ, ਪਰ ਸਥਾਨਕ ਲੋਕਾਂ ਨੇ ਇਹਨਾਂ ਮੁੱਦਿਆਂ ਪ੍ਰਤੀ ਦਿਲਚਸਪੀ ਨਾ ਲੈ ਕੇ ਸਥਾਨਕ ਮੁੱਦਿਆਂ ਉਤੇ ਵੋਟ ਦਿੱਤੀ ਤੇ ਉਹਨਾਂ ਲੋਕਾਂ ਨੂੰ ਹਾਕਮ ਚੁਣਿਆ, ਜਿਹੜੇ ਉਹਨਾਂ ਦੇ ਪਸੰਦੀਦਾ ਸਨ। ਦਿੱਲੀ ਵਿਧਾਨ ਸਭਾ ਦੀ ਮੌਜੂਦਾ ਚੋਣ ਨੂੰ ਭਾਜਪਾ ਵਲੋਂ ਮੋਦੀ ਬਨਾਮ ਕੇਜਰੀਵਾਲ ਬਨਾਉਣ ਲਈ ਦਾਅ ਖੇਡਿਆ ਜਾਏਗਾ, ਕਿਉਂਕਿ ਭਾਜਪਾ ਦੇ ਰਣਨੀਤੀਕਾਰ, ਜਿਹਨਾ ਵਿੱਚ ਮੋਦੀ, ਸ਼ਾਹ, ਨੱਢਾ (ਭਾਜਪਾ ਦੇ ਐਕਟਿੰਗ ਪ੍ਰਧਾਨ) ਸ਼ਾਮਲ ਹਨ, ਨੇ ਪ੍ਰਧਾਨ ਮੰਤਰੀ ਦੀ ਹਰਮਨ ਪਿਆਰਤਾ ਨੂੰ ਦਾਅ ਉਤੇ ਲਾਉਣ ਦਾ ਫੈਸਲਾ ਕਰ ਲਿਆ ਹੈ, ਜਿਹਨਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 300 ਤੋਂ ਵੱਧ ਸੀਟਾਂ ਉਤੇ



ਜਿੱਤ ਦੁਆਈ ਸੀ। ਭਾਜਪਾ ਜਿਥੇ ਐਨਆਰਸੀ, ਸੀਏਏ, 370 ਧਾਰਾ ਦਾ ਕਸ਼ਮੀਰ ਵਿਚੋਂ ਖ਼ਾਤਮਾ, ਦੇ ਮੁੱਦੇ ਨੂੰ ਦਿੱਲੀ ਚੋਣਾਂ ਵਿਚ ਮੁੱਖ ਰਖੇਗੀ, ਉਥੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੇ ਦੇਸ਼ ਦੇ ਹੋਰ ਭਾਗਾਂ ਵਿਚ ਹੋਈ ਸੀਏਏ ਦੇ ਵਿਰੋਧ ਵਿਚ ਹੋਈ ਹਿੰਸਾ ਨੂੰ ਵੀ ਮੁੱਦਾ ਬਣਾਏਗੀ, ਕਿਉਂਕਿ ਇਸ ਨੂੰ ਖੱਬੇ ਪੱਖੀ ਬਨਾਮ ਆਰਐਸਐਸ ਦੇ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਭਾਜਪਾ, ਜਵਾਹਰ ਲਾਲ ਨਹਿਰੂ ਯੂਨੀਰਵਸਿਟੀ ਨੂੰ ਦੇਸ਼ ਧਰੋਹੀਆਂ ਦੀ ਫੈਕਟਰੀ ਮੰਨਦੀ ਹੈ, ਹਲਾਂਕਿ ਇਸ ਵਿੱਚ ਪੜਨ ਵਾਲੇ ਵਿਦਿਆਰਥੀ ਦੇਸ਼ ਦੀਆਂ ਉੱਚ ਪ੍ਰੀਖਿਆਵਾਂ ਵਿੱਚ ਵੱਡੀ ਗਿਣਤੀ ਵਿਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਸਫ਼ਲ ਹੁੰਦੇ ਹਨ। ਪਰ ਭਾਜਪਾ ਇਹਨਾਂ ਵਿਰੁਧ ਸਖ਼ਤ ਕਾਰਵਾਈ ਕਰਕੇ ਦਿੱਲੀ ਦੇ ਮੱਧ ਵਰਗ ਦੇ ਲੋਕਾਂ ਅਤੇ ਹਿੰਦੂਆਂ ਦੀ ਮਾਨਸਿਕਤਾ ਨੂੰ ਆਪਣੇ ਹੱਥ ਵਿਚ ਭਨਾਉਣਾ ਚਾਹੁੰਦੀ ਹੈ। ਜੇਕਰ ਦਿੱਲੀ ਵਿੱਚ ਇਹ ਦਾਅ ਵਰਤ ਕੇ ਉਹ ਹਿੰਦੂਆਂ ਅਤੇ ਮੱਧ ਵਰਗ ਦੇ ਲੋਕਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਪੱਛਮੀ ਬੰਗਾਲ, ਬਿਹਾਰ ਆਦਿ ਵਿੱਚ ਜੋ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ, ਉਥੇ ਵੀ ਇਹੋ ਦਾਅ ਉਸ ਵਲੋਂ ਵਰਤਿਆ ਜਾਏਗਾ । ਉਂਜ ਵੀ ਮੁਢਲੇ ਤੌਰ ਤੇ ਭਾਜਪਾ ਇੱਕ ਵਰਗ ਵਿਸ਼ੇਸ਼ ਮੁਸਲਮਾਨਾਂ ਤੋਂ ਉਹ ਲਗਾਤਾਰ ਦੂਰੀ ਬਣਾਕੇ ਰੱਖਦੀ ਹੈ ਤੇ ਆਪਣੀ ਚੋਣ ਮੁਹਿੰਮ ਵਿਚ ਉਹ ਮੁਸਲਮਾਨ ਉਮੀਦਵਾਰਾਂ ਨੂੰ ਸ਼ਾਮਲ ਨਹੀਂ ਕਰਦੀ। ਪਰ ਭਾਜਪਾ ਦੇ ਮੁਕਾਬਲੇ ਐਨਡੀਏ, ਕਾਂਗਰਸ ਤੇ ਖੇਤਰੀ ਦਲਾਂ ਦਾ ਜਿਸ ਕਿਸਮ ਦਾ ਗੱਠਜੋੜ ਇਹਨਾ ਦਿਨਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ, ਜਿਹਨਾ ਵਲੋਂ ਰਾਸ਼ਟਰੀ ਮੁੱਦਿਆਂ ਦੀ ਬਜਾਏ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ ਜਾ ਰਹੀ, ਉਸ ਨਾਲ ਸਥਾਨਕ ਵਿਧਾਨ ਸਭਾ ਚੋਣਾਂ ਵਿਚ ਹੈਰਾਨੀਜਨਕ ਨਤੀਜੇ ਮਿਲਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕੇਜਰੀਵਾਲ ਵਲੋਂ ਪਿਛਲੇ ਇੱਕ ਸਾਲ ਦੇ ਸਮੇਂ ਤੋਂ ਸਥਾਨਕ ਮੁੱਦਿਆਂ ਵੱਲ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਉਸਦੀ ਸਰਕਾਰ ਨੇ ਲੋਕਾਂ ਦੇ ਬਿਜਲੀ ਅਤੇ ਪਾਣੀ ਦੇ ਬਿੱਲ ਮੁਆਫ਼ ਕੀਤੇ ਹਨ ਜਾਂ ਉਹਨਾ ਵਿਚ ਭਾਰੀ ਕਟੌਤੀ ਕੀਤੀ ਹੈ, ਬੱਸਾਂ ਵਿਚ ਔਰਤਾਂ ਨੂੰ ਮੁਫ਼ਤ ਯਾਤਰਾ ਦੀ ਸਹੂਲਤ ਦਿੱਤੀ ਹੈ, ਮੁਹੱਲਾ ਕਲੀਨਿਕਾਂ ਅਤੇ ਸਰਕਾਰੀ ਸਕੂਲਾਂ ਵਿਚ ਬਿਹਤਰ ਸਹੂਲਤਾਂ ਦੇਣ ਵਿਚ ਉਸਨੇ ਸਫ਼ਲਤਾ ਹਾਸਲ ਕੀਤੀ ਹੈ। ਉਸਨੇ ਮੋਦੀ ਨੂੰ ਬੁਰਾ ਭਲਾ ਕਹਿਣ ਦੀ ਨੀਤੀ ਤਿਆਗ ਕੇ, ਸਥਾਨਕ ਵਿਕਾਸ ਅਤੇ ਲੋਕਾਂ ਦੀਆਂ ਤਕਲੀਫ਼ਾਂ ਦੂਰ ਕਰਨ ਨੂੰ ਪਹਿਲ ਦੇਣੀ ਸ਼ੁਰੂ ਕੀਤੀ ਹੈ। ਕੇਜਰੀਵਾਲ ਵਲੋਂ ਇੱਕ ਰਣਨੀਤੀ ਤਹਿਤ ਕੇਂਦਰ ਸਰਕਾਰ ਦੇ ਪੁਲਿਸ ਬਲਾਂ ਅਤੇ ਉਪ ਰਾਜਪਾਲ ਵਲੋਂ ਉਸਨੂੰ ਕੰਮ ਨਾ ਕਰਨ ਦੇਣ ਦੀਆਂ ਉਦਾਹਰਣਾਂ ਲੋਕਾਂ ਸਾਹਮਣੇ ਪੇਸ਼ ਕਰਕੇ ਭਾਜਪਾ ਨੂੰ ਚੋਣਾਂ ਵਿਚ ਭਾਂਜ ਦੇਣ ਦੀ ਕੋਸ਼ਿਸ਼ ਹੋਏਗੀ। ਕੇਜਰੀਵਾਲ ਦੇ ਹੱਕ ਵਿੱਚ ਇਹ ਗੱਲ ਵੀ ਕੀਤੀ ਜਾਂਦੀ ਹੈ ਕਿ ਦੇਸ਼ ਦਾ ਇਸ ਵੇਲੇ ਜੋ ਮਾਹੌਲ ਮੌਜੂਦਾ ਸਰਕਾਰ ਵਲੋਂ ਬਣਾਇਆ ਜਾ ਰਿਹਾ ਹੈ, ਉਸ ਵਿੱਚ ਘੱਟ ਗਿਣਤੀਆਂ ਨੁਕਰੇ ਲਗਾਈਆਂ ਜਾ ਰਹੀਆਂ ਹਨ। ਉਹ ਭਾਜਪਾ ਨੂੰ ਵੋਟ ਨਹੀਂ ਦੇਣਗੀਆਂ। ਕਿਉਂਕਿ ਕਾਂਗਰਸ, ਦਿੱਲੀ ਵਿੱਚ ਜਿੱਤਣ ਵਾਲੀ ਸਥਿਤੀ ਵਿੱਚ ਨਹੀਂ ਹੋ ਸਕਦੀ, ਇਸ ਲਈ ਭਾਜਪਾ ਨੂੰ ਹਰਾਉਣ ਲਈ ਘੱਟ ਗਿਣਤੀ ਫ਼ਿਰਕਿਆਂ ਦੇ ਵੋਟਰ ਕੇਜਰੀਵਾਲ ਦੀ ਪਾਰਟੀ 'ਆਪ' ਨੂੰ ਵੋਟ ਕਰ ਸਕਦੇ ਹਨ।

ਉਂਜ ਦਿੱਲੀ ਚੋਣਾਂ ਵਿੱਚ ਮੁਕਾਬਲਾ ਮੁੱਖ ਤੌਰ 'ਤੇ ਤਿਕੋਨਾ ਹੀ ਹੋਏਗਾ। ਭਾਜਪਾ ਭਾਵੇਂ ਹਾਲ ਦੀ ਘੜੀ ਹਮਲਾਵਰ ਨਹੀਂ ਦਿਖਦੀ। ਪਰ ਉਸ ਕੋਲ ਆਪਣੀਆਂ ਚੋਣਾਂ ਲੜਨ ਲਈ ਅਸੀਮਤ ਸਾਧਨ ਹਨ।

ਬਾਕੀ ਸਫ਼ਾ 33 'ਤੇ

# ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਭਗਵਾਂਕਰਨ ਦਾ ਅਕਾਲ ਤਖ਼ਤ ਸਾਹਿਬ ਵੱਲੋਂ ਵਿਰੋਧ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਅੰਮ੍ਰਿਤਸਰ ਦੇ ਰੇਲ ਅੱਡੇ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਪਾਸ ਕੀਤੇ ਗਏ ਡਿਜ਼ਾਈਨ ਦਾ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵਿਰੋਧ ਕੀਤਾ ਹੈ। ਸਾਹਮਣੇ ਆਈਆਂ ਰਿਪੋਰਟਾਂ ਮੁਤਾਬਕ ਇਸ ਸਟੇਸ਼ਨ ਨੂੰ ਜਨਤਕ ਤੇ ਨਿੱਜੀ ਖੇਤਰ ਦੇ ਸਹਿਯੋਗ (ਪੀਪੀਪੀ ਮੋਡ) ਰਾਹੀਂ ਨਵੇਂ ਰੂਪ 'ਚ ਬਣਾਇਆ ਜਾਵੇਗਾ ਤੇ ਇਸ ਦੇ ਨਕਸ਼ੇ ਤੇ ਡਿਜ਼ਾਈਨ ਨੂੰ ਸਰਕਾਰੀ-ਪ੍ਰਾਈਵੇਟ ਭਾਈਵਾਲੀ ਅਪਰੇਜ਼ਲ ਕਮੇਟੀ ਨੇ ਲੰਘੇ ਵਰੇ 20 ਦਸੰਬਰ ਨੂੰ ਪ੍ਰਵਾਨਗੀ ਦਿੱਤੀ ਹੈ।

ਸਾਹਮਣੇ ਆਏ ਇਸ ਡਿਜ਼ਾਈਨ ਮੁਤਾਬਕ ਅੱਡੇ ਵਿੱਚ ਦਾਖਲ ਹੁੰਦਿਆਂ ਹੀ ਇਕ ਕਮਲ ਦੇ ਫੁੱਲ ਦੇ ਆਕਾਰ ਵਾਲਾ ਸਰੋਵਰ ਬਣਾਇਆ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਸਿੱਖਾਂ ਦੇ ਇਸ ਧਾਰਮਿਕ ਸ਼ਹਿਰ ਵਿੱਚ ਕੀਤੀ ਜਾ ਰਹੀ ਇਸ ਭਗਵੇਂਕਰਨ ਦੀ ਕੋਸ਼ਿਸ਼ ਦਾ ਵਿਰੋਧ ਕੀਤਾ ਹੈ। ਜ਼ਿਕਰਯੋਗ ਹੈ ਕਿ ਕਮਲ ਦਾ ਫੁੱਲ ਦੇ ਅਕਾਰ ਵਾਲੇ ਇਸ ਸਰੋਵਰ ਦਾ ਚਿੰਨ ਹਿੰਦੂ ਦੇਵਤਿਆਂ ਨਾਲ ਮਿਲਦਾ ਹੈ ਤੇ ਇਹ ਹਿੰਦੁਤਵੀ ਪਾਰਟੀ ਭਾਜਪਾ ਦਾ ਚੋਣ ਨਿਸ਼ਾਨ ਵੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਡਿਜ਼ਾਈਨ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਇਸ ਨਾਲ ਸਹਿਮਤ ਨਹੀਂ ਹਨ ਅਤੇ ਉਨਾਂ ਇਸ ਨੂੰ ਸਿੱਖਾਂ ਦੇ ਧਾਰਮਿਕ ਸ਼ਹਿਰ ਦੀ ਵਿਰਾਸਤ ਨੂੰ ਢਾਹ ਲਾਉਣ ਦਾ ਯਤਨ ਦੱਸਿਆ ਤੇ ਕਿਹਾ ਕਿ ਇਹ ਡਿਜ਼ਾਈਨ ਇੱਕ ਪਾਰਟੀ ਦੇ ਚਿੰਨ ਨੂੰ ਰੋਸ਼ਨ ਕਰ ਰਿਹਾ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, 'ਡਿਜ਼ਾਈਨ ਬਣਾਉਣ ਵਾਲੇ ਇਸ ਗੱਲ ਨੂੰ ਕਿਵੇਂ ਨਜ਼ਰਅੰਦਾਜ਼ ਕਰ ਸਕਦੇ ਹਨ ਕਿ ਅੰਮ੍ਰਿਤਸਰ ਸ਼ਹਿਰ ਜਿੱਥੇ ਦਰਬਾਰ ਸਾਹਿਬ ਸਥਾਪਤ ਹੈ ਉਸ ਨੂੰ ਗੁਰੂ ਰਾਮ ਦਾਸ ਪਾਤਸ਼ਾਹ ਨੇ ਵਸਾਇਆ ਸੀ। ਇਸ ਡਿਜ਼ਾਈਨ ਨੂੰ ਅਸੀਂ ਮੁੱਢੋਂ ਰੱਦ ਕਰਦੇ ਹਾਂ।'

ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਡਿਜ਼ਾਈਨ ਬਣਾਉਣ ਵਾਲੀ ਕਮੇਟੀ ਨੂੰ ਸ਼ਹਿਰ ਦੀ ਸਿੱਖ ਵਿਰਾਸਤ ਮੁਤਾਬਕ ਡਿਜ਼ਾਈਨ ਬਣਾਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੁਮਾਇੰਦੇ ਇਸ ਮਸਲੇ ਸਬੰਧੀ ਸਬੰਧਤ ਮਹਿਕਮੇ ਨਾਲ ਜਲਦ ਮੁਲਾਕਾਤ ਕਰਨਗੇ।



ਭਾਜਪਾ ਵੱਲੋਂ ਸਿੱਖ ਵਿਰੋਧ ਨੂੰ ਗੈਰ-ਜ਼ਰੂਰੀ ਕਰਾਰ ਦਿੱਤਾ ਗਿਆ

ਭਾਜਪਾ ਦੇ ਪੰਜਾਬ ਪ੍ਰਧਾਨ ਸ਼ਵੇਤ ਮਲਿਕ ਨੇ ਕਿਹਾ ਕਿ ਇਸ ਡਿਜ਼ਾਈਨ 'ਤੇ ਬੇਲੋੜਾ ਵਿਵਾਦ ਛੇੜਿਆ ਜਾ ਰਿਹਾ ਹੈ। ਟ੍ਰਿਬਿਊਨ ਅਖਬਾਰ ਵਿਚ ਛਪੇ ਉਨਾਂ ਦੇ ਬਿਆਨ ਵਿਚ ਕਿਹਾ ਗਿਆ ਕਿ, 'ਕਮਲ ਦਾ ਫੁੱਲ ਸਿਰਫ ਭਾਜਪਾ ਨਾਲ ਸਬੰਧਿਤ ਕਿਵੇਂ ਹੋ ਸਕਦਾ ਹੈ ? ਰੇਲਵੇ ਸਟੇਸ਼ਨ ਦੀ ਇਮਾਰਤ ਦੀ ਗੁੰਬਦਾਂ ਨੂੰ ਦਰਬਾਰ ਸਾਹਿਬ ਦੇ ਗੁੰਬਦਾਂ ਵਰਗੀ ਦਿੱਖ ਦਿੱਤੀ ਜਾ ਰਹੀ ਹੈ। ਇਨਾਂ ਗੁੰਬਦਾਂ ਨੂੰ ਵਿਰਾਸਤੀ ਦਿੱਖ ਦੇਣ ਲਈ ਇਨਾਂ 'ਤੇ ਲਾਲ ਰੰਗ ਫੇਰਿਆ ਜਾਵੇਗਾ। ਦਰਬਾਰ ਸਾਹਿਬ ਦਾ ਮਾਡਲ ਵੀ ਇਸ ਡਿਜ਼ਾਈਨ ਦਾ ਹਿੱਸਾ ਹੈ ਜੋ ਹੁਣ ਅੱਡੇ 'ਤੇ ਰੱਖਿਆ ਹੈ, ਪਰ ਇਸ ਨੂੰ ਸਥਾਪਤ ਕਿੱਥੇ ਕੀਤਾ ਜਾਵੇਗਾ ਇਸ ਬਾਰੇ ਮੈਨੂੰ ਨਹੀਂ ਪਤਾ।'

ਕਾਂਗਰਸ ਦੇ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਜੇ ਜ਼ਿਲਾ ਨਿਗਰਾਨ ਕਮੇਟੀ ਦੀ ਹੋਣ ਵਾਲੀ ਬੈਠਕ ਵਿੱਚ ਇਸ 'ਤੇ ਇਤਰਾਜ਼ ਹੋਇਆ ਤਾਂ ਇਸ ਡਿਜ਼ਾਈਨ ਨੂੰ ਦੁਬਾਰਾ ਨਜ਼ਰਸਾਨੀ ਲਈ ਪ੍ਰਧਾਨ ਮੰਤਰੀ ਦਫਤਰ ਭੇਜਿਆ ਜਾਵੇਗਾ।

ਇਮਾਰਤਸਾਜ਼ ਗੁਰਮੀਤ ਸਾਂਘਾ ਰਾਏ ਦੀ ਸਲਾਹ

ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਡਿਜ਼ਾਈਨ ਦੀ ਵਿਰਾਸਤੀ ਦਿੱਖ ਬਦਲਣ ਦੇ ਵਿਵਾਦ ਸਬੰਧੀ ਵਿਚਾਰ ਪ੍ਰਗਟ ਕਰਿਦਆਂ ਮਸ਼ਹੂਰ ਇਮਾਰਤਸਾਜ਼ ਗੁਰਮੀਤ ਸਾਂਘਾ ਰਾਏ ਨੇ ਕਿਹਾ ਕਿ ਅੰਗਰੇਜ਼ਾਂ ਨੇ ਅੰਮ੍ਰਿਤਸਰ ਦਾ ਰੇਲਵੇ ਸਟੇਸ਼ਨ ਉਸ ਥਾਂ 'ਤੇ ਬਣਾਇਆ ਸੀ, ਜਿਸ ਦੇ ਇਕ ਪਾਸੇ ਪੁਰਾਣਾ ਵਿਰਾਸਤੀ ਅੰਮ੍ਰਿਤਸਰ ਸੀ ਅਤੇ ਦੂਜੇ ਪਾਸੇ ਨਵਾਂ ਸਿਵਲ ਲਾਈਨਜ਼ ਵਾਲਾ ਅੰਮ੍ਰਿਤਸਰ, ਜਿੱਥੇ ਅੰਗਰੇਜ਼ ਖ਼ੁਦ ਰਹਿੰਦੇ ਸਨ। ਇਹ ਰੇਲਵੇ ਸਟੇਸ਼ਨ ਇਤਿਹਾਸਕ ਜੀ ਟੀ ਰੋਡ ਦੇ ਨਾਲ ਹੀ ਸਥਿਤ ਹੈ। ਅੰਗਰੇਜ਼ਾਂ ਨੇ ਇਸ ਦਾ ਮੁੱਖ ਦੁਆਰ ਉਸ ਪਾਸੇ ਬਣਾਇਆ, ਜਿਸ ਪਾਸੇ ਅੰਗਰੇਜ਼ ਖ਼ੁਦ ਰਹਿੰਦੇ ਸਨ ਅਤੇ ਸਟੇਸ਼ਨ ਦਾ ਪਿਛਲਾ ਪਾਸਾ ਗੋਲਬਾਗ਼ ਤੇ ਕਿਲਾ ਗੋਬਿੰਦਗੜ ਵੱਲ ਹੈ, ਜਿਸ ਦੀ ਦਿੱਖ ਸੰਵਾਰਨ ਲਈ ਅੰਗਰੇਜ਼ਾਂ ਨੇ ਕੋਈ ਧਿਆਨ ਨਹੀਂ ਦਿੱਤਾ। ਸਾਂਘਾ ਰਾਏ ਅਨੁਸਾਰ ਇਸ ਸਟੇਸ਼ਨ ਨੂੰ ਦੁਬਾਰਾ ਡਿਜ਼ਾਈਨ ਕਰਦਿਆਂ ਇਸ ਦਾ ਮੱਥਾ ਦੋਵੇਂ ਪਾਸੇ ਬਣਾਇਆ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਇਹ ਡਿਜ਼ਾਈਨ ਬਣਾਉਣ ਲਈ ਮੁਕਾਬਲਾ ਕਰਵਾਉਣ ਦੇ ਨਾਲ ਨਾਲ ਸਥਾਨਕ ਲੋਕਾਂ ਦੀ ਰਾਏ ਵੀ ਲਈ ਜਾਣੀ ਚਾਹੀਦੀ ਹੈ।

ਗੁਰਮੀਤ ਸਾਂਘਾ ਰਾਇ ਨੇ ਕਿਹਾ ਕਿ ਪੰਜਾਬ ਦੀ ਇਮਾਰਤਸਾਜ਼ੀ ਦੀ ਵਿਰਾਸਤ ਹਜ਼ਾਰਾਂ ਵਰੇ ਪੁਰਾਣੀ ਹੈ, ਜਿਸ ਦੀਆਂ ਤੰਦਾਂ ਸਿੰਧੂ ਘਾਟੀ ਅਤੇ ਹੜੱਪਾ ਦੀ ਸੱਭਿਅਤਾ ਨਾਲ ਮਿਲਦੀਆਂ ਹਨ। ਹਜ਼ਾਰਾਂ ਸਾਲ ਪਹਿਲਾਂ ਬਣਾਏ ਗਏ ਉਨਾਂ ਸ਼ਹਿਰਾਂ ਵਿਚ ਹਵਾਦਾਰ ਘਰ, ਗਲੀਆਂ ਅਤੇ ਚੌੜੀਆਂ ਸੜਕਾਂ, ਪਾਣੀ ਦੇ ਵਿਕਾਸ ਤੇ ਅਨਾਜ ਦੇ ਭੰਡਾਰ ਕਰਨ ਦੇ ਪ੍ਰਬੰਧ ਸਨ ਅਤੇ ਉਨਾਂ ਉਸਾਰੀਆਂ ਵਿਚ ਮੂਲ ਭਾਵਨਾ ਇਹ ਸੀ ਕਿ ਇਮਾਰਤਾਂ ਦਾ ਰੂਪ-ਸਰੂਪ ਲੋਕਾਂ ਦੇ ਜੀਵਨ ਵਿਚ ਹੋਣ ਵਾਲੇ ਰੋਜ਼ ਦੇ ਕਾਰਜਾਂ ਨੂੰ ਸੁਖਾਲਾ ਬਣਾਉਣ ਵਾਲਾ ਹੋਵੇ।

ਉਨਾਂ ਅਨੁਸਾਰ ਪੰਜਾਬ ਦੀ ਇਮਾਰਤਸਾਜ਼ੀ ਸਮੇਂ ਸਮੇਂ ਉੱਠੀਆਂ ਸਥਾਨਕ ਲੋੜਾਂ ਨੂੰ ਪੂਰਾ ਕਰਦੀ ਸੀ ਅਤੇ ਪੰਜਾਬ ਨੇ ਭਾਈ ਰਾਮ ਸਿੰਘ ਵਰਗੇ ਇਮਾਰਤਸਾਜ਼ਾਂ ਨੂੰ ਜਨਮ ਦਿੱਤਾ ਹੈ, ਜਿਨਾਂ ਨੇ ਖਾਲਸਾ ਕਾਲਜ ਦੀ ਉਸਾਰੀ ਕਰਵਾਈ। ਭਾਈ ਰਾਮ ਸਿੰਘ ਨੇ ਉਨਾਂ ਸਮਿਆਂ ਵਿਚ ਜੈਪੁਰ ਵਿਚ ਹੋਈ ਇਮਾਰਤਸਾਜ਼ੀ ਵਿਚ ਵੀ ਯੋਗਦਾਨ ਪਾਇਆ ਸੀ।

ਹੋਰ ਵਿਦਵਾਨਾਂ ਦਾ ਕੀ ਕਹਿਣਾ ਹੈ ?

ਪ੍ਰੋਫ਼ੈਸਰ ਬਲਵਿੰਦਰ ਸਿੰਘ, ਜਿਹੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਗੁਰੂ ਰਾਮ ਦਾਸ ਸਕੂਲ ਆਫ਼ ਪਲੈਨਿੰਗ ਦੇ ਮੁਖੀ ਰਹੇ ਹਨ ਅਤੇ ਪੁਰਾਣੀਆਂ ਇਮਾਰਤਾਂ ਦੀ ਦੇਖ-ਰੇਖ ਦੇ ਮਾਹਿਰ ਹਨ, ਨੇ ਕਿਹਾ ਕਿ ਭਾਵੇਂ ਵਟਸਐਪ ਉੱਤੇ ਉਪਲਬਧ ਡਿਜ਼ਾਈਨ 'ਤੇ ਵੱਡੀ ਟਿੱਪਣੀ ਕਰਨਾ ਮੁਮਕਿਨ ਨਹੀਂ ਪਰ ਫਿਰ ਵੀ ਇਹ ਗੱਲ ਬੁਨਿਆਦੀ ਹੈ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਡਿਜ਼ਾਈਨ ਵਿਚ ਸਥਾਨਕ ਇਮਾਰਤਸਾਜ਼ੀ ਦੇ ਰੰਗ ਦਿਖਾਈ ਦੇਣੇ ਚਾਹੀਦੇ ਹਨ।

ਬਾਕੀ ਸਫ਼ਾ 33 'ਤੇ

# ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਉੱਪਰ ਕਿਸੇ ਦੀ ਮਾਲਕੀ ਨਹੀਂ ਹੋ ਸਕਦੀ

**-ਰਜਿੰਦਰ ਸਿੰਘ**

ਗੁਰੂਆਂ ਵੱਲੋਂ ਉਚਾਰੀ ਪਾਵਨ ਬਾਣੀ ਪੂਰੇ ਸੰਸਾਰ ਵਿਚ ਵਸਦੇ ਸਮੁੱਚੇ ਜਗਤ ਦੇ ਭਲੇ ਲਈ ਹੈ ਅਤੇ ਪੂਰਾ ਸਿੱਖ ਸਮਾਜ ਗੁਰਬਾਣੀ ਦਾ ਨਿਗਰਾਨ ਹੈ, ਪਰ ਮਾਲਕ ਨਹੀਂ। ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਕਥਾ ਕੀਰਤਨ ਕਿਸੇ ਕੰਪਨੀ ਦੀ ਮਲਕੀਅਤ ਨਹੀਂ ਹੋ ਸਕਦੀ। ਇਸ ਲਈ ਸ੍ਰੀ ਦਰਬਾਰ ਸਾਹਿਬ ਦਾ ਪਾਵਨ ਹੁਕਮਨਾਮਾ ਕਿਸੇ ਇੱਕ ਵਿਅਕਤੀ ਜਾਂ ਸੰਸਥਾ ਦੀ ਜਾਗੀਰ ਨਹੀਂ ਹੈ। ਇਸ ਦੇ ਪ੍ਰਚਾਰ ਤੇ ਪ੍ਰਸਾਰ ਦੀ ਸੇਵਾ ਹਰ ਵਿਅਕਤੀ ਅਤੇ ਅਦਾਰਾ ਨਿਭਾਅ ਸਕਦਾ ਹੈ। ਅਜਿਹੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਹਰ ਤਰਾਂ ਦੇ ਮੀਡੀਆ ਨੂੰ ਉਤਸ਼ਾਹਿਤ ਤਾਂ ਕੀਤਾ ਜਾ ਸਕਦਾ ਹੈ, ਪਰ ਕਿਸੇ ’ਤੇ ਰੋਕ ਲਾਉਣ ਵਾਲਾ ਕਰਾਰ ਸ਼੍ਰੋਮਣੀ ਕਮੇਟੀ ਵੀ ਨਹੀਂ ਕਰ ਸਕਦੀ ਹੈ। ਬੀਤੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਨੇ ਸਿੱਖ ਸਿਧਾਂਤਾਂ ਦੇ ਉਲਟ ਜਾ ਕੇ ਪੀਟੀਸੀ ਨਾਲ ਅਜਿਹਾ ਕਰਾਰ ਕਰਕੇ ਗ਼ੈਰ ਸਿਧਾਂਤਕ ਕਦਮ ਉਠਾਇਆ ਸੀ। ਇਹ ਕਰਾਰ ਗੁਰਬਾਣੀ ਦੇ ਸਰਬ ਸਾਂਝੇ ਸੰਦੇਸ਼ ਤੋਂ ਬਿਲਕੁਲ ਉਲਟ ਸੀ। ਇਸ ਦੀ ਸਮੁੱਚੇ ਸਿੱਖ ਜਗਤ ਵਲੋਂ ਵਿਰੋਧਤਾ ਹੁੰਦੀ ਰਹੀ ਹੈ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਨੂੰ ਇਸ ਕਰਾਰ ਬਾਰੇ ਪੁਛਿਆ ਗਿਆ ਤਾਂ ਉਨਾਂ ਦਾ ਕਹਿਣਾ ਸੀ ਕਿ ਮੈਂ ਪੀ.ਟੀ.ਸੀ. ਦੇ ਨਾਰਾਇਣਨ (ਜਿਨਾਂ ਕੋਲ ਪ੍ਰਸਾਰਨ ਦੇ ਸਾਰੇ ਹੱਕ ਹਨ) ਨੂੰ ਪੁਛ ਕੇ ਦੱਸਾਂਗਾ। ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੁਣ ਪੀ.ਟੀ.ਸੀ. ਦੇ ਸੀ.ਈ.ਓ. ਤੋਂ ਇਜਾਜ਼ਤ ਲੈ ਕੇ ਸਿੱਖਾਂ ਨੂੰ ਗੁਰਬਾਣੀ ਨਾਲ ਜੁੜੇ ਰਹਿਣ ਦੀ ਆਗਿਆ ਦੇਣ।

ਸ਼੍ਰੋਮਣੀ ਕਮੇਟੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਗੁਰਬਾਣੀ ਦੀ ਮਾਲਕ ਨਹੀਂ ਹੈ, ਉਸ ਦੀ ਜ਼ਿੰਮੇਵਾਰੀ ਸਿੱਖੀ ਪ੍ਰਚਾਰ, ਗੁਰਦੁਆਰਿਆਂ ਦਾ ਪ੍ਰਬੰਧ ਕਰਨਾ ਤੇ ਗੁਰਬਾਣੀ ਨੂੰ ਘਰ-ਘਰ ਪਹੁੰਚਾਉਣਾ ਹੈ। ਸ਼੍ਰੋਮਣੀ ਕਮੇਟੀ ਨੇ ਅਜਿਹਾ ਕਰਾਰ ਕਰਕੇ ਗੁਰਬਾਣੀ ਕੀਰਤਨ ਤੇ ਦਰਬਾਰ ਸਾਹਿਬ ਦੋਹਾਂ ਨੂੰ ਹੀ ਵਪਾਰ ਦੀ ਵਸਤੂ ਬਣਾ ਕੇ ਸਿੱਖ ਧਰਮ ਵਿਰੋਧੀ ਸਟੈਂਡ ਲਿਆ ਹੈ।



ਹੁਣੇ ਜਿਹੇ ਇਕ ਟੀਵੀ ਚੈਨਲ ਪੀਟੀਸੀ ਦੀ ਸ਼ਿਕਾਇਤ ਦੇ ਆਧਾਰ ’ਤੇ ਫੇਸਬੁੱਕ ਵੱਲੋਂ ਵੈੱਬ ਪੋਰਟਲ ਤੋਂ ਇਸ ਸਹੂਲਤ ਨੂੰ ਹਟਾ ਦਿੱਤਾ ਗਿਆ ਸੀ, ਜਿਸ ਨਾਲ ਸੰਸਾਰ ਭਰ ਦੇ ਗੁਰਬਾਣੀ ਪ੍ਰੇਮੀਆਂ ਅਤੇ ਆਪੋ ਆਪਣੇ ਪ੍ਰਚਾਰ ਪ੍ਰਸਾਰ ਦੇ ਮਾਧਿਅਮ ਰਾਹੀਂ ਸੇਵਾਵਾਂ ਨਿਭਾਅ ਰਹੀਆਂ ਜਥੇਬੰਦੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤੇ ਇਸ ਦੀ ਸਿੱਖ ਜਗਤ ਵਲੋਂ ਸਖਤ ਨਿੰਦਾ ਹੋਈ ਹੈ। ਯਾਦ ਰਹੇ ਕਿ ਇਸ ਭਰਮਜਾਲ ਦਾ ਭਾਂਡਾ ਸਿੱਖ ਸਿਆਸਤ ਵੈੱਬਸਾਈਟ ਦੇ ਐਡੀਟਰ ਪਰਮਜੀਤ ਸਿੰਘ ਨੇ ਭੰਨਿਆ ਸੀ, ਜਿਸ ਨੇ ਕਿਹਾ ਸੀ ਕਿ ਇਹ ਸੰਵੇਦਨਸ਼ੀਲ ਮਾਮਲਾ ਬੇਅਦਬੀ ਤੋਂ ਘੱਟ ਨਹੀਂ ਹੈ। ਸਿੱਖ ਸਿਆਸਤ ਗਰੁੱਪ ਵਲੋਂ ਇਸ ਮਸਲੇ ਦੇ ਹੱਲ ਲਈ ਪੰਥਕ ਸ਼ਖ਼ਸੀਅਤਾਂ ਦਾ ਇਕੱਠ 17 ਜਨਵਰੀ ਨੂੰ ਕੇਂਦਰੀ ਗੁਰੂ ਸਿੰਘ ਸਭਾ, ਸੈਕਟਰ-28 ਚੰਡੀਗੜ ਵਿਚ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪੀਟੀਸੀ ਨੇ 10 ਜਨਵਰੀ 2020 ਨੂੰ ਅਦਾਰਾ ‘ਸਿੱਖ ਸਿਆਸਤ’ ਨੂੰ ਫੇਸਬੁੱਕ ਰਾਹੀਂ ਭੇਜੇ ਨੋਟਿਸ ਵਿਚ ਗੁਰਬਾਣੀ ਨੂੰ ਆਪਣੀ ‘ਬੌਧਿਕ ਜਾਇਦਾਦ’ ਦਰਸਾਇਆ ਹੈ। ਗੁਰਬਾਣੀ ਦੇ ਪ੍ਰਸਾਰਨ ਦੇ ਹੱਕ ਸਿਰਫ਼ ਇਕ ਧਿਰ ਨੂੰ ਦਿੱਤੇ ਜਾਣ ਦਾ ਹੁਣ ਪੰਥਕ ਆਗੂਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਦੇ ਪ੍ਰਸਾਰਨ ਦੇ ਇਹ ਹੱਕ ਸਭ ਤੋਂ ਪਹਿਲਾਂ ਸਾਲ 2000 ਵਿਚ ਜ਼ੀ ਪੰਜਾਬੀ ਚੈਨਲ ਨੂੰ ਦਿੱਤੇ ਗਏ ਸਨ। ਉਪਰੰਤ 2007 ਵਿਚ ਇਸ ਸਬੰਧੀ ਪੀਟੀਸੀ ਚੈਨਲ ਨਾਲ ਸਮਝੌਤਾ ਕੀਤਾ ਗਿਆ ਅਤੇ ਮਗਰੋਂ 2012 ਵਿਚ ਗੁਰਬਾਣੀ ਦੇ ਪ੍ਰਸਾਰਨ ਦੇ ਹੱਕ ਪੀਟੀਸੀ ਚੈਨਲ ਨੂੰ ਸੌਂਪ ਦਿੱਤੇ ਗਏ ਸਨ। ਹੋਰ ਵੀ ਕਈ ਟੀਵੀ ਚੈਨਲਾਂ ਨੇ ਸ਼੍ਰੋਮਣੀ ਕਮੇਟੀ ਕੋਲ ਮੰਗ ਰੱਖੀ ਸੀ ਕਿ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਦੇ ਹੱਕ ਸਿਰਫ਼ ਇਕ ਟੀਵੀ ਚੈਨਲ ਨੂੰ ਨਹੀਂ ਸਗੋਂ ਹੋਰਨਾਂ ਨੂੰ ਵੀ ਦਿੱਤੇ ਜਾਣੇ ਚਾਹੀਦੇ ਹਨ। ਜਦ ਕਿ ਇਹ ਮੰਗ ਜਾਇਜ਼ ਸੀ। ਪਰ ਕਿਸੇ ਵੀ ਚੈਨਲ ਨੂੰ ਗੁਰਬਾਣੀ ਦੇ ਕਾਪੀਰਾਈਟ ਨਹੀਂ ਦਿੱਤੇ ਜਾ ਸਕਦੇ। ਇਹ ਇਕ ਤਰਾਂ ਸਿੱਖ ਧਰਮ ਨਾਲ ਵੱਡਾ ਮਜ਼ਾਕ ਹੈ। ਮਾਮਲਾ ਭੱਖਣ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਅਤੇ ਟੀਵੀ ਚੈਨਲ ਪੀਟੀਸੀ ਨੂੰ ਪੱਤਰ ਜਾਰੀ ਕਰਕੇ ਦੋਵਾਂ ਕੋਲੋਂ 15 ਦਿਨਾਂ ਵਿਚ ਸਪੱਸ਼ਟੀਕਰਨ ਮੰਗਿਆ ਹੈ। ਇਹ ਇਕ ਸ਼ਲਾਘਾਯੋਗ ਫੈਸਲਾ ਹੈ। ਅਕਾਲ ਤਖਤ ਸਾਹਿਬ ਤੋਂ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਇਸ ਮੱਸਲੇ ਦਾ ਯੋਗ ਹੱਲ ਕਰਾਉਣ ਵਿਚ ਕਾਮਯਾਬ ਹੋਣਗੇ। ਅਕਾਲ ਤਖ਼ਤ ਦੇ ਜਥੇਦਾਰ ਨੂੰ ਚਾਹੀਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਜਾਰੀ ਕਰੇ ਕਿ ਉਹ ਮਰਿਆਦਾ ਵਿਚ ਰਹਿ ਕੇ ਗੁਰਬਾਣੀ ਕੀਰਤਨ ਪ੍ਰਸਾਰਿਤ ਕਰਨ ਦੇ ਚਾਹਵਾਨ ਮੀਡੀਆ ਅਦਾਰਿਆਂ ਨੂੰ ਸਿਗਨਲ ਮੁਹੱਈਆ ਕਰਾਵੇ। ਹੁਣ ਜਦੋਂ ਵਿਵਾਦ ਭੱਖ ਚੁੱਕਾ ਹੈ ਪੀਟੀਸੀ ਨੈੱਟਵਰਕ ਦੇ ਪ੍ਰੈਜ਼ੀਡੈਂਟ ਤੇ ਐੱਮਡੀ ਰਬਿੰਦਰ ਨਾਰਾਇਣ ਦਾ ਪਿਛਲੇ ਬਿਆਨ ਤੋਂ ਹੱਟ ਕੇ ਕਹਿਣਾ ਹੈ ਕਿ ਉਨਾਂ ਦੇ ਅਦਾਰੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪਾਏ ਜਾਂਦੇ ਹੁਕਮਨਾਮੇ ਦਾ ਲਿੰਕ ਸ਼ੇਅਰ ਕਰਨ ’ਤੇ ਕੋਈ ਇਤਰਾਜ਼ ਨਹੀਂ ਹੈ। ਇਹ ਕਿਸੇ ਦੀ ਬੌਧਿਕ ਜਾਇਦਾਦ ਨਹੀਂ ਹੈ। ਪਹਿਲਾਂ ਉਨਾਂ ਨੇ ਇਸ ਨੂੰ ਆਪਣੀ ਬੌਧਿਕ ਜਾਇਦਾਦ ਕਿਹਾ ਸੀ ਤੇ ਹੁਕਮਨਾਮਾ ਸ਼ੇਅਰ ਕਰਨ ’ਤੇ ਪਾਬੰਦੀ ਲਗਾ ਦਿੱਤੀ ਸੀ। ਨਾਰਾਇਣ ਦਾ ਦਰਬਾਰ ਸਾਹਿਬ ਤੋਂ ਪੀਟੀਸੀ ਨੈੱਟਵਰਕ ’ਤੇ ਗੁਰਬਾਣੀ ਦੇ ਪ੍ਰਸਾਰਣ ਬਾਰੇ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਨਾਲ ਏਕਾਧਿਕਾਰ ਵਾਲੇ ਕਰਾਰ ਦਾ ਸਿਸਟਮ ਹੁਣ ਦਾ ਨਹੀਂ, ਬਲਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਦੇ ਵੇਲੇ ਦਾ ਹੈ ਤੇ ਇਸ ਕਰਾਰ ਨੂੰ ਹਾਈਕੋਰਟ ਵੀ ਸਹੀ ਦਸ ਚੁੱਕੀ ਹੈ। ਸਿੱਖ ਜਗਤ ਨੂੰ ਚਾਹੀਦਾ ਹੈ ਕਿ ਉਹ ਇਸ ਕਰਾਰ ਵਿਰੁੱਧ ਕਰੜੇ ਰੂਪ ਵਿਚ ਆਵਾਜ਼ ਉਠਾਵੇ ਤੇ ਸਟੈਂਡ ਲਵੇ। ਇਹ ਗੁਰਬਾਣੀ ਉੱਪਰ ਮਲਕੀਅਤ ਦਰਸਾਉਣ ਦਾ ਕਰਾਰ ਹੈ, ਇਸ ਨੂੰ ਸਿੱਖ ਕੌਮ ’ਤੇ ਵੱਡਾ ਹਮਲਾ ਮੰਨਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਨੂੰ ਇਹ ਕਰਾਰ ਕੈਂਸਲ ਕਰਕੇ ਆਪਣੀ ਪੰਥਕ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੀ ਆਪਣੀ ਦਖਲਅੰਦਾਜ਼ੀ ਕਰਕੇ ਇਹ ਮਾਮਲਾ ਨਿਪਟਾਉਣਾ ਚਾਹੀਦਾ ਹੈ, ਨਹੀਂ ਤਾਂ ਸਿਆਸੀ

# ਪੱਛਮ ਦੀ ਨਜ਼ਰ ’ਚ ਇਸਲਾਮ

**- ਤਸਲੀਮਾ ਨਸਰੀਨ**

ਕਈ ਲੋਕਾਂ ਦੀ ਇਹ ਧਾਰਨਾ ਹੈ ਕਿ ਇਸਲਾਮ ਦੀ ਆਲੋਚਨਾ ਕਰਨ ਨਾਲ ਪੱਛਮੀ ਦੇਸਾਂ ਤੋਂ ਇਨਾਮ ਮਿਲਦਾ ਹੈ। ਇਸ ਤੋਂ ਵੱਡੀ ਮੂਰਖਤਾ ਭਰੀ ਸੋਚ ਹੋਰ ਹੋ ਨਹੀਂ ਸਕਦੀ। ਸੱਚ ਇਹ ਹੈ ਕਿ ਇਸਲਾਮ ਦੀ ਆਲੋਚਨਾ ਕਰਨ ’ਤੇ ਤੁਸੀਂ ਕਿਤੇ ਵੀ ਬਚ ਨਹੀਂ ਸਕਦੇ। ਅੱਤਵਾਦੀ ਅਜਿਹੇ ਆਲੋਚਕਾਂ ਨੂੰ ਨਿਸ਼ਾਨਾ ਬਣਾਉਣਗੇ, ਕੱਟੜਵਾਦੀ ਅਜਿਹੇ ਲੋਕਾਂ ਦੇ ਸਿਰ ’ਤੇ ਇਨਾਮ ਦਾ ਐਲਾਨ ਕਰਨਗੇ, ਇਸਲਾਮੀ ਸਰਕਾਰ ਅਜਿਹੇ ਲੋਕਾਂ ਨੂੰ ਜੇਲ੍ਹ ਭੇਜੇਗੀ, ਯੂਰਪ ਅਤੇ ਅਮਰੀਕਾ ਅਜਿਹੇ ਲੋਕਾਂ ਪ੍ਰਤੀ ਲਾਪਰਵਾਹੀ ਵਰਤਣਗੇ। ਅਜਿਹੇ ਆਲੋਚਕ ਦੁਨੀਆਂ ਦੇ ਹਰ ਕੋਨੇ ਵਿੱਚ ਇਕੱਲੇ ਅਤੇ ਬਾਈਕਾਟ ਕਰਨ ਵਾਲੇ ਹੁੰਦੇ ਹਨ। ਕਦੇ-ਕਦਾਈਂ ਕੁਝ ਨਾਸਤਿਕ ਤੁਹਾਡੀ ਖੋਜ-ਖਬਰ ਲੈ ਸਕਦੇ ਹਨ, ਨਾ ਵੀ ਲੈਣ, ਤਾਂ ਕੀ ਫ਼ਰਕ ਪੈਂਦਾ ਹੈ।

ਅਸਲ ਵਿੱਚ ਪੱਛਮੀ ਦੇਸਾਂ ਵਿੱਚ ਪੁੱਛ ਉਨ੍ਹਾਂ ਦੀ ਹੁੰਦੀ ਹੈ, ਜਿਹੜੇ ਕਹਿੰਦੇ ਹਨ ਕਿ ਇਸਲਾਮ ਤਾਂ ਚੰਗਾ ਹੈ, ਪਰ ਇਸਲਾਮੀ ਕੱਟੜਵਾਦੀ ਬੁਰੇ ਹਨ, ਜੋ ਇਹ ਕਹਿੰਦੇ ਹਨ ਕਿ ਕੱਟੜਵਾਦੀ ਜਿਸ ਇਸਲਾਮ ਦੀ ਗੱਲ ਕਰਦੇ ਹਨ, ਉਹ ਸੱਚਾ ਇਸਲਾਮ ਨਹੀਂ ਹੈ, ਜੋ ਇਹ ਆਖਦੇ ਹਨ ਕਿ ਅੱਤਵਾਦੀ ਕੁਰਾਨ ਦੀ ਜੋ ਵਿਆਖਿਆ ਕਰ ਰਹੇ ਹਨ, ਉਹ ਗ਼ਲਤ ਹੈ। ਪੱਛਮੀ ਦੁਨੀਆਂ ਵਿੱਚ ਮਲਾਲਾ ਯੂਸੁਫਜ਼ਈ ਦੀ ਨਾਇਕਾ ਬਣ ਕੇ ਉੱਭਰਨ ਦਾ ਇਹੀ ਕਾਰਨ ਹੈ; ਉਹ ਇਹੀ ਕਹਿੰਦੀ ਹੈ ਕਿ ਇਸਲਾਮ ਤਾਂ ਚੰਗਾ ਹੈ, ਪਰ ਇਸਲਾਮੀ ਕੱਟੜਵਾਦ ਬੁਰੀ ਚੀਜ਼ ਹੈ। ਕੀ ਸੱਚਮੁੱਚ ਇਨ੍ਹਾਂ ਦੋਵਾਂ ਵਿਚਾਲੇ ਕੋਈ ਫ਼ਰਕ ਹੈ? ਮੈਨੂੰ ਇਸੇ ਕਾਰਨ ਪੱਛਮ ਵਿੱਚ ਤਵੱਜੋਂ ਨਹੀਂ ਮਿਲੀ।

ਪੱਛਮੀ ਦੇਸ ‘ਆਧੁਨਿਕ ਮੁਸਲਮਾਨਾਂ’ ਨੂੰ ਪਸੰਦ ਕਰਦੇ ਹਨ, ਉਹ ਇਸਲਾਮ ਦੀ ਆਲੋਚਨਾ ਕਰਨ ਵਾਲੇ ਨਾਸਤਿਕਾਂ ਨੂੰ ਭਾਵ ਨਹੀਂ ਦਿੰਦੇ। ਅਜਿਹੇ ਲੋਕਾਂ ਨੂੰ ਨਜ਼ਰਅੰਦਾਜ਼ ਹੀ ਕਰਦੇ ਹਨ। ਪੱਛਮੀ ਦੇਸਾਂ ਦੀ ਸੋਚ ਹੈ ਕਿ ਇਸਲਾਮ ਦੇ ਅੰਦਰ ਅਜਿਹਾ ਬਦਲਾਅ ਲਿਆਉਣਾ ਹੋਵੇਗਾ, ਜਿਵੇਂ ਦੂਜੇ ਮਜ਼੍ਹਬਾਂ ਵਿੱਚ ਆਇਆ ਹੈ। ਇਸੇ ਲਈ ਮੁਸਲਮਾਨਾਂ ਦੀਆਂ ਸਾਡੇ ਵਰਗੀਆਂ ਨਾਸਤਿਕ ਸੰਤਾਨਾਂ ਖਾਰਜ ਕਰ ਦਿੱਤੇ ਜਾਣ ਦੀ ਸ਼੍ਰੇਣੀ ਵਿੱਚ ਹਨ। ਪੱਛਮ ਦੇ ਰਾਜਨੇਤਾਵਾਂ, ਦਾਰਸ਼ਨਿਕਾਂ, ਭਾਵੁਕ ਲੋਕਾਂ, ਬੁੱਧੀਜੀਵੀਆਂ, ਸਮਾਜ ਸ਼ਾਸਤਰੀਆਂ, ਵਿਦਵਾਨਾਂ ਅਤੇ ਧਾਰਮਿਕ ਆਗੂਆਂ ਨੂੰ ਸਾਡੇ ਪ੍ਰਤੀ ਕੋਈ ਉਤਸ਼ਾਹ ਨਹੀਂ ਹੈ। ਸੱਚਾਈ ਇਹ ਹੈ ਕਿ ਸਿਰਫ਼ ਪੂਰਬ ਵਿੱਚ ਨਹੀਂ, ਪੱਛਮ ਵਿੱਚ ਵੀ ਇਸਲਾਮ ਦੀ ਤਾਰੀਫ਼ ਕਰਨ ’ਤੇ ਇਨਾਮ ਮਿਲਦਾ ਹੈ।

ਜ਼ਿਆਦਾਤਰ ਮੁਸਲਮਾਨਾਂ ਦੀ ਧਾਰਨਾ ਹੈ ਕਿ ਅਮਰੀਕਾ ਮੁਸਲਿਮ ਵਿਰੋਧੀ ਹੈ, ਕਿਉਂਕਿ ਅਫ਼ਗਾਨਿਸਤਾਨ ਅਤੇ ਇਰਾਕ ਵਰਗੇ ਮੁਲਕਾਂ ਵਿੱਚ ਉਸ ਦੇ ਬੰਬ ਧਮਾਕਿਆਂ ਨਾਲ ਲੱਖਾਂ ਮੁਸਲਮਾਨ ਮਾਰੇ ਗਏ ਹਨ। ਅਮਰੀਕਾ ਉਸ ਇਜ਼ਰਾਈਲ ਨੂੰ ਹਥਿਆਰ ਦੇ ਕੇ ਤਾਕਤਵਰ ਬਣਾਉਂਦਾ ਰਿਹਾ ਹੈ, ਜਿਸ ਨੇ ਫਲਸਤੀਨੀ ਮੁਸਲਮਾਨਾਂ ਦਾ ਸਫਾਇਆ ਕੀਤਾ ਹੈ। ਇਸ ਲਈ ਇਸਲਾਮ ਦੀ ਰੀਤੀ-ਨੀਤੀ ’ਤੇ ਸਵਾਲ ਚੁੱਕਣੇ ਜਾਂ ਇਸਲਾਮ ਵਿੱਚ ਅਵਿਸ਼ਵਾਸ ਪ੍ਰਗਟ ਕਰਨ ’ਤੇ ਅਮਰੀਕੀ-ਯਹੂਦੀ ਗਲੇ ਮਿਲਣ ਲਈ ਤਿਆਰ ਰਹਿੰਦੇ ਹਨ। ਅਮਰੀਕਾ ਦੀ ਕਿਸੇ



ਸਰਕਾਰ ਨੇ ਕੀ ਕਦੇ ਇਸਲਾਮ ਦੀ ਆਲੋਚਨਾ ਕੀਤੀ ਹੈ? ਉੱਥੇ ਦੀ ਸਰਕਾਰ ਨਾਲ ਜੁੜੇ ਲੋਕਾਂ ਕੀ ਕਦੇ ਕਿਸੇ ਇਸਲਾਮ ਵਿਰੋਧੀ ਨਾਲ ਗੱਲਬਾਤ ਕੀਤੀ ਹੈ? ਮੈਂ ਤਾਂ ਕਦੇ ਅਜਿਹਾ ਨਹੀਂ ਸੁਣਿਆ। ਇਸ ਦੀ ਥਾਂ ਅਮਰੀਕੀ ਸਰਕਾਰਾਂ ਸਮੇਂ-ਸਮੇਂ ’ਤੇ ਉਨ੍ਹਾਂ ਉਦਾਰਵਾਦੀ ਮੁਸਲਮਾਨਾਂ ਨਾਲ ਮੁਲਾਕਾਤ ਕਰਦੀ ਰਹੀਆਂ ਹਨ, ਜੋ ਇਹ ਆਖਦੇ ਹਨ ਕਿ ਇਸਲਾਮ ਸ਼ਾਂਤੀ ਦਾ ਧਰਮ ਹੈ। ਜ਼ਿਆਦਾਤਰ ਅਮਰੀਕੀ ਰਾਸ਼ਟਰਪਤੀਆਂ ਨੇ ਇਹੀ ਕਿਹਾ ਹੈ ਕਿ ਇਸਲਾਮ ਸ਼ਾਂਤੀ ਦਾ ਮਜ਼੍ਹਬ ਹੈ, ਪਰ ਕੁਝ ਭਟਕੇ ਹੋਏ ਲੋਕ ਅਸ਼ਾਂਤੀ ਫੈਲਾਉਣ ਦਾ ਕੰਮ ਕਰ ਰਹੇ ਹਨ। ਕਿਸੇ ਵੀ ਅਮਰੀਕੀ ਰਾਸ਼ਟਰਪਤੀ ਨੇ ਕਿਸੇ ਇਸਲਾਮ-ਵਿਰੋਧੀ ਦੇ ਨਾਲ ਕਦੇ ਕਿਸੇ ਤਰ੍ਹਾਂ ਦਾ ਰਿਸ਼ਤਾ ਨਹੀਂ ਰੱਖਿਆ। ਇਨ੍ਹਾਂ ਵਿੱਚੋਂ ਕਈ ਲੋਕ ਨਿੱਜੀ ਤੌਰ ’ਤੇ ਮਜ਼੍ਹਬ ਵਿੱਚ ਵਿਸ਼ਵਾਸੀ ਰਹੇ ਹਨ ਅਤੇ ਇਸੇ ਕਾਰਨ ਦੂਜੇ ਮਜ਼੍ਹਬ ਦੇ ਲੋਕਾਂ ਨਾਲ ਇਨ੍ਹਾਂ ਦੇ ਚੰਗੇ ਸੰਬੰਧ ਰਹੇ ਹਨ।

ਮੈਂ ਇੱਕ ਸਮੇਂ ਇੱਕ ਅਜਿਹੇ ਦੇਸ ਵਿੱਚ ਰਾਜਨੀਤਕ ਸ਼ਰਨਾਰਥੀ ਸੀ, ਜਿਸ ਦਾ ਦਾਅਵਾ ਸੀ ਕਿ ਉਹ ਰਾਜਨੀਤਕ ਸ਼ਰਨਾਰਥੀਆਂ ਦੇ ਉੱਨਤ ਜੀਵਨ ਪੱਧਰ ਦੀ ਗਾਰੰਟੀ ਦਿੰਦਾ ਹੈ। ਪਰ ਉਸ ਦੇਸ ਦੀ ਸਰਕਾਰ ਤੋਂ ਮੈਨੂੰ ਕਦੇ ਕੋਈ ਆਰਥਿਕ ਸਹਾਇਤਾ ਨਹੀਂ ਮਿਲੀ। ਨਾ ਹੀ ਮੈਂ ਕਦੇ ਉੱਥੇ ਦੀ ਸਰਕਾਰ ਤੋਂ ਇਸ ਦੀ ਮੰਗ ਕੀਤੀ। ਮੇਰੀਆਂ ਕਿਤਾਬਾਂ ਦੀ ਰਾਇਲਟੀ ਮਿਲਦੀ ਸੀ, ਉਸ ਨਾਲ ਕਮੀਆਂ ਦੇ ਵਿੱਚ ਜਿਊਣ ਦੀ ਕੋਸ਼ਿਸ਼ ਕਰਦੀ ਸੀ। ਅੱਜ ਤੱਕ ਮੈਂ ਏਨੇ ਦੇਸਾਂ ਵਿੱਚ ਸ਼ਰਨ ਲਈ ਹੈ, ਕਿਸੇ ਵੀ ਦੇਸ ਨੂੰ ਸਰਕਾਰ ਤੋਂ ਮੈਨੂੰ ਸਹਾਇਤਾ ਦੇ ਰੂਪ ਵਿੱਚ ਕੁਝ ਨਹੀਂ ਮਿਲਿਆ। ਕਿਸੇ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਨੇ ਵੀ ਅੱਗੇ ਵਧ ਕੇ ਮੇਰੀ ਮਦਦ ਕਰਨ ਦੀ ਇੱਛਾ ਨਹੀਂ ਜਤਾਈ। ਮੈਂ ਇਸਲਾਮ ਦੀ ਆਲੋਚਨਾ ਕਰਦੀ ਹਾਂ, ਇਹ ਜਾਣਨ ਤੋਂ ਬਾਅਦ ਕਿਸੇ ਨੇ ਮੇਰੀ ਮਦਦ ਕਰਨ ਦੀ ਇੱਛਾ ਵੀ ਨਹੀਂ ਪ੍ਰਗਟਾਈ।

ਜੇਕਰ ਪੱਛਮ ਦੇ ਦੇਸ ਸੱਚਮੁੱਚ ਇਸਲਾਮ-ਵਿਰੋਧੀ ਹੁੰਦੇ, ਤਾਂ ਮੈਨੂੰ ਹੱਥੋ-ਹੱਥ ਲੈਂਦੇ। ਹਾਂ, ਜੇਕਰ ਮੈਂ ਇਸਲਾਮ ਦੀ ਤਾਰੀਫ਼ ਵਿੱਚ ਕਸੀਦੇ ਪੜ੍ਹਦੀ ਅਤੇ ਮੁਸਲਮਾਨ ਜ਼ਰੂਰ ਮੈਨੂੰ ਤਵੱਜੋ ਦਿੰਦੇ। ਸਲਮਾਨ ਰਸ਼ਦੀ ਲੋਕਪ੍ਰਿਅ ਹਨ, ਪਰ ਉਹ ਇਸਲਾਮ ਦੇ ਵਿਰੋਧ ਵਿੱਚ ਲਿਖ ਕੇ ਲੋਕਪ੍ਰਿਅ ਨਹੀਂ ਹੋਏ ਹਨ। ਪ੍ਰਗਟਾਵੇ ਦੀ ਸੁਤੰਤਰਤਾ ਦੇ ਪੱਖ ਵਿੱਚ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ ਹੈ, ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਸੈਟੇਨਿਕ ਵਰਸੇਜ ਨੂੰ ਬਹੁਤ ਉੱਚ ਕੋਟੀ ਦਾ ਉਪਨਿਆਸ ਨਹੀਂ ਮੰਨਦੇ।

ਯੂਰਪ ਅਤੇ ਅਮਰੀਕਾ ਜੇਕਰ ਇਸਲਾਮ ਵਿਰੋਧੀ ਹੁੰਦੇ, ਤਾਂ ਅਪ੍ਰਵਾਸੀ ਮੁਸਲਮਾਨਾਂ ਨੂੰ ਏਨੀ ਵੱਡੀ ਆਬਾਦੀ ਉੱਥੇ ਨਹੀਂ ਰਹਿ ਸਕਦੀ। ਇਨ੍ਹਾਂ ਦੋ ਮਹਾਦੇਸ਼ਾਂ ਵਿੱਚ ਅਪ੍ਰਵਾਸੀ ਮੁਸਲਮਾਨਾਂ ਨੂੰ ਮਨੁੱਖੀ ਅਧਿਕਾਰ ਦੇ ਮੋਰਚੇ ’ਤੇ ਜਿੰਨੀਆਂ ਸਹੂਲਤਾਂ ਹਨ, ਓਨੀ ਉਨ੍ਹਾਂ ਦੇ ਆਪਣੇ ਮੁਲਕਾਂ ਵਿੱਚ ਨਹੀਂ। ਉੱਥੇ ਗ਼ੈਰ-ਕਾਨੂੰਨੀ ਢੰਗ ਨਾਲ ਪੁੱਜਣ ਵਾਲੇ ਮੁਸਲਮਾਨਾਂ ’ਤੇ ਜਦੋਂ ਕਾਨੂੰਨ ਦੀ ਤਲਵਾਰ ਲਟਕਦੀ ਹੈ, ਤਾਂ ਉਹ ਚਰਚਾ ਵਿੱਚ ਸ਼ਰਨ ਲੈਂਦੇ ਹਨ। ਉਹ ਚਰਚ ਉਨ੍ਹਾਂ ਵਿੱਚ ਧਰਮ ਬਦਲਣ ਲਈ ਨਹੀਂ ਆਖਦੇ। ਇਹੀ ਕਾਰਨ ਹੈ ਕਿ ਉੱਥੇ ਪੈਰ ਰੱਖਦੇ ਹੀ ਇਹ ਮੁਸਲਮਾਨ ਪੱਛਮ ਅਤੇ ਇਸਾਈਅਤ ਦਾ ਆਪਣੀ ਵਿਰੋਧ ਮੁਹਿੰਮ ਸ਼ੁਰੂ ਕਰ ਦਿੰਦੇ ਹਨ। ਫਿਰ ਵੀ ਉਨ੍ਹਾਂ ਲਈ ਪੱਛਮ ਦੀ ਜ਼ਮੀਨ ਜੱਨਤ ਹੈ। ਯਕੀਨ ਨਹੀਂ ਹੈ ਹੁੰਦਾ, ਤਾਂ ਉਨ੍ਹਾਂ ਨੂੰ ਤੋਂ ਪੁੱਛੋ ਕਿ ਉਹ ਉੱਤਰ ਅਮਰੀਕਾ ਦੇ ਕਿਸੇ ਇਲਾਕੇ, ਸਵੀਡਨ, ਨਾਰਵੇ, ਫਿਨਲੈਂਡ, ਜਰਮਨੀ, ਫਰਾਂਸ ਅਤੇ ਨੀਦਰਲੈਂਡ ਤੋਂ ਸਾਊਦੀ ਅਰਬ, ਇਰਾਕ, ਈਰਾਨ, ਸੀਰੀਆ, ਜਾਰਡਨ, ਮਿਸਰ, ਕੁਵੈਤ, ਕਤਰ, ਪਾਕਿਸਤਾਨ ਜਾਂ ਅਫ਼ਗਾਨਿਸਤਾਨ ਵਿੱਚ ਪਰਤਣਾ ਚਾਹੁੰਦੇ ਹਨ ਜਾਂ ਨਹੀਂ। ਉਹ ਕਿੰਨੇ ਵੀ ਵੱਡੇ ਮਜ਼੍ਹਬੀ ਕਿਉਂ ਨਾ ਹੋਣ, ਦੂਜੇ ਮਜ਼੍ਹਬ ਦੇ ਲੋਕਾਂ ਨੂੰ ਨਿਸ਼ਾਨਾ ਕਿਉਂ ਨਾ ਬਣਾਉਂਦੇ ਹੋਣ, ਸ਼ਰੀਆ ਕਾਨੂੰਨ ਲਈ ਸੜਕ ’ਤੇ ਕਿਉਂ ਨਾ ਉਤਰਦੇ ਹੋਣ, ਪਰ ਯੂਰਪ-ਅਮਰੀਕਾ ਛੱਡ ਕੇ ਆਪਣੇ ਮੁਲਕ ਵਿੱਚ ਨਹੀਂ ਪਰਤਣਾ ਚਾਹੁੰਦੇ।

# ਪੁਲ ਟੁੱਟ ਗਿਆ

**- ਸ਼ਰਨ ਮੱਕੜ**

ਅਸੀਂ ਭੈਣ-ਭਰਾ ਉਦੋਂ ਬਹੁਤ ਛੋਟੇ-ਛੋਟੇ ਸਾਂ, ਜਦੋਂ ਭਾਰਤ ਆਜ਼ਾਦ ਹੋਇਆ। ਆਜ਼ਾਦੀ ਕੀ ਏ ? ਇਹਦੇ ਬਾਰੇ ਕੁਝ ਜਾਨਣ ਤੋਂ ਸਾਡੀ ਬਾਲ ਬੁੱਧ ਕੋਰੀ ਸੀ। ਸਾਡੇ ਘਰ ਵਿੱਚ ਹਰੇਕ ਚੀਜ਼ ਧਰਮ ਨੂੰ ਮੁੱਖ ਰੱਖ ਕੇ ਤੋਲੀ ਜਾਂਦੀ ਸੀ।

ਜਿਸ ਮੁਹੱਲੇ ਵਿੱਚ ਅਸੀਂ ਰਹਿੰਦੇ ਸਾਂ ਉੱਥੇ ਬਹੁਤੇ ਘਰ ਹਿੰਦੂਆਂ ਸਿੱਖਾਂ ਦੇ ਸਨ, ਪਰ ਕੁਝ ਘਰ ਮੁਸਲਮਾਨਾਂ ਦੇ ਵੀ ਸਨ। ਸਾਡੇ ਘਰ ਦੇ ਬਿਲਕੁਲ ਨਾਲ ਮਸੀਤ ਸੀ। ਜਿਸ ਦੇ ਨਾਲ ਸਾਡੀ ਇੱਕ ਦੀਵਾਰ ਵੀ ਸਾਂਝੀ ਸੀ। ਸਾਡੇ ਕੋਠੇ ਦੀ ਛੱਤ ਤੋਂ ਮਸੀਤ ਦਾ ਕਾਫ਼ੀ ਜ਼ਿਆਦਾ ਹਿੱਸਾ ਦਿਸਦਾ ਸੀ। ਮੁਸਲਮਾਨਾਂ ਨੂੰ ਮਸੀਤ ਵਿੱਚ ਨਮਾਜ਼ ਪੜ੍ਹਦਿਆਂ ਅਸੀਂ ਅਕਸਰ ਦੇਖਿਆ ਕਰਦੇ ਸਾਂ। ਸਾਡੇ ਬੀ ਜੀ ਨੂੰ ਉਹਨਾਂ ਦੀ ਇੱਕ ਗੱਲ ਬਹੁਤ ਬੁਰੀ ਲੱਗਦੀ, ਉਹਨਾਂ ਦੇ ਕੋਲ ਪਈਆਂ ਉਹਨਾਂ ਦੀਆਂ ਜੁੱਤੀਆਂ। ਇਹ ਦੇਖ ਕੇ ਬੀ ਜੀ ਅਕਸਰ ਆਖਦੇ, "ਮਲੇਛ ਕਿਸੇ ਥਾਂ ਦੇ!"

ਸਾਡੇ ਬੀ ਜੀ ਕੱਟੜ ਸਿੱਖੀ ਖ਼ਿਆਲਾਂ ਦੇ ਸਨ। ਸਿੱਖ ਇਤਿਹਾਸ ਦੀਆਂ ਕਿਤਾਬਾਂ, ਜਿਨਾਂ ਵਿੱਚ ਮੁਗਲਾਂ ਦੇ ਜ਼ੁਲਮ ਦੀਆਂ ਕਾਲੀਆਂ ਕਰਤੂਤਾਂ ਦੀ ਝਾਕੀ ਹੁੰਦੀ, ਉਹ ਅਕਸਰ ਪੜਦੇ ਰਹਿੰਦੇ ਤੇ ਸਾਨੂੰ ਵੀ ਸੁਣਾਂਦੇ। ਉਹਨਾਂ ਦੀਆਂ ਨਜ਼ਰਾਂ ਵਿੱਚ ਮੁਸਲਮਾਨ ਮਲੇਛ ਤੇ ਅੱਤਿਆਚਾਰੀ ਸਨ। ਉਹਨਾਂ ਪ੍ਰਤੀ ਘਿਰਣਾ ਦੀ ਰੌਂ ਬੀ ਜੀ ਦੇ ਮਨ ਵਿੱਚ ਬਹੁਤ ਤੀਖਣ ਸੀ। ਜਦੋਂ ਮਸੀਤ ਦਾ ਮੁੱਲਾਂ ਤੜਕਸਾਰ ਬਾਂਗ ਦੇਂਦਾ, ਜੇ ਕਦੇ ਬੀ ਜੀ ਦੀ ਨੀਂਦ ਖੁੱਲ ਜਾਂਦੀ, ਤਾਂ ਮੈਂ ਕਈ ਵਾਰੀ ਉਹਨਾਂ ਦੇ ਮੂੰਹੋਂ ਸੁਣਿਆ ਸੀ, "ਮੋਇਆ ਮੁੱਲਾਂ ਸਵੇਰੇ-ਸਵੇਰੇ ਅੜਿੰਗਣ ਬਹਿ ਜਾਂਦੈ।"

ਸਾਡੇ ਘਰ ਤੋਂ ਦੋ ਘਰ ਛੱਡ ਕੇ ਇੱਕ ਮੁਸਲਮਾਨਾਂ ਦਾ ਘਰ ਸੀ। ਸਾਡੇ ਬੀ ਜੀ ਉਹਨਾਂ ਨੂੰ ਮਲੇਛ ਆਖਦੇ ਸਨ। ਸਾਨੂੰ ਉਹਨਾਂ ਦੇ ਬੱਚਿਆਂ ਨਾਲ ਖੇਡਣ ਦਾ ਹੁਕਮ ਨਹੀਂ ਸੀ। ਮੈਂ ਕਈ ਵਾਰ ਕੋਠੇ ਟੱਪ ਕੇ ਉਹਨਾਂ ਦੇ ਘਰ ਖੇਡਣ ਚਲੇ ਜਾਣਾ, ਤੇ ਕਦੋਂ ਕਿਸੇ ਭੈਣ ਭਰਾ ਨੇ ਬੀ ਜੀ ਨੂੰ ਸ਼ਿਕਾਇਤ ਲਾ ਦੇਣੀ ਤਾਂ ਉਦੋਂ ਬੀ ਜੀ ਪਾਸੋਂ ਇੱਕ ਦੋ ਠੁਕ ਵੀ ਜਾਂਦੀਆਂ ਸਨ।

ਅਚਾਨਕ ਪਤਾ ਨਹੀਂ ਕੀ ਹੋਇਆ! ਸਾਡੇ ਬਾਲ ਕੰਨਾਂ ਵਿੱਚ ਦਹਿਸ਼ਤ ਦੀਆਂ ਭਰੀਆਂ ਹੋਈਆਂ ਆਵਾਜ਼ਾਂ ਆਉਣ ਲੱਗੀਆਂ, ਜਿਨਾਂ ਦੀਆਂ ਚੀਕਾਂ ਅਜੇ ਵੀ ਕਦੇ-ਕਦੇ ਕੰਨਾਂ ਦੇ ਪਰਦਿਆਂ ਨਾਲ ਆ ਟਕਰਾਉਂਦੀਆਂ ਨੇ। ਸਾਡੇ ਮੁਹੱਲੇ ਵਿੱਚ ਥੋੜੇ ਜਿਹੇ ਘਰ ਹੀ ਮੁਸਲਮਾਨਾਂ ਦੇ ਸਨ। ਉਹ ਰਾਤੋ-ਰਾਤ ਘਰ ਛੱਡ ਕੇ ਪਤਾ ਨਹੀਂ ਕਿਥੇ ਚਲੇ ਗਏ ਸਨ ਤੇ ਭੀੜ ਦਾ ਇੱਕ ਹਜੂਮ ਇਕੱਠਾ ਹੋਇਆ ਉਹਨਾਂ ਦੀਆਂ ਚੀਜ਼ਾਂ ਲੁੱਟ ਰਿਹਾ ਸੀ।

ਮੈਂ ਵੀ ਬੀ ਜੀ ਤੋਂ ਲੁਕ ਕੇ ਕੋਠੇ ਦੀ ਛੱਤ ਟੱਪ ਕੇ ਸਲਮਾ ਦੇ ਘਰ ਚਲੀ ਗਈ। ਉਹਨਾਂ ਦੇ ਪਿਆਲੇ ਤੇ ਪਲੇਟਾਂ ਟੁੱਟ ਕੇ ਐਧਰ ਓਧਰ ਬਿਖਰੇ ਪਏ ਸਨ। ਇੱਕ ਨੁਕਰੇ ਸਹਿਮ ਕੇ ਖਲੋਤਿਆਂ, ਮੇਰੀ ਨਜ਼ਰ ਸਲਮਾ ਦੀ ਗੁੱਡੀ ਉੱਤੇ ਪਈ। ਮੈਂ ਉਹਦੀ ਗੁੱਡੀ ਚੁੱਕ ਕੇ ਆਪਣੇ ਘਰ ਲੈ ਆਈ।

ਮੈਂ ਤੇ ਸਲਮਾ, ਅਸੀਂ ਬਹੁਤ ਵਾਰੀ ਉਸੇ ਗੁੱਡੀ ਨਾਲ ਇਕੱਠੀਆਂ ਖੇਡੀਆਂ ਸਾਂ। ਓਸੇ ਗੁੱਡੀ ਦੇ ਪਟੋਲੇ ਸੀਤੇ ਸਨ। ਇੱਕ ਵਾਰੀ ਮੇਰੇ ਨਿੱਕੇ ਭਰਾ ਨੇ ਬੀ ਜੀ ਨੂੰ ਸ਼ਿਕਾਇਤ ਲਾ ਦਿੱਤੀ ਸੀ। ਬੀ ਜੀ ਨੇ ਗੁੱਡੀ ਮੇਰੇ ਹੱਥ ਖੋਹ ਕੇ ਜ਼ਮੀਨ ਉੱਤੇ ਪਟਕ ਦਿੱਤੀ ਤੇ ਬੀਜੀ ਦੀ ਚੁਪੇੜ ਮੇਰੇ ਮੂੰਹ ਉੱਤੇ ਖੁੱਭ ਗਈ। ਉਂਞ ਤਾਂ ਉਹਨਾਂ ਪਾਸੋਂ ਬਹੁਤ ਵਾਰੀ ਮਾਰ ਪਈ ਸੀ, ਪਰ ਉਸ ਦਿਨ ਦੀ ਮਾਰ ਮੈਨੂੰ ਕਦੇ ਨਹੀਂ ਭੁੱਲੀ। ਹੁਣ ਜਦੋਂ ਮੇਰੇ ਬੱਚੇ ਗੁੱਡੀਆਂ ਪਟੋਲੇ ਖੇਡਦੇ ਹਨ, ਤਾਂ ਪਤਾ ਨਹੀਂ ਕਿਉਂ ਮੈਨੂੰ ਸਲਮਾ ਦੀ ਗੁੱਡੀ ਯਾਦ ਆ ਜਾਂਦੀ ਹੈ।

ਦੂਸਰੇ ਦਿਨ ਆਪਣੇ ਘਰ ਦੀ ਬਾਰੀ ਵਿੱਚ ਅਸੀਂ ਦੇਖਿਆ, ਸਾਡੇ ਘਰ ਦੇ ਅੱਗੋਂ ਕਿੰਨੇ ਸਾਰੇ ਬੰਦਿਆਂ ਦਾ ਜਲੂਸ ਜਿਹਾ ਲੰਘਿਆ। ਇਹਨਾਂ ਨੇ ਨੇਜ਼ਿਆਂ ਉੱਪਰ ਪੰਜ ਕੱਟੇ ਹੋਏ ਸਿਰ ਰੱਖੇ ਹੋਏ ਸਨ ਤੇ ਉਹ ਲੋਕ ਉੱਚੀ-ਉੱਚੀ 'ਜੈ ਭਾਰਤ ਮਾਂ', 'ਧੰਨ ਕਲਗੀਆਂ ਵਾਲਾ' ਆਦਿ ਦੇ ਨਾਅਰੇ ਲਾ ਰਹੇ ਸਨ।

ਉਸ ਭੀੜ ਦਾ ਮੋਢੀ ਬੀਰਾ ਸੀ, ਜਿਸ ਦਾ ਨਾਂ ਲੈ ਕੇ ਬੀਜੀ ਸਾਨੂੰ ਡਰਾਂਦੇ ਵੀ ਹੁੰਦੇ ਸਨ। ਉਹ ਉੱਚੀ-ਉੱਚੀ ਲੋਕਾਂ ਨੂੰ ਆਖ ਰਿਹਾ ਸੀ-"ਦੇਖੋ ਲੋਕੋ, ਇਹ ਉਹੀ ਮੁਸਲੇ ਨੇ ਜਿਨਾਂ ਸਾਡੇ ਗੁਰੂ ਸਾਹਿਬ ਉੱਤੇ ਜ਼ੁਲਮ ਕੀਤੇ। ਸਾਡੇ ਮਾਸੂਮ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਿਆ। ਅਸਾਂ ਗਿਣ-ਗਿਣ ਕੇ ਬਦਲੇ ਲੈਣੇ ਨੇ। ਇਹਨਾਂ ਮੁਸਲਿਆਂ ਦਾ ਬੀਜ ਨਾਸ ਕਰ ਦੇਣਾ ਏ।"

ਮੇਰੀਆਂ ਸਹਿਮੀਆਂ ਹੋਈਆਂ ਅੱਖਾਂ ਨੇ ਦੇਖਿਆ ਕਿ ਉਹਨਾਂ ਪੰਜਾਂ ਸਿਰਾਂ ਵਿੱਚੋਂ ਇੱਕ ਸਿਰ ਸਾਡੇ ਧੋਬੀ ਰਮਜ਼ਾਨ ਦਾ ਸੀ ਤੇ ਦੂਜਾ ਸਿਰ ਉਹੀ ਮਸੀਤ ਵਾਲੇ ਮੁੱਲਾਂ ਦਾ। ਬਾਕੀ ਪਤਾ ਨਹੀਂ ਕਿਸ-ਕਿਸ ਦੇ ਸਿਰ ਸਨ।

ਮੈਂ ਦੇਖਿਆ ਮੇਰੇ ਬੀ ਜੀ ਦੀਆਂ ਅੱਖਾਂ ਵਿੱਚੋਂ ਵੀ ਅੱਥਰੂ ਕਿਰ ਰਹੇ ਸਨ ਤੇ ਉਹ ਬਾਰ-ਬਾਰ ਪਿਤਾ ਜੀ ਨੂੰ ਆਖ ਰਹੇ ਸਨ, "ਹਾਏ ਵਿਚਾਰਾ ਰਮਜ਼ਾਨ! ਉਹਦੀਆਂ ਜਵਾਨ ਤਿੰਨ ਧੀਆਂ ਸਨ, ਪਤਾ ਨਹੀਂ ਕੀ ਬਣਿਆ।"

ਪਿਤਾ ਜੀ ਗ਼ਮ ਵਿੱਚ ਡੁੱਬੇ ਹੋਏ ਸਨ ਤੇ ਬੀਜੀ ਨੂੰ ਆਖ ਰਹੇ ਸਨ, "ਮੇਰੀ ਭੈਣ ਵੀ ਤਾਂ ਅਜੇ ਤਾਈਂ ਨਹੀਂ ਪਹੁੰਚੀ, ਉਹਦੇ ਟੱਬਰ ਨਾਲ ਪਤਾ ਨਹੀਂ ਕੀ ਬਣਿਆ! ਆਖਦੇ ਨੇ ਮਿੰਟਗੁਮਰੀ ਵਿੱਚ ਵੀ ਬਹੁਤ ਵੱਢ-ਟੁੱਕ ਹੋਈ ਹੈ।"

ਪਿਤਾ ਜੀ ਦੇ ਹੱਥ ਪੈਰ ਕੰਬ ਰਹੇ ਸਨ।

ਦੂਸਰੇ ਦਿਨ ਸਾਡੇ ਭੂਆ ਜੀ ਤਾਂ ਸਹੀ ਸਲਾਮਤ ਜਾਨਾਂ ਬਚਾ ਕੇ ਆ ਗਏ, ਪਰ ਉਹਨਾਂ ਘਰ ਦੀ ਇੱਕ ਲੀਰ ਵੀ ਨਹੀਂ ਸੀ ਚੁੱਕੀ। ਬੱਸ ਤਿੰਨੀਂ ਕੱਪੜੇ ਨੱਠ ਆਏ ਸਨ।

ਓਧਰੋਂ ਆਏ ਲੋਕਾਂ ਦੀ ਦਰਦ-ਕਹਾਣੀ ਵੀ ਬਹੁਤ ਪੀੜਾ-ਕੁਠੀ ਸੀ। ਸਾਡੇ ਮੁਹੱਲੇ ਵਿੱਚ ਵੀ ਤਕਰੀਬਨ ਸਭ ਘਰਾਂ ਵਿੱਚ ਉਹਨਾਂ ਸਭਨਾਂ ਦਾ ਕੋਈ ਨਾ ਕੋਈ ਰਿਸ਼ਤੇਦਾਰ ਰਫ਼ਿਊਜੀ ਬਣ ਕੇ ਆਇਆ ਸੀ ਤੇ ਹਰ ਇੱਕ ਦੀ ਆਪਣੀ-ਆਪਣੀ ਪੀੜਾਂ ਦੀ ਕਹਾਣੀ ਸੀ।

ਏਸ ਘਟਨਾ ਨੂੰ ਬੀਤਿਆਂ ਸਦੀ ਦਾ ਚੌਥਾ ਹਿੱਸਾ ਬੀਤ ਗਿਆ ਹੈ। ਹਾਲੇ ਵੀ ਪਤਾ ਨਹੀਂ ਕਿਉਂ ਸੋਚਾਂ ਦੀਆਂ ਡਾਰਾਂ ਬਾਰ-ਬਾਰ ਆ ਕੇ ਘੇਰਾ ਪਾ ਲੈਂਦੀਆਂ ਹਨ।

ਹੁਣ ਵੀ ਸਾਡੇ ਮੁਹੱਲੇ ਵਿੱਚ ਅਕਸਰ ਮਾਤਾ ਦੇ ਜਗਰਾਤੇ ਹੁੰਦੇ ਰਹਿੰਦੇ ਸਨ। ਸਾਰੀ-ਸਾਰੀ ਰਾਤ ਲਾਊਡ ਸਪੀਕਰ ਦੀ ਉੱਚੀ ਆਵਾਜ਼ ਵਿੱਚ ਫ਼ਿਲਮੀ ਗਾਣਿਆਂ ਦੀਆਂ ਤਰਜ਼ਾਂ ਉੱਤੇ ਭਗਤ ਲੋਕ ਮਾਤਾ ਦੀ ਭੇਟਾ ਗਾਉਂਦੇ ਰਹਿੰਦੇ ਹਨ। ਸਾਡੇ ਗੁਆਂਢ ਪਰ ਪੁੰਨਿਆ ਨੂੰ ਢੋਲਕੀਆਂ ਛੈਣਿਆਂ ਨਾਲ ਸਾਰੀ ਰਾਤ ਕੀਰਤਨ ਹੁੰਦਾ ਹੈ। ਨਰਾਤਿਆਂ ਦੇ ਦਿਨਾਂ ਵਿੱਚ ਤਾਂ ਸਾਰੇ ਘਰਾਂ ਵਿੱਚ ਰਮਾਇਣ ਦਾ ਪਾਠ ਰੱਖਿਆ ਜਾਂਦਾ ਹੈ, ਤੇ ਬਹੁਤੇ ਘਰਾਂ ਦੇ ਲੋਕ ਸਾਰਾ-ਸਾਰਾ ਦਿਨ ਅੱਧੀ-ਅੱਧੀ ਰਾਤ ਤੱਕ ਲਾਊਡ ਸਪੀਕਰ ਲਾਈ ਰੱਖਦੇ ਸਨ।

ਸਾਡੇ ਬੀ ਜੀ ਦਾ ਘਰ ਸਾਡੇ ਤੋਂ ਥੋੜੀ ਹੀ ਦੂਰੀ ਉੱਤੇ ਹੈ, ਉਨਾਂ ਨੇ ਹੁਣ ਕਦੇ ਕੁਝ ਨਹੀਂ ਆਖਿਆ, ਤੇ ਮੇਰਾ ਧਿਆਨ ਪਤਾ ਨਹੀਂ ਕਿਉਂ ਮੁੱਲਾਂ ਦੇ ਵੱਢੇ ਹੋਏ ਸਿਰ ਵੱਲ ਬਾਰ-ਬਾਰ ਚਲਾ ਜਾਂਦਾ ਹੈ। ਮੈਨੂੰ ਲੱਗਦਾ ਹੈ ਜਿਵੇਂ ਦਰਿਆ ਵਹਿ ਰਿਹਾ ਹੈ। ਇੱਕ ਕਿਨਾਰਾ ਭਾਰਤ ਨੂੰ ਲੱਗਦਾ ਹੈ ਤੇ ਦੂਜਾ ਪਾਕਿਸਤਾਨ ਨੂੰ। ਇੱਕ ਪਾਸੇ ਦਾ ਪਾਣੀ ਅਸੀਂ ਪੀਂਦੇ ਹਾਂ ਤੇ ਦੂਜੇ ਦਾ ਉਹ। ਸਿਰਫ਼ ਉਹ ਪੁਲ ਟੁੱਟ ਗਿਆ ਹੈ ਜਿਹੜਾ ਦੋਨਾਂ ਸਿਰਿਆਂ ਨੂੰ ਮਿਲਾਉਂਦਾ ਸੀ।

# ਅਸੀਂ ਨਸ਼ੇੜੀ ਨਹੀਂ ਹਾਂ !

**ਹਾਸ ਵਿਅੰਗ**

**- ਨੂਰ ਸੰਤੋਖਪੁਰੀ**

ਅਸੀਂ ਚੀਕ-ਚੀਕ ਕੇ, ਆਪਣਾ ਪੂਰਾ ਤਾਣ ਲਾ ਕੇ ਬੜੇ ਚਿਰ ਤੋਂ ਪਏ ਕਹਿੰਦੇ ਹਾਂ ਕਿ ਅਸੀਂ ਨਸ਼ੇੜੀ ਨਹੀਂ ਹਾਂ। ਅਸੀਂ ਨਸ਼ੇੜੀ ਨਹੀਂ ਹਾਂ। ਕੀ ਹੋਇਆ ਜੇਕਰ ਸਾਡੀ ਸ਼ਕਲੋ-ਸੂਰਤ ਹੀ ਅਜਿਹੀ ਹੈ ਕਿ ਅਸੀਂ ਪੱਕੇ ਨਸ਼ੇੜੀ ਪਏ ਜਾਪਦੇ ਹਾਂ। ਸਾਡੇ ਚਿਹਰੇ ਦਾ ਪੀਲਾ-ਭੂਕ ਰੰਗ, ਅੰਦਰ ਨੂੰ ਵੜੀਆਂ ਅੱਖਾਂ, ਬਾਹਰ ਨੂੰ ਨਿਕਲੀਆਂ ਹੜਬਾਂ, ਝੁਕੇ-ਝੁਕੇ ਮੋਢੇ, ਸਿਰਕੀ ਦੇ ਕਾਨਿਆਂ ਵਰਗੀਆਂ ਪਸਲੀਆਂ, ਰੀੜ ਦੀ ਹੱਡੀ ਨੂੰ ਅੰਦਰੋ-ਅੰਦਰੀ ਲੱਗਿਆ ਢਿੱਡ, ਤੀਲਿਆਂ ਵਰਗੀਆਂ ਹੱਥਾਂ ਦੀਆਂ ਪਤਲੀਆਂ-ਕਮਜ਼ੋਰ ਉਂਗਲਾਂ, ਮੱਕੀ ਦੇ ਸੁੱਕੇ ਟਾਂਡਿਆਂ ਵਰਗੀਆਂ ਲੱਤਾਂ ਵੇਖ ਕੇ ਹਰੇਕ ਜਣਾ-ਖਣਾ, ਦੁੱਕੀ-ਤਿੱਕੀ ਬੰਦਾ ਸਾਨੂੰ ਨਸ਼ੇੜੀ ਸਮਝਣ ਲੱਗ ਪੈਂਦਾ ਹੈ। ਨੱਕ ਵਿਚੋਂ ਚੋਂਦਾ ਸੀਂਡ, ਸਾਡੀ ਢਿਲਕੀ-ਢਿਲਕੀ ਜਿਹੀ ਪਤਲੂਨ, ਪੈਰਾਂ ਵਿਚ ਪਹਿਨੀਆਂ ਘਸੀਆਂ-ਪੁਰਾਣੀਆਂ ਚੱਪਲਾਂ, ਪਾਟੀਆਂ ਬਿਆਈਆਂ ਵੇਖ ਕੇ ਵੀ ਕਈ ਬੰਦੇ-ਤੀਵੀਆਂ ਸਾਨੂੰ ਨਸ਼ੇੜੀ ਸਮਝਣ ਲੱਗ ਪੈਂਦੇ ਹਨ। ਕਈ ਤੀਵੀਆਂ ਤਾਂ ਨੱਕਾਂ-ਮੂੰਹਾਂ ਨੂੰ ਮਰੋੜਾ ਜਿਹਾ ਦੇ ਕੇ ਸਾਥੋਂ ਦੂਰ-ਦੂਰ ਹੋ ਕੇ ਲੰਘ ਜਾਂਦੀਆਂ ਹਨ। ਕੁਝ ਆਪਣੇ ਨੱਕ 'ਤੇ ਰੁਮਾਲ ਰੱਖ ਕੇ ਕੋਲੋਂ ਲੰਘਦੀਆਂ ਹੋਈਆਂ ਬੁੜ-ਬੁੜ ਕਰਨ ਲੱਗ ਪੈਂਦੀਆਂ ਹਨ, "ਵੇ, ਪਰਾਂ ਮਰ ਜਾ ਕੇ! ਕਿੱਥੇ ਸਵੇਰੇ-ਸਵੇਰੇ ਮੱਥੇ ਆਣ ਲੱਗਾ ਏਂ? ਭੈੜੇ ਕੋਲੋਂ ਖੁਰਕ ਦੇ ਮਾਰੇ ਕੁੱਤੇ ਨਾਲੋਂ ਵੀ ਜ਼ਿਆਦਾ ਮੁਸ਼ਕ ਪਈ ਆਉਂਦੀ ਏ। ਭਾਵੇਂ ਹੁਣੇ ਉਲਟੀ ਆ ਜਾਵੇ।"

ਕਈ ਲੋਕ ਸਾਨੂੰ ਦੂਰੋਂ ਵੇਖ ਕੇ ਆਪਣਾ ਰਾਹ ਬਦਲ ਕੇ ਪਰਾਂ-ਪਰਾਂ ਹੋ ਕੇ ਅਗਾਂਹ ਲੰਘ ਜਾਂਦੇ ਹਨ। ਜਿਵੇਂ ਉਨਾਂ ਨੂੰ ਡਰ ਹੋਵੇ ਕਿ ਅਸੀਂ ਉਨਾਂ ਕੋਲੋਂ ਕੋਈ ਸ਼ੈਅ ਜਾਂ ਰੁਪਏ ਹੀ ਨਾ ਮੰਗ ਲਈਏ ? ਜਾਂ ਦਾਤਰ, ਕੋਈ ਹੋਰ ਤਿੱਖਾ ਹਥਿਆਰ ਵਿਖਾ ਕੇ ਜਾਂ ਮਾਰ ਕੇ ਉਨਾਂ ਕੋਲੋਂ ਗਹਿਣੇ, ਸਮਾਰਟ ਮੋਬਾਈਲ ਫੋਨ, ਬਟੂਏ, ਬੈਗ ਵਗੈਰਾ ਹੀ ਨਾ ਖੋਹ ਲਈਏ ? ਸਾਡੀ ਸ਼ਕਲੋ-ਸੂਰਤ ਜੁ ਕਿਸੇ ਪੱਕੇ ਨਸ਼ੇੜੀ ਬੰਦੇ ਵਰਗੀ ਬਣੀ ਪਈ ਹੈ ਪਰ ਅਸੀਂ ਨਸ਼ੇੜੀ ਨਹੀਂ ਹਾਂ। ਪਤਾ ਨਹੀਂ ਲੋਕਾਂ ਨੂੰ ਅਤੇ ਸਾਨੂੰ ਬਦਨਾਮ ਕਰਨ ਵਾਲਿਆਂ ਨੂੰ ਕਦੋਂ ਯਕੀਨ ਆਵੇਗਾ ਕਿ ਅਸੀਂ ਉੱਕਾ ਹੀ ਨਸ਼ੇੜੀ ਹੀ ਨਹੀਂ ਹਾਂ? ਅਸੀਂ ਤਾਂ ਬੜੇ ਸਾਊ, ਸੋਫ਼ੀ ਯਾਨਿ ਕੋਈ ਵੀ ਨਸ਼ਾ ਨਾ ਕਰਨ ਵਾਲੇ ਹਾਂ। ਅਸੀਂ ਕਦੇ ਕਿਸੇ ਨਾਲ ਦੰਗਾ-ਫਸਾਦ ਨਹੀਂ ਕੀਤਾ। ਕਦੇ ਲੜਾਈ-ਝਗੜਾ ਨਹੀਂ ਕੀਤਾ। ਕੋਈ ਪੰਗਾ ਖੜਾ ਨਹੀਂ ਕੀਤਾ। ਘਰ ਵਿਚ ਅਤੇ ਬਾਹਰ ਕਿਸੇ ਤਰਾਂ ਦਾ ਕੋਈ ਹੰਗਾਮਾ ਕਦੇ ਨਹੀਂ ਕੀਤਾ। ਪੰਜਾਬ ਪੁਲਸ ਨੇ ਸਾਨੂੰ ਨਸ਼ੇੜੀ ਸਮਝ ਕੇ ਜਾਂ ਗਰਦਾਨ ਕੇ ਇਕ ਵਾਰ ਵੀ ਗ੍ਰਿਫਤਾਰ ਨਹੀਂ ਕੀਤਾ। ਤਾਂ ਫਿਰ ਸਾਨੂੰ ਕੋਈ ਇਕ ਵਾਰ ਤਾਂ ਸਮਝਾਏ ਕਿ ਕਿਉਂ ਆਲਮ ਸਾਰਾ ਸਾਨੂੰ ਨਸ਼ੇੜੀ ਸਮਝਣ ਦੀ ਭੁੱਲ ਕਰ ਰਿਹਾ ਹੈ ? ਅਸੀਂ 'ਪਿਓਰ ਪੰਜਾਬੀ' ਹਾਂ। ਕੀ ਇਸੇ ਕਾਰਨ ਸਾਨੂੰ 'ਨਸ਼ੇੜੀ, ਨਸ਼ੇੜੀ' ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ ?



ਅਖੇ, ਇਕ ਸਰਵੇਖਣ ਮੁਤਾਬਕ 70 ਫੀਸਦੀ ਪੰਜਾਬੀ ਨੌਜਵਾਨ ਨਸ਼ੇ ਕਰਨ ਦੇ ਆਦੀ ਹਨ। ਕੋਈ ਡੋਡਿਆਂ-ਅਫੀਮ ਦਾ ਨਸ਼ਾ ਕਰਦਾ ਹੈ। ਕੋਈ ਨਸ਼ੀਲੇ ਕੈਪਸੂਲਾਂ, ਗੋਲੀਆਂ, ਸਿਰਪ ਦਾ ਨਸ਼ਾ ਕਰਦਾ ਹੈ। ਕਈ ਟੀਕਿਆਂ ਰਾਹੀਂ ਨਸ਼ੇ ਦਾ ਮਜ਼ਾ ਲੈਂਦੇ ਹਨ। ਕਈ ਹੋਰ ਪੰਜਾਬੀ ਭੰਗ, ਗਾਂਜਾ, ਚਰਸ, ਸ਼ਰਾਬ ਦਾ ਨਸ਼ਾ ਕਰਦੇ ਹਨ। ਕਈ ਸਿੰਥੈਟਿਕ ਡਰੱਗਜ਼, ਚਿੱਟੇ ਪਾਊਡਰ, ਹੈਰੋਇਨ, ਸਮੈਕ ਵਗੈਰਾ ਦਾ ਨਸ਼ਾ ਕਰਦੇ ਹਨ। ਸਾਨੂੰ ਪੰਜਾਬੀਆਂ ਨੂੰ ਬਦਨਾਮ ਕਰਨ ਵਾਲੇ ਅਖੌਤੀ ਸਿਆਸੀ ਆਗੂਆਂ ਤੇ ਹੋਰ ਦੁੱਕੀ-ਤਿੱਕੀ ਬੰਦਿਆਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਅਸੀਂ ਪੰਜਾਬੀ ਆਪਣੇ ਮੁਲਕ ਵਿਚ ਅਤੇ ਵਿਦੇਸ਼ਾਂ ਵਿਚ ਖੇਤੀਬਾੜੀ, ਸਨਅਤ, ਵਪਾਰ, ਵਕਾਲਤ, ਪੱਤਰਕਾਰੀ, ਸਿਆਸਤ, ਡਾਕਟਰੀ, ਵੱਖ-ਵੱਖ ਵਿਗਿਆਨਕ ਖੇਤਰਾਂ, ਸਿੱਖਿਆ, ਤਕਨੀਕ, ਟਰਾਂਸਪੋਰਟ, ਕਲਾ ਆਦਿ ਬੇਸ਼ੁਮਾਰ ਖੇਤਰਾਂ ਵਿਚ ਹਜ਼ਾਰਾਂ ਕਿਸਮ ਦੇ ਵਧੀਆ ਤੇ ਉੱਚਕੋਟੀ ਦੇ ਕੰਮ ਕਰ ਰਹੇ ਹਾਂ...ਉਹ ਤੁਹਾਨੂੰ ਵਿਖਾਈ ਕਿਉਂ ਨਹੀਂ ਦਿੰਦੇ ? ਭਾਰਤ ਨੂੰ ਅੰਨ ਦੇ ਮਾਮਲੇ ਵਿਚ ਸਵੈ-ਨਿਰਭਰ ਬਣਾਉਣ ਵਾਲੇ ਪੰਜਾਬੀ ਹਨ। ਵੱਖ-ਵੱਖ ਖੇਡਾਂ ਵਿਚ ਝੰਡੇ ਗੱਡਣ ਵਾਲੇ ਵੀ ਕਈ ਗੱਭਰੂ ਤੇ ਮੁਟਿਆਰਾਂ ਪੰਜਾਬੀ ਹਨ। ਭਾਰਤ ਦੀ ਆਜ਼ਾਦੀ ਬਦਲੇ ਸਭ ਤੋਂ ਵੱਧ ਬਲੀਦਾਨ ਪੰਜਾਬੀਆਂ ਨੇ ਦਿੱਤਾ ਤੇ ਹੁਣ ਵੀ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ।

ਉਸ ਸਰਵੇਖਣ ਬਾਰੇ ਗੌਰ ਕਰ ਲਓ। ਸਿਰਫ 4335 ਵਿਅਕਤੀਆਂ ਦੇ ਸੈਂਪਲ ਲੈ ਕੇ ਕਰੋੜਾਂ ਪੰਜਾਬੀਆਂ ਨੂੰ ਨਸ਼ੇੜੀ ਕਿਵੇਂ ਗਰਦਾਨਿਆ ਜਾ ਸਕਦਾ ਹੈ ? ਅਸੀਂ ਮੋਟੇ, ਦਰਮਿਆਨੇ, ਪਤਲੇ ਜਿਸਮਾਂ ਵਾਲੇ ਭਾਵੇਂ ਉੱਚੇ-ਲੰਮੇ ਕੱਦ ਵਾਲੇ ਜਾਂ ਛੋਟੇ ਕੱਦ ਵਾਲੇ ਹੋਈਏ, ਸਾਡੇ ਵਿਚੋਂ ਬਹੁਤ ਸਾਰੇ ਪੰਜਾਬੀ ਬਹੁਤ ਮਿਹਨਤ ਕਰਨ ਵਾਲੇ ਹੁੰਦੇ ਹਨ। ਅਸੀਂ ਰੱਕੜਾਂ ਵਿਚ ਗੁਲਜ਼ਾਰ ਖਿੜਾ ਦਿੰਦੇ ਹਾਂ। ਦਰਿਆਵਾਂ ਦੇ ਵਹਿਣ ਮੋੜ ਦਿੰਦੇ ਹਾਂ, ਪਰਉਪਕਾਰੀ ਹਾਂ। ਦਲੇਰ ਹਾਂ! ਬਹਾਦਰ ਹਾਂ! ਨਰਮ-ਦਿਲ ਇਨਸਾਨ ਵੀ ਹਾਂ। ਪੰਜਾਬ ਵਿਚੋਂ ਅੱਤਵਾਦ ਦਾ ਸਫ਼ਾਇਆ ਵੀ ਸਮੂਹ ਪੰਜਾਬੀਆਂ ਨੇ ਰਲ ਕੇ ਹੀ ਕੀਤਾ। ਇਸ ਵਾਸਤੇ ਕਈ ਸੂਰਬੀਰ ਪੰਜਾਬੀ ਲੋਕਾਂ ਨੇ ਆਪਣੀਆਂ ਜਾਨਾਂ ਦੀ ਕੁਰਬਾਨੀ ਦਿੱਤੀ।

ਹੁਣ ਇਕ ਅਰਸੇ ਤੋਂ ਸਾਨੂੰ 'ਨਸ਼ੇੜੀ-ਨਸ਼ੇੜੀ' ਕਹਿ ਕੇ ਭੰਡਿਆ ਜਾ ਰਿਹਾ ਹੈ। ਅਖੌਤੀ ਵੱਖ-ਵੱਖ ਸਿਆਸੀ ਆਗੂਆਂ ਵਲੋਂ ਆਪੋ-ਆਪਣਾ ਨਿਸ਼ਾਨਾ ਫੁੰਡਿਆ ਜਾ ਰਿਹਾ ਹੈ। ਹਾਂ ਜਿਹੜੀ ਗੱਲ ਪੂਰੇ ਸੌ ਪੈਸੇ ਸੱਚ ਹੈ, ਉਹ ਹੈ ਕਿ ਪੰਜਾਬ ਵਿਚ ਸ਼ਰਾਬ ਦੀ ਬਹੁਤ ਜ਼ਿਆਦਾ ਖਪਤ ਹੈ ਪਰ ਅਰਬਾਂ ਰੁਪਏ ਦੀ ਹਰੇਕ ਸਾਲ ਸ਼ਰਾਬ ਸਿਰਫ ਪੰਜਾਬੀ ਹੀ ਡੀਕ ਲਾ ਕੇ, ਨੀਟ, ਪਾਣੀ ਜਾਂ ਸੋਡੇ ਨਾਲ ਨਹੀਂ ਪੀ ਜਾਂਦੇ।

ਪੰਜਾਬ ਵਿੱਚ ਬਿਹਾਰ, ਯੂ.ਪੀ., ਝਾਰਖੰਡ ਉੜੀਸਾ, ਉਤਰਾਖੰਡ, ਪੱਛਮੀ ਬੰਗਾਲ, ਨੇਪਾਲ, ਮੱਧ-ਪ੍ਰਦੇਸ਼, ਹਿਮਾਚਲ ਪ੍ਰਦੇਸ਼, ਹਰਿਆਣਾ ਆਦਿ ਸੂਬਿਆਂ ਵਿਚੋਂ ਆ ਕੇ ਲੱਖਾਂ ਲੋਕ ਰਹਿੰਦੇ ਹਨ। ਉਨਾਂ ਵਿਚੋਂ ਵੀ ਬੇਸ਼ੁਮਾਰ ਸ਼ਾਮ ਨੂੰ ਜਾਂ ਖੁਸ਼ੀ ਦੇ ਮੌਕਿਆਂ 'ਤੇ ਭਰ-ਭਰ ਕੇ ਗਲਾਸੀਆਂ ਪੀ ਲੈਂਦੇ ਹਨ। ਫਿਰ ਉਹ ਵੀ ਪੰਜਾਬੀਆਂ ਵਾਂਗ ਗੰਡਾਸੀਆਂ, ਖੁਖਰੀ, ਸੋਟੇ, ਡਾਂਗਾਂ ਵਗੈਰਾ ਖੜਕਾਉਂਦੇ ਹਨ। ਉਂਞ ਅਸੀਂ ਖੁਦ ਕੂਕ-ਕੂਕ ਕੇ ਕਹਿੰਦੇ ਹਾਂ, "ਅਸੀਂ ਨਸ਼ੇੜੀ ਨਹੀਂ ਹਾਂ।"

# ਸ਼ਾਹ ਮੁਹੰਮਦ ਰਚਿਤ ਜੰਗਨਾਮਾ ਸਿੰਘਾਂ ਤੇ ਫਰੰਗੀਆਂ

**- ਡਾ. ਭੀਮ ਇੰਦਰ ਸਿੰਘ**

ਜੰਗਨਾਮਾ ਸਿੰਘਾਂ ਤੇ ਫਰੰਗੀਆਂ ਸ਼ਾਹ ਮੁਹੰਮਦ (1782–1862 ਈ.) ਦੀ ਸ਼ਾਹਕਾਰ ਰਚਨਾ ਹੈ। ਇਹ ਜੰਗਨਾਮਾ ਭਾਵੇਂ ਉਨੀਵੀਂ ਸਦੀ ਦੇ ਲਗਪਗ ਅੱਧ ਵਿਚ ਲਿਖਿਆ ਗਿਆ ਪਰ ਇਸ ਦੀ ਸਾਰਥਿਕਤਾ ਇਕੀਵੀਂ ਸਦੀ ਵਿਚ ਵੀ ਬਣੀ ਹੋਈ ਹੈ। ਸਮੇਂ ਤੇ ਸਥਾਨ ਦੀਅ ਹੱਦਬੰਦੀਆਂ ਨੂੰ ਤੋੜਦਾ ਹੋਇਆ ਇਹ ਨਵ-ਸਾਮਰਾਜ ਦੀਆਂ ਕੂਟਨੀਤੀਆਂ ਬਾਰੇ ਵੀ ਪੰਜਾਬੀਆਂ ਨੂੰ ਚੇਤਨ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਭਾਰਤ ਅੰਦਰ ਫੈਲਾਏ ਜਾ ਰਹੇ ਅਸਹਿਣਸੀਲਤਾ ਦੇ ਮਾਹੌਲ ਨੂੰ ਇਹ ਜੰਗਨਾਮਾ ਅੱਜ ਵੀ ਮੁਖ਼ਾਤਿਬ ਹੁੰਦਾ ਪ੍ਰਤੀਤ ਹੁੰਦਾ ਹੈ। ਸ਼ਾਹ ਮੁਹੰਮਦ ਨੇ ਭਾਵੇਂ ਅੰਗਰੇਜ਼ ਸਾਮਰਾਜ ਦੀ ਪੰਜਾਬ ਵਿਚ ਆਮਦ ਤੋਂ ਬਾਅਦ ਪੈਦਾ ਹੋਣ ਵਾਲੇ ਸੰਕਟਾਂ ਦੀਆਂ ਭਵਿੱਖਬਾਣੀਆਂ ਕੀਤੀਆਂ ਸਨ ਪਰ ਅੱਜ ਦੇ ਨਵ-ਸਾਮਰਾਜੀ ਸੰਕਟਾਂ ਦੇ ਸਿੱਟੇ ਵਜੋਂ ਟੁੱਟ ਰਹੇ ਆਪਸੀ ਭਾਈਚਾਰੇ ਸਬੰਧੀ ਦਰਸਾਈਆਂ ਗੱਲਾਂ ਅਜੋਕੇ ਯਥਾਰਥ ਦੇ ਕਾਫੀ ਨੇੜੇ ਹਨ। ਸ਼ਾਹ ਮੁਹੰਮਦ ਨੇ ਅੰਗਰੇਜ਼ ਸਾਮਰਾਜ ਦੀ ਪੰਜਾਬ ਵਿਚ ਆਮਦ ਨੂੰ ਨਵੇਂ ਸੰਕਟਾਂ ਦੀ ਆਮਦ ਦਾ ਨਾਂ ਦਿੱਤਾ ਸੀ। ਸ਼ਾਹ ਮੁਹੰਮਦ ਦਾ ਸਭ ਤੋਂ ਵੱਡਾ ਫਿਕਰ ਇਹ ਸੀ ਕਿ ਅੰਗਰੇਜ਼ ਸਾਮਰਾਜ ਨੇ ਪੰਜਾਬੀਆਂ ਦੇ ਸਦੀਆਂ ਪੁਰਾਣੇ ਸਾਝੇ ਭਾਈਚਾਰੇ ਨੂੰ ਤਹਿਸ-ਨਹਿਸ ਕਰ ਦੇਣਾ ਹੈ। ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਪੰਜਾਬ ਵਿਚ ਅੰਗਰੇਜ਼ ਸਾਮਰਾਜ ਦੇ ਆਉਣ ਨੂੰ ਵੱਡੇ ਸੰਕਟ (ਆਫ਼ਾਤ) ਦੇ ਤੌਰ 'ਤੇ ਵੇਖਦਾ ਹੈ:

**ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,**
**ਸਿਰ ਦੋਹਾਂ ਦੇ ਉਤੇ ਆਫ਼ਾਤ ਆਈ।**
**ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,**
**ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।**

ਪੰਜਾਬ ਵਿਚ ਤੀਸਰੀ ਜ਼ਾਤ (ਅੰਗਰੇਜ਼ ਸਾਮਰਾਜ) ਦੀ ਆਮਦ ਬਾਰੇ ਕੀਤੀਆਂ ਭਵਿੱਖਬਾਣੀਆਂ ਸ਼ਾਹ ਮੁਹੰਮਦ ਦੀ ਇਸ ਸ਼ਾਹਕਾਰ ਰਚਨਾ ਨੂੰ ਹੋਰ ਵੀ ਪੁਖ਼ਤਗੀ ਪ੍ਰਦਾਨ ਕਰਦੀਆਂ ਹਨ। ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਪੰਜਾਬੀ ਸਾਹਿਤ ਵਿਚ ਸ਼ਾਹਕਾਰ ਰਚਨਾ ਦੇ ਤੌਰ 'ਤੇ ਪੜ੍ਹਿਆ, ਪਰਖਿਆ ਤੇ ਪੜਚੋਲਿਆ ਜਾਂਦਾ ਹੈ। ਸ਼ਾਹ ਮੁਹੰਮਦ ਨੇ ਆਪਣੀ ਇਸ ਸ਼ਾਹਕਾਰ ਰਚਨਾ ਵਿਚ ਮੁੱਖ ਤੌਰ 'ਤੇ ਰਣਜੀਤ ਸਿੰਘ ਦੀ ਮੌਤ (27 ਜੂਨ, 1839) ਤੋਂ ਬਾਅਦ ਪੰਜਾਬ ਵਿਚ ਫੈਲੀ ਖਾਨਾਜੰਗੀ ਦਾ ਲਾਭ ਉਠਾ ਕੇ ਅੰਗਰੇਜ਼ ਸਾਮਰਾਜ ਦੁਆਰਾ ਵੱਖ-ਵੱਖ ਕੂਟਨੀਤੀਆਂ ਰਾਹੀਂ ਹਾਸਲ ਕੀਤੀ ਰਾਜਸੱਤਾ ਦਾ ਗੰਭੀਰ ਨੋਟਿਸ ਲਿਆ ਹੈ। ਉਹ ਇਸ ਗੱਲ ਲਈ ਵਾਰ-ਵਾਰ ਕੁਰਲਾਉਂਦਾ ਦਿਖਾਈ ਦਿੰਦਾ ਹੈ ਕਿ ਅੰਗਰੇਜ਼ ਹਾਕਮ ਲਾਹੌਰ-ਦਰਬਾਰ ਨੂੰ ਹਰ ਹਾਲਤ ਵਿਚ ਅੰਦਰੋਂ ਖੋਖਲਾ ਕਰਕੇ ਇਥੇ ਕਾਬਜ਼ ਹੋਣ ਦੀ ਤਾਕ ਵਿਚ ਰਹਿੰਦੇ ਹਨ। ਲਾਹੌਰ-ਦਰਬਾਰ ਦੀ ਖਾਨਾਜੰਗੀ ਉਸ ਨੂੰ ਮਾਨਸਿਕ ਪੀੜਾ ਦਿੰਦੀ ਹੈ। ਇਹੋ ਮਾਨਸਿਕ ਪੀੜਾ ਉਸ ਤੋਂ ਇਹ ਸ਼ਾਹਕਾਰ (ਜੰਗਨਾਮਾ) ਲਿਖਵਾਉਣ ਦਾ ਸਬੱਬ ਬਣਦੀ ਹੈ। ਹੇਠ ਲਿਖੀਆਂ ਸਤਰਾਂ ਵਿਚ ਸ਼ਾਹ ਮੁਹੰਮਦ ਅੰਗਰੇਜ਼ ਸਾਮਰਾਜ ਦੁਆਰਾ ਲਾਹੌਰ ਦਰਬਾਰ 'ਤੇ ਕਬਜ਼ਾ ਕਰ ਲੈਣ ਦੀ ਘਟਨਾ ਨੂੰ ਇਸ ਤਰਾਂ ਬਿਆਨ ਕਰਦਾ ਹੈ:




**ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ,**
**ਪਾਈ ਛਾਵਣੀ ਵਿਚ ਲਾਹੌਰ ਦੇ ਜੀ।**
**ਰੋਹੀ ਮਾਲਵਾ ਪਾਰ ਦਾ ਮੁਲਕ ਸਾਰਾ,**
**ਠਾਣਾ ਘੱਤਿਆ ਵਿਚ ਫਲੌਰ ਦੇ ਜੀ।**
**ਲਿਆ ਸ਼ਹਿਰ ਲਾਹੌਰ, ਫੀਰੋਜ਼ਪੁਰ ਦਾ,**
**ਕਿਹੜੇ ਟਕੇ ਆਵਣ ਨੰਦਾ ਚੌਰ ਦੇ ਜੀ।**
**ਸ਼ਾਹ ਮੁਹੰਮਦ ਕਾਂਗੜਾ ਮਾਰ ਲੀਤਾ,**
**ਉਹਦੇ ਕੰਮ ਗਏ ਸੱਭੇ ਸੌਰਦੇ ਜੀ।**

ਸ਼ਾਹ ਮੁਹੰਮਦ ਦੂਰ-ਦ੍ਰਿਸ਼ਟੀ ਵਾਲਾ ਕਵੀ ਸੀ ਜੋ ਆਉਣ ਵਾਲੀਆਂ ਘਟਨਾਵਾਂ ਦੇ ਅਕਸ ਨੂੰ ਵੇਖ ਸਕਦਾ ਸੀ। ਉਸ ਦੇ ਅੰਦਾਜੇ ਤਜਰਬਿਆਂ ਤੇ ਤੱਥਾਂ 'ਤੇ ਆਧਾਰਤ ਸਨ। ਉਹ ਜਾਣਦਾ ਸੀ ਕਿ ਰਣਜੀਤ ਸਿੰਘ ਦਾ ਰਾਜ ਕਾਲ ਪੰਜਾਬੀਆਂ ਦੇ ਦਿਲਾਂ ਵਿਚ ਸਾਂਝੇ ਕੌਮੀ ਭਾਵ ਦੇ ਉਤਪੰਨ ਹੋਣ ਦਾ ਸਮਾਂ ਸੀ। ਸਾਂਝੀਵਾਲਤਾ ਅਤੇ ਧਰਮ-ਨਿਰਪੱਖਤਾ ਵਾਲੇ ਇਸ ਦੌਰ ਵਿਚ ਰਣਜੀਤ ਸਿੰਘ ਦੀ ਉਦਾਰਵਾਦੀ ਸੋਚ ਨੇ ਅਹਿਮ ਰੋਲ ਅਦਾ ਕੀਤਾ ਸੀ। ਇਸ ਰੋਲ ਸਦਕਾ ਹੀ ਪੰਜਾਬੀਆਂ ਵਿਚ ਧਾਰਮਿਕ ਸਹਿਣਸ਼ੀਲਤਾ ਅਤੇ ਆਪਸੀ ਪਿਆਰ ਦੇ ਗੁਣ ਉਤਪੰਨ ਹੋਏ ਸਨ। ਪਰ ਵਿਡੰਬਨਾ ਇਹ ਸੀ ਕਿ ਅੰਗਰੇਜ਼ ਸਾਮਰਾਜ ਦੇ ਇਕੋ ਝਟਕੇ ਨੇ ਰਣਜੀਤ ਸਿੰਘ ਰਾਜ ਕਾਲ ਦੇ ਅਨੇਕ ਗੁਣਾਂ ਨੂੰ ਖ਼ਤਮ ਕਰ ਦਿੱਤਾ ਸੀ। ਅੰਗਰੇਜ਼ ਸਾਮਰਾਜ ਦੇ ਹਮਲੇ ਨੇ ਤਤਕਾਲੀਨ ਪੰਜਾਬ ਦੀ ਆਰਥਿਕਤਾ, ਸਿਆਸਤ, ਸੱਭਿਆਚਾਰ ਆਦਿ ਨੂੰ ਵੀ ਆਪਣੇ ਖ਼ੂਨੀ ਪੰਜਿਆਂ ਵਿਚ ਜਕੜ ਲਿਆ ਸੀ। ਸ਼ਾਹ ਮੁਹੰਮਦ ਪੰਜਾਬ ਦੇ ਕਾਲੇ ਭਵਿੱਖ ਬਾਰੇ ਆਪਣੀ ਫਿਕਰਮੰਦੀ ਇਸ ਤਰਾਂ ਜ਼ਾਹਰ ਕਰਦਾ ਹੈ:

**ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ,**
**ਅੱਗੇ ਹੋਰ ਕੀ ਬਣਤ ਬਣਾਵਣੀ ਜੀ।**
**ਇਕ ਘੜੀ ਦੀ ਕੁਝ ਉਮੈਦ ਨਾਹੀ,**
**ਕਿਸੇ ਲਈ ਹਾੜ੍ਹੀ ਕਿਸੇ ਸਾਵਣੀ ਜੀ।**
**ਨਿਕੇ ਧੋਚ ਹੁਣ ਬੈਠ ਕੇ ਕਰਨ ਗੱਲਾਂ,**
**ਅਸੀਂ ਡਿੱਠੀ ਫਰੰਗੀ ਦੀ ਛਾਵਣੀ ਜੀ।**
**ਸ਼ਾਹ ਮੁਹੰਮਦਾ ਨਹੀਂ ਮਾਲੂਮ ਸਾਨੂੰ,**
**ਅੱਗੇ ਹੋਰ ਕੀ ਖੇਡ ਖਿਡਾਵਣੀ ਜੀ।**

ਸ਼ਾਹ ਮੁਹੰਮਦ ਨੇ ਪੰਜਾਬ ਦੀ ਤ੍ਰਾਸਦੀ ਨੂੰ ਜਿਸ ਤਰਾਂ ਕਰੁਣਾਮਈ ਕੜੀ ਵਿਚ ਪਰੋਇਆ ਹੈ, ਉਸ ਦੀ ਮਿਸਾਲ ਬਾਕੀ ਜੰਗਨਾਮਿਆਂ ਵਿਚ ਕਿਧਰੇ ਨਜ਼ਰ ਨਹੀਂ ਆਉਂਦੀ। ਤਤਕਾਲੀਨ ਪੰਜਾਬ ਦੀਆਂ ਇਤਿਹਾਸਕ ਘਟਨਾਵਾਂ ਦਾ ਸੰਜਮ ਭਰਿਆ ਵਰਣਨ, ਨਿਰਪੱਖ ਬਿਆਨ ਆਦਿ ਇਸ ਸ਼ਾਹਕਾਰ ਰਚਨਾ ਦੀਆਂ ਖ਼ੂਬੀਆਂ ਹਨ। ਸ਼ਾਹ ਮੁਹੰਮਦ ਨੇ ਤਤਕਾਲੀਨ ਸਿਆਸੀ ਲੀਡਰਾਂ ਤੇ ਧੜਿਆਂ ਦੀ ਆਪਸੀ ਫੁੱਟ ਨੂੰ ਉਭਾਰਨ ਦੇ ਨਾਲ-ਨਾਲ ਅੰਗਰੇਜ਼ ਹਾਕਮਾਂ ਨਾਲ ਪੰਜਾਬ ਦੇ ਲੀਡਰਾਂ ਦੇ ਬਣਦੇ-ਵਿਗੜਦੇ ਸਬੰਧਾਂ ਨੂੰ ਵੀ ਸਿਰਜਣ ਦਾ ਯਤਨ ਕੀਤਾ ਹੈ। ਸ਼ਾਹ ਮੁਹੰਮਦ ਜੰਗਨਾਮੇ ਦੇ ਪਹਿਲੇ ਅੱਧ ਵਿਚ ਤਤਕਾਲੀਨ ਸਿਆਸੀ ਸੱਤਾਵਾਨਾਂ ਦੀ ਧੜੇਬੰਦੀ ਤੇ ਕਤਲਾਂ ਦੀ ਪੇਸ਼ਕਾਰੀ ਕਰਦਾ ਹੈ। ਉਦਾਹਰਣ ਦੇ ਤੌਰ 'ਤੇ ਚੇਤ ਸਿੰਘ, ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ, ਜਵਾਹਰ ਸਿੰਘ ਆਦਿ ਦਾ ਕਤਲ ਸਿਆਸੀ ਛਲ-ਕਪਟ ਰਾਹੀਂ ਕੀਤਾ ਜਾਂਦਾ ਹੈ।

ਲਾਹੌਰ-ਦਰਬਾਰ ਦੀ ਭੂਮੰਡਲੀ (ਸਿੱਖ ਫੌਜ) ਦੀ ਬੁਰਾਛਾਗਰਦੀ ਲਈ ਅੰਗਰੇਜ਼ ਸਿਆਸਤ ਵੀ ਬਰਾਬਰ ਦੀ ਭਾਈਵਾਲ ਸੀ। ਅੰਗਰੇਜ਼ ਹਾਕਮ ਉਘੇ ਲੀਡਰਾਂ ਨੂੰ ਖ਼ਤਮ ਕਰਵਾ ਕੇ ਖ਼ੁਦ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਲਈ ਉਤਾਵਲੇ ਸਨ। ਇਸ ਦਾ ਪ੍ਰਮੁੱਖ ਕਾਰਨ ਇਹ ਸੀ ਕਿ ਪੰਜਾਬ ਸਮੁੰਦਰ ਤੋਂ ਦੂਰ ਹੋਣ ਕਰਕੇ ਅੰਗਰੇਜ਼ ਸਾਮਰਾਜੀ ਸੱਤਾ ਦੀ ਸੁਰੱਖਿਆ ਲਈ ਬਹੁਤ ਅਹਿਮੀਅਤ ਰੱਖਦਾ ਸੀ। ਇਹੋ ਕਾਰਨ ਸੀ ਕਿ ਅੰਗਰੇਜ਼ ਸਾਮਰਾਜ ਨੇ ਸਿਆਸਤ ਦੀਆਂ ਹਰ ਤਰਾਂ ਦੀਆਂ ਕੂਟਨੀਤੀਆਂ ਵਰਤ ਕੇ ਅਤੇ ਆਪਣੀ ਮੁਕੰਮਲ ਫੌਜੀ ਤਾਕਤ ਝੋਕ ਕੇ ਪੰਜਾਬ ਨੂੰ ਆਪਣੇ ਕਬਜ਼ੇ ਹੇਠ ਕਰਨ ਦੀਆਂ ਸਕੀਮਾਂ ਬਣਾ ਲਈਆਂ ਸਨ। ਪੰਜਾਬੀਆਂ ਤੇ ਸਿੱਖਾਂ ਦੀ ਬਹਾਦਰ ਫੌਜ ਨੂੰ ਹਰਾਉਣ ਲਈ ਅੰਗਰੇਜ਼ ਸਾਮਰਾਜ ਨੇ ਹਿੰਦੋਸਤਾਨੀ ਬਸਤੀਆਂ ਦੀ ਫੌਜ ਦਾ ਵੀ ਆਸਰਾ ਲਿਆ ਸੀ। ਅੰਗਰੇਜ਼ ਸਾਮਰਾਜ ਨੇ ਪੰਜਾਬ ਵਿਚ ਰਾਜਸੱਤਾ ਹਾਸਲ ਕਰਦਿਆਂ ਹੀ ਲੋਕਾਂ ਨੂੰ ਧਰਮਾਂ, ਜਾਤਾਂ ਆਦਿ ਵਿਚ ਵੰਡਣਾ ਸ਼ੁਰੂ ਕੀਤਾ, ਇਸ ਦਾ ਖ਼ਮਿਆਜਾ ਪੰਜਾਬੀਆਂ ਨੂੰ ਸੰਨ 1947 ਦੀ ਵੰਡ ਦੌਰਾਨ ਭੁਗਤਣਾ ਪਿਆ।

ਅੱਜ ਜਦੋਂ ਨਵ-ਸਾਮਰਾਜ ਦੇ ਪ੍ਰਭਾਵ ਅਧੀਨ ਭਾਰਤੀ ਕੱਟੜਪੰਥੀ ਤਾਕਤਾਂ ਭਾਰਤ ਨੂੰ ਧਰਮ ਦੇ ਨਾਂ 'ਤੇ ਵੰਡ ਕੇ ਇਕ ਵਿਸ਼ੇਸ਼ ਧਰਮ ਦੀ ਸੱਤਾ ਸਥਾਪਤ ਕਰਨੀ ਚਾਹੁੰਦੀਆਂ ਹਨ, ਅਜਿਹੇ ਸਮੇਂ ਸਾਹ ਮੁਹੰਮਦ ਦਾ ਜੰਗਨਾਮਾ ਸਾਨੂੰ ਆਗਾਹ ਵੀ ਕਰਦਾ ਹੈ ਅਤੇ ਸੇਧ ਵੀ ਦਿੰਦਾ ਹੈ। ਇਸ ਅਸਹਿਣਸ਼ੀਲਤਾ ਦੇ ਦੌਰ ਵਿਚ ਸ਼ਾਹ ਮੁਹੰਮਦ ਦਾ ਸ਼ਾਹਕਾਰ ਸਾਡੇ ਲਈ ਪ੍ਰੇਰਨਾਸ੍ਰੋਤ ਬਣਿਆ ਰਹੇਗਾ।

# ਚਾਬੀਆਂ ਦਾ ਮੋਰਚਾ ਤੇ ਬਾਬਾ ਖੜਕ ਸਿੰਘ

**- ਜਗਜੀਤ ਸਿੰਘ ਗਣੇਸ਼ਪੁਰ**

1849 ਤੋਂ ਦਰਬਾਰ ਸਾਹਿਬ ਦਾ ਪ੍ਰਬੰਧ ਅੰਗਰੇਜ਼ੀ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਂਦੇ ਸਰਬਰਾਹ ਅਧੀਨ ਹੀ ਚੱਲ ਰਿਹਾ ਸੀ। ਭਾਵੇਂ 20 ਅਪਰੈਲ 1921 ਨੂੰ ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖ ਕੌਮ ਦੇ ਸਪੁਰਦ ਕਰ ਦਿੱਤਾ ਸੀ ਪਰ ਤੋਸ਼ਕਾਨੇ ਦੀਆਂ ਚਾਬੀਆਂ ਪੁਰਾਣੇ ਸਰਬਰਾਹ ਕੋਲ ਹੀ ਸਨ। ਚਾਬੀਆਂ ਲੈਣ ਲਈ ਸਿੱਖਾਂ ਦੀ ਪ੍ਰਤੀਨਿਧ ਕਮੇਟੀ ਅਤੇ ਰਾਜਸੀ ਦਲ ਅਕਾਲੀ ਦਲ ਨੇ ਬਗ਼ਾਵਤ ਦਾ ਬਿਗੁਲ ਵਜਾ ਦਿੱਤਾ। ਇਸ ਦੌਰਾਨ ਕਈ ਗ੍ਰਿਫ਼ਤਾਰੀਆਂ ਹੋਈਆਂ। ਅੰਤ ਅੰਗਰੇਜ਼ ਸਰਕਾਰ ਨੂੰ ਝੁਕਨਾ ਪਿਆ ਅਤੇ 19 ਜਨਵਰੀ 1922 ਨੂੰ ਸਰਕਾਰ ਵੱਲੋਂ ਭੇਜੇ ਗਏ ਇਕ ਅਫ਼ਸਰ ਨੇ ਬਾਬਾ ਖੜਕ ਸਿੰਘ ਨੂੰ ਅਕਾਲ ਤਖ਼ਤ ਦੇ ਸਾਹਮਣੇ ਚਾਬੀਆਂ ਦੇ ਦਿੱਤੀਆਂ।

ਅੰਗਰੇਜ਼ੀ ਰਾਜ ਸਮੇਂ ਸਿੱਖ ਕੌਮ ਨੂੰ ਆਪਣੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਦਾ ਅਧਿਕਾਰ ਪ੍ਰਾਪਤ ਕਰਨ ਲਈ ਲੰਮਾ ਸਮਾਂ ਜੱਦੋ-ਜਹਿਦ ਕਰਨੀ ਪਈ। ਦਰਬਾਰ ਸਾਹਿਬ ਦਾ ਪ੍ਰਬੰਧ 1849 ਤੋਂ ਅੰਗਰੇਜ਼ੀ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਂਦੇ ਸਰਬਰਾਹ ਦੇ ਅਧੀਨ ਹੀ ਚੱਲ ਰਿਹਾ ਸੀ। ਸਿੱਖ ਆਗੂ ਇਸ ਮੰਗ 'ਤੇ ਜ਼ੋਰ ਦਿੰਦੇ ਆ ਰਹੇ ਸਨ ਕਿ ਕਿਸੇ ਕਿਸਮ ਦਾ ਗੁਰਦੁਆਰਾ ਐਕਟ ਬਣਾ ਕੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸਿੱਖ ਕੌਮ ਹਵਾਲੇ ਕੀਤਾ ਜਾਵੇ। ਭਾਵੇਂ ਅੰਗਰੇਜ਼ ਸਰਕਾਰ ਨੇ ਸਿੱਖਾਂ ਦੇ ਰੋਹ ਨੂੰ ਦੇਖਦੇ ਹੋਏ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਪ੍ਰਬੰਧ 20 ਅਪਰੈਲ 1921 ਨੂੰ ਸਿੱਖ ਕੌਮ ਦੇ ਸਪੁਰਦ ਕਰ ਦਿੱਤਾ ਸੀ ਪਰ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਤੋਸ਼ਖ਼ਾਨੇ ਦੀਆਂ ਚਾਬੀਆਂ ਉਨਾਂ ਵੱਲੋਂ ਨਿਯੁਕਤ ਕੀਤੇ ਪੁਰਾਣੇ ਸਰਬਰਾਹ ਸੁੰਦਰ ਸਿੰਘ ਰਾਮਗੜੀਆ ਕੋਲ ਹੀ ਹੀ ਸਨ। ਜਦੋਂ ਸ਼੍ਰੋਮਣੀ ਕਮੇਟੀ ਨੇ ਸਰਕਾਰ ਤੋਂ ਮੰਗ ਕੀਤੀ ਕੀ ਤੋਸ਼ਖ਼ਾਨੇ ਦੀਆਂ ਚਾਬੀਆਂ ਸੁੰਦਰ ਸਿੰਘ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਖੜਕ ਸਿੰਘ ਦੇ ਹਵਾਲੇ ਕੀਤੀਆਂ ਜਾਣ ਤਾਂ ਸਰਕਾਰ ਨੇ ਅੰਮ੍ਰਿਤਸਰ ਦੇ ਡੀਸੀ ਰਾਹੀਂ ਪੁਲੀਸ ਭੇਜ ਕੇ 7 ਨਵੰਬਰ 1921 ਨੂੰ ਚਾਬੀਆਂ ਆਪਣੇ ਕਬਜ਼ੇ ਵਿਚ ਰੱਖ ਲਈਆਂ। ਇਸ ਨਾਲ ਪੰਥ 'ਚ ਸਰਕਾਰ ਖ਼ਿਲਾਫ਼ ਰੋਹ ਹੋਰ ਵੱਧ ਗਿਆ, ਹੁਣ ਸਿੱਖਾਂ ਦੀ ਪ੍ਰਤੀਨਿਧ ਕਮੇਟੀ ਤੇ ਰਾਜਸੀ ਦਲ ਅਕਾਲੀ ਦਲ ਨੇ ਇਸ ਫ਼ੈਸਲੇ ਵਿਰੁੱਧ ਬਗ਼ਾਵਤ ਦਾ ਬਿਗੁਲ ਵਜਾ ਦਿੱਤਾ। ਸ਼੍ਰੋਮਣੀ ਕਮੇਟੀ ਨੇ ਦੀਵਾਨਾਂ ਤੇ ਤਕਰੀਰਾਂ ਜ਼ਰੀਏ ਸਰਕਾਰ ਦਾ ਸਿੱਖ ਧਰਮ ਵਿਚ ਦਖ਼ਲ ਆਮ ਲੋਕਾਂ ਸਾਹਮਣੇ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਦੇ ਇਸ ਅੰਦੋਲਨ ਤੋਂ ਅੰਗਰੇਜ਼ੀ ਸਰਕਾਰ ਘਬਰਾ ਗਈ, ਨਤੀਜੇ ਵਜੋਂ ਸਰਕਾਰ ਨੇ ਅੰਮ੍ਰਿਤਸਰ, ਲਾਹੌਰ ਅਤੇ ਸ਼ੇਖ਼ੂਪੁਰਾ ਦੇ ਜ਼ਿਲਿਆਂ ਵਿਚ ਦਫ਼ਾ 144 ਲਗਾ ਕੇ ਸਿੱਖਾਂ ਦੇ ਜਲਸਿਆਂ 'ਤੇ ਰੋਕ ਲਗਾ ਦਿੱਤੀ। ਸਰਕਾਰ ਨੇ ਆਪਣਾ ਪੱਖ ਸਪਸ਼ਟ ਸਹੀ ਸਾਬਤ ਕਰਨ ਲਈ 26 ਨਵੰਬਰ 1921 ਨੂੰ ਅਜਨਾਲੇ ਵਿਚ ਇਕ ਜਲਸਾ ਰੱਖਿਆ, ਜਿਸ ਵਿੱਚ ਸਿੱਖ ਕੌਮ ਦਾ ਪੱਖ ਰੱਖਣ ਲਈ ਅਕਾਲੀਆ ਵੱਲੋਂ ਤੇਜਾ ਸਿੰਘ ਸਮੁੰਦਰੀ, ਜਸਵੰਤ ਸਿੰਘ ਝਬਾਲ, ਦਾਨ ਸਿੰਘ ਵਛੋਆ, ਪੰਡਿਤ ਦੀਨਾ ਨਾਥ ਅਤੇ ਹੋਰ ਸੱਜਣ ਗਏ ਪਰ ਡਿਪਟੀ ਕਮਿਸ਼ਨਰ ਨੇ ਆਪਣੀ ਤਕਰੀਰ ਕਰਨ ਤੋਂ ਬਾਅਦ ਇਨਾਂ ਸਿੱਖ ਆਗੂਆਂ ਨੂੰ ਸਮਾਂ ਦੇਣ ਤੋਂ ਨਾਂਹ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਅਕਾਲੀ ਆਗੂਆਂ ਨੇ ਅਲੱਗ ਤੌਰ 'ਤੇ ਅਜਨਾਲੇ ਵਿਚ ਹੀ ਜਲਸਾ ਕਰਨ ਦਾ ਐਲਾਨ ਕਰ ਦਿੱਤਾ। ਜਦੋਂ ਦੀਵਾਨ ਹਾਲੇ ਸ਼ੁਰੂ ਹੀ ਹੋਇਆ ਸੀ ਤਾਂ ਪੁਲੀਸ ਨੇ ਦਾਨ ਸਿੰਘ ਵਛੋਆਂ, ਜਸਵੰਤ ਸਿੰਘ ਝਬਾਲ, ਤੇਜਾ ਸਿੰਘ ਅਤੇ ਪੰਡਿਤ ਦੀਨਾ ਨਾਥ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਇਨਾਂ ਗ੍ਰਿਫ਼ਤਾਰੀਆਂ ਦੀ ਖ਼ਬਰ ਸ਼੍ਰੋਮਣੀ ਕਮੇਟੀ ਕੋਲ ਪੁੱਜੀ ਤਾਂ ਪ੍ਰਧਾਨ ਖੜਕ ਸਿੰਘ, ਸਕੱਤਰ ਮਹਿਤਾਬ ਸਿੰਘ ਤੇ ਕੁੱਝ ਹੋਰ ਸਾਥੀ ਅਜਨਾਲੇ ਜਲਸੇ ਵਾਲੇ ਸਥਾਨ 'ਤੇ ਪਹੁੰਚੇ। ਉਨਾਂ ਨੇ ਉੱਥੇ ਤਕਰੀਰਾਂ ਕੀਤੀਆਂ, ਜਿਸ ਦੀ ਸਿੱਟੇ ਵਜੋਂ ਸਰਕਾਰ ਨੇ ਇਸ ਨੂੰ ਰਾਜਸੀ ਜਲਸਾ ਦੱਸ ਕੇ ਜਲਸਾ ਰੋਕੂ ਕਾਨੂੰਨ ਅਧੀਨ ਪ੍ਰਧਾਨ ਖੜਕ ਸਿੰਘ, ਸਕੱਤਰ ਮਹਿਤਾਬ ਸਿੰਘ, ਭਾਗ ਸਿੰਘ ਵਕੀਲ, ਹਰੀ ਸਿੰਘ ਜਲੰਧਰੀ, ਗੁਰਚਰਨ ਸਿੰਘ, ਸੁੰਦਰ ਸਿੰਘ ਲਾਇਲਪੁਰੀ ਤੇ 19 ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਜੇਲ ਭੇਜ ਦਿੱਤਾ। ਖੜਕ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਹਰਚੰਦ ਸਿੰਘ ਲਾਇਲਪੁਰੀ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ।



ਸਰਕਾਰ ਨੇ ਸਿੱਖਾਂ ਵਿੱਚ ਵਧਦੇ ਗੁੱਸੇ ਨੂੰ ਭਾਂਪਦੇ ਹੋਏ 5 ਜਨਵਰੀ 1922 ਨੂੰ ਚਾਬੀਆਂ ਦੇਣ ਦਾ ਫ਼ੈਸਲਾ ਕਰ ਲਿਆ ਪਰ ਕੋਈ ਵੀ ਸਿੱਖ ਚਾਬੀਆਂ ਲੈਣ ਲਈ ਅੱਗੇ ਨਾ ਆਇਆ। ਆਖ਼ਰਕਾਰ ਡਿਪਟੀ ਕਮਿਸ਼ਨਰ ਨੇ ਸਿੱਖ ਆਗੂਆਂ ਨੂੰ ਸਾਰੇ ਅਕਾਲੀ ਛੱਡ ਦੇਣ ਦਾ ਭਰੋਸਾ ਦਿੱਤਾ। ਇਸ ਤਹਿਤ 17 ਜਨਵਰੀ ਨੂੰ ਸਾਰੇ ਲੀਡਰ ਰਿਹਾਅ ਕਰ ਦਿੱਤੇ ਗਏ। ਜਦੋ 19 ਜਨਵਰੀ 1922 ਨੂੰ ਬਾਬਾ ਖੜਕ ਸਿੰਘ, ਤੇਜਾ ਸਿੰਘ ਸਮੁੰਦਰੀ ਤੇ ਹੋਰ ਆਗੂ ਰਿਹਾਅ ਹੋ ਕੇ ਅੰਮ੍ਰਿਤਸਰ ਪਹੁੰਚੇ ਤਾਂ ਸੰਗਤ ਵੱਲੋਂ ਉਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸੇ ਦਿਨ ਹੀ ਸਰਕਾਰ ਵੱਲੋਂ ਭੇਜੇ ਗਏ ਇਕ ਅਫ਼ਸਰ ਨੇ ਬਾਬਾ ਖੜਕ ਸਿੰਘ ਨੂੰ ਅਕਾਲ ਤਖ਼ਤ ਦੇ ਸਾਹਮਣੇ ਚਾਬੀਆਂ ਦੇ ਦਿੱਤੀਆਂ। ਇਸ ਜਿੱਤ ਲਈ ਸਿੱਖ ਪੰਥ ਨੂੰ ਚਾਰੇ-ਪਾਸਿਓਂ ਵਧਾਈ ਮਿਲਣ ਲੱਗੀ। ਮਹਾਤਮਾ ਗਾਂਧੀ ਨੇ ਇਸ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਜਿੱਤ ਕਰਾਰ ਦਿੱਤਾ ਅਤੇ ਵਧਾਈ ਸੰਦੇਸ਼ ਭੇਜਿਆ।

# ਗੁਰਦੁਆਰਾ ਸਾਹਿਬ ਫਰੀਮਾਂਟ

300 Gurdwara Road Fremont CA 94536



## ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਪ੍ਰਤੀ ਨਵੀਆਂ ਵੋਟਾਂ ਬਨਣੀਆਂ ਸ਼ੁਰੂ

### ਵੋਟਾਂ 26 ਜਨਵਰੀ, 2020 ਤੱਕ ਬਨਣਗੀਆਂ

**ਵੋਟਾਂ ਬਣਾਉਣ ਲਈ ਤਰੀਕਾਂ ਅਤੇ ਸਮੇਂ ਦਾ ਵੇਰਵਾ**

**ਐਤਵਾਰ ਵਾਲੇ ਦਿਨ**
15 ਦਸੰਬਰ, 22 ਦਸੰਬਰ, 29 ਦਸੰਬਰ, 2019
5 ਜਨਵਰੀ, 12 ਜਨਵਰੀ, 19 ਜਨਵਰੀ, 26 ਜਨਵਰੀ, 2020
(ਸਮਾਂ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ)

**ਬੁੱਧਵਾਰ ਵਾਲੇ ਦਿਨ**
11 ਦਸੰਬਰ, 18 ਦਸੰਬਰ, 25 ਦਸੰਬਰ, 2019
1 ਜਨਵਰੀ, 8 ਜਨਵਰੀ, 15 ਜਨਵਰੀ, 22 ਜਨਵਰੀ, 2020
(ਸਮਾਂ : ਸ਼ਾਮ 6 ਵਜੇ ਤੋਂ 8 ਵਜੇ ਤੱਕ)

### ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰੂ ਰੂਪ ਪਿਆਰੀ ਸਾਥ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 2020 ਵਿਚ ਹੋ ਰਹੀਆਂ ਹਨ ਅਤੇ ਚੋਣਾਂ ਵਿਚ ਉਹ ਮਾਈ ਭਾਈ ਹੀ ਹਿੱਸਾ ਲੈ ਸਕਦੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਮੈਂਬਰਸ਼ਿਪ ਰਜਿਸਟਰਡ ਕਰਵਾਈ ਹੋਵੇ। ਸਾਧ ਸੰਗਤ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰ ਬਣੋ ਤਾਂ ਜੋ ਗੁਰੂ ਘਰ ਵਿਚ ਹੋਣ ਵਾਲੇ ਅਹਿਮ ਫ਼ੈਸਲਿਆਂ ਵਿਚ ਤੁਸੀਂ ਸ਼ਾਮਿਲ ਹੋ ਸਕੋ। ਇਸ ਕਰਕੇ ਉੱਪਰ ਦਿੱਤੀਆਂ ਤਰੀਕਾਂ ਅਤੇ ਸਮਾਂ ਅਨੁਸਾਰ ਪਹੁੰਚ ਕੇ ਆਪਣੀਆਂ ਵੋਟਾਂ ਬਣਵਾਓ।

### ਨਵੀਆਂ ਵੋਟਾਂ ਲਈ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਚੱਲੇਗੀ।

ਮੈਂਬਰਸ਼ਿਪ ਦੀ ਕੋਈ ਫੀਸ ਨਹੀਂ ਹੈ। ਮੈਂਬਰ ਬਨਣ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ ਅਤੇ ਆਪਣੀ ਰਿਹਾਇਸ਼ ਦਾ ਪਰੂਫ਼ ਅਤੇ ਆਈ.ਡੀ. ਨਾਲ ਲੈ ਕੇ ਆਵੋ ਜੀ। (ਆਪਣੀ ਰਿਹਾਇਸ਼ ਦਾ ਪਰੂਫ਼ ਕੇਵਲ ਉਨ੍ਹਾਂ ਵਿਅਕਤੀਆਂ ਲਈ ਲੈ ਕੇ ਆਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਆਈ.ਡੀ. ਉਪਰਲਾ ਐਡਰੈੱਸ ਮੌਜੂਦਾ ਐਡਰੈੱਸ ਤੋਂ ਅਲੱਗ ਹੈ। ਜੇਕਰ ਤੁਹਾਡੀ ਆਈ.ਡੀ. ਉਪਰਲਾ ਐਡਰੈੱਸ ਤੁਹਾਡੀ ਮੌਜੂਦਾ ਰਿਹਾਇਸ਼ ਵਾਲਾ ਹੈ ਤਾਂ ਤੁਹਾਨੂੰ ਆਪਣਾ ਪਰੂਫ਼ ਲਿਆਉਣ ਦੀ ਜ਼ਰੂਰਤ ਨਹੀਂ ਹੈ।)

ਸ਼ਰਤਾਂ : ਸਿੱਖ ਹੋਣਾ ਲਾਜਮੀ ਹੈ। ਉਮਰ 18 ਸਾਲ ਤੋਂ ਉੱਪਰ ਹੋਵੇ, ਮੈਂਬਰ ਵਿਅਕਤੀ ਐਲਾਮੀਡਾ, ਸੈਂਟਾ ਕਲਾਰਾ, ਸੈਂਟਾ ਕਰੂਜ਼, ਸੋਲਾਨੋ, ਸੈਟ ਮੈਟੀਉ, ਸੈਨ ਫਰਾਂਸਿਸਕੋ ਅਤੇ ਕੌਂਟਰਾ ਕੋਸਟਾ ਕਾਊਂਟੀਆਂ ਦਾ ਵਸਨੀਕ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰਦੁਆਰਾ ਸਾਹਿਬ ਫਰੀਮਾਂਟ (510) 790-0177**



# Travel for Less Inc.




SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to
**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**
a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.
**$4,900,000**



**1943 E Fremont St,**
1924 E park St and 1850 E Oak St Stockton CA 95205,
Total 8 APN number, one lot,
7.56 acres paved truck parking.
**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**
**$4,399,000**




## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

# Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਮਨੁਖੀ ਅਧਿਕਾਰਾਂ ਦਾ ਘਾਣ ਨਾ ਕਰੋ

**- ਨੌਸ਼ਾਬਾ ਪਰਵੀਨ**

ਨਾਗਰਿਕਤਾ ਸੋਧ ਕਾਨੂੰਨ ਦੇ ਪੱਖ ਵਿਚ ਦੇਸ਼ ਦਾ ਇਕ ਵੱਡਾ ਵਰਗ ਨਹੀਂ ਹੈ ਅਤੇ ਆਪਣੀ ਅਸਹਿਮਤੀ ਜਤਾਉਣ ਲਈ ਉਹ ਵਿਰੋਧ ਪ੍ਰਦਰਸ਼ਨ ਕਰ ਰਿਹਾ ਹੈ। ਪਰ ਇਨਾਂ ਪ੍ਰਦਰਸ਼ਨਾਂ ਨੂੰ ਰੋਕਣ ਲਈ ਕੁਝ ਰਾਜ ਸਰਕਾਰਾਂ, ਜਿਵੇਂ ਉੱਤਰ ਪ੍ਰਦੇਸ਼ ਨੇ ਪੂਰੇ ਰਾਜ ਵਿਚ ਸੀ.ਆਰ.ਪੀ.ਸੀ. ਦੀ ਧਾਰਾ 144 ਲਾਗੂ ਕਰ ਦਿੱਤੀ ਹੈ, ਜਿਸ ਨੂੰ ਕਿਸੇ ਵੀ ਦ੍ਰਿਸ਼ਟੀ ਨਾਲ ਲੋਕਤੰਤਰੀ ਨਹੀਂ ਕਿਹਾ ਜਾ ਸਕਦਾ। ਹੁਣ ਸੁਪਰੀਮ ਕੋਰਟ ਨੇ ਵੀ ਕਿਹਾ ਹੈ ਕਿ ਆਪਣੇ ਕਿਸੇ ਵੀ ਲੋਕਤੰਤਰੀ ਅਧਿਕਾਰ ਦੇ ਸੰਦਰਭ ਵਿਚ ਵੈਧ ਰਾਇ ਜਾਂ ਸ਼ਿਕਾਇਤ ਪ੍ਰਗਟ ਕਰਨ ਜਾਂ ਉਸ 'ਤੇ ਅਮਲ ਕਰਾਉਣ ਤੋਂ ਰੋਕਣ ਲਈ ਸੀ.ਆਰ.ਪੀ.ਸੀ. ਦੀ ਧਾਰਾ 144 ਨੂੰ ਔਜ਼ਾਰ ਦੇ ਰੂਪ ਵਿਚ ਨਹੀਂ ਵਰਤਿਆ ਜਾ ਸਕਦਾ। ਅਦਾਲਤ ਨੇ ਇਹ ਵੀ ਕਿਹਾ ਕਿ ਧਾਰਾ 144 ਦੇ ਤਹਿਤ ਲਗਾਤਾਰ ਆਦੇਸ਼ ਦੇਣਾ ਸੱਤਾ ਦੀ ਦੁਰਵਰਤੋਂ ਹੋਵੇਗੀ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 5 ਅਗਸਤ, 20 19 ਨੂੰ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਦਿਆਂ ਇਸ ਰਾਜ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਦਿੱਤਾ ਸੀ ਅਤੇ ਫੋਨ ਤੇ ਇੰਟਰਨੈੱਟ ਸੇਵਾਵਾਂ ਵੀ ਮੁਅੱਤਲ ਕਰ ਦਿੱਤੀਆਂ ਸਨ। ਇਸੇ ਵਿਸ਼ੇ 'ਤੇ ਆਪਣਾ ਆਦੇਸ਼ ਦਿੰਦਿਆਂ ਸਰਬਉੱਚ ਅਦਾਲਤ ਨੇ 10 ਜਨਵਰੀ, 2020 ਨੂੰ ਧਾਰਾ 144 ਦੇ ਸੰਦਰਭ ਵਿਚ ਉਕਤ ਗੱਲ ਰਹੀ ਪਰ ਜਿਸ ਤਰਾਂ ਨਾਲ ਵਰਤਮਾਨ ਸਮੇਂ ਵਿਚ ਇਸ ਧਾਰਾ ਦੀ ਵਰਤੋਂ ਦੇਸ਼ ਭਰ ਵਿਚ ਕੀਤੀ ਜਾ ਰਹੀ ਹੈ, ਉਸ ਨਾਲ ਇਸ ਆਦੇਸ਼ ਦਾ ਮਹੱਤਵ ਜੰਮੂ-ਕਸ਼ਮੀਰ ਤੋਂ ਬਾਹਰ ਦੇ ਹੋਰਾਂ ਖੇਤਰਾਂ ਵਿਚ ਵੀ ਹੋ ਜਾਂਦਾ ਹੈ, ਖ਼ਾਸ ਕਰ ਸਰਬਉੱਚ ਆਦਲਤ ਦਾ ਇਹ ਕਹਿਣਾ ਕਿ ਜਾਰੀ ਕੀਤੇ ਗਏ ਸਾਰੇ 'ਪਾਬੰਦੀਨੁਮਾ ਆਦੇਸ਼ਾਂ' ਨੂੰ ਨੋਟੀਫਾਈ ਕੀਤਾ ਜਾਵੇ ਤਾਂ ਜੇਕਰ ਕਿਸੇ ਨੂੰ ਅਣਉੱਚਿਤ ਕਠਿਨਾਈ ਹੋਈ ਹੈ ਤਾਂ ਉਹ ਇਸ ਨੂੰ ਅਦਾਲਤ ਵਿਚ ਵੀ ਚੁਣੌਤੀ ਦੇ ਸਕੇ।

ਸਰਬਉੱਚ ਅਦਾਲਤ ਨੇ ਕਿਹਾ ਕਿ ਸਾਡਾ ਸੰਵਿਧਾਨ ਵੱਖ-ਵੱਖ ਰਾਵਾਂ ਅਤੇ ਅਸਹਿਮਤੀਆਂ ਨੂੰ ਪ੍ਰਗਟ ਕਰਨ ਲਈ ਸੁਰੱਖਿਆ ਪ੍ਰਦਾਨ ਕਰਦਾ ਹੈ। ਇਹ ਧਾਰਾ 144 ਲਾਗੂ ਕਰਨ ਦਾ ਆਧਾਰ ਨਹੀਂ ਹੋ ਸਕਦਾ, ਜਦੋਂ ਤੱਕ ਕਿ ਹਿੰਸਾ ਭੜਕਾਉਣ ਦਾ ਖਦਸ਼ਾ ਜਾਂ ਆਮ ਲੋਕਾਂ ਦੀ ਸੁਰੱਖਿਆ ਨੂੰ ਖ਼ਤਰਾ ਦਿਸਣ ਦੇ ਸਿਲਸਿਲੇ ਵਿਚ ਲੋੜੀਂਦਾ ਸਾਜ਼ੋ-ਸਾਮਾਨ ਨਾ ਹੋਵੇ। ਇਹ ਖ਼ਤਰਾ ਐਮਰਜੈਂਸੀ ਦੇ ਰੂਪ ਵਿਚ ਹੋਣਾ ਚਾਹੀਦਾ ਹੈ। ਜੱਜ ਐਨ.ਵੀ. ਰਮਨ ਨੇ ਕਿਹਾ ਕਿ ਸਥਿਤੀ ਦੀ ਗੰਭੀਰਤਾ ਦਾ ਮੁਲਾਂਕਣ ਕੀਤੇ ਬਿਨਾਂ ਮੈਜਿਸਟ੍ਰੇਟ ਧਾਰਾ 144 ਲਾਗੂ ਕਰਨ ਦਾ ਆਦੇਸ਼ ਨਹੀਂ ਦੇ ਸਕਦਾ। ਪਾਬੰਦੀ ਚਿੰਤਾ ਦੇ ਅਨੁਪਾਤ 'ਚ ਹੋਣੀ ਚਾਹੀਦੀ ਹੈ। ਧਿਆਨ ਰਹੇ ਕਿ ਇਹ ਆਦੇਸ਼ ਜ਼ਿਲਾ ਮੈਜਿਸਟ੍ਰੇਟ, ਸਬ ਡਿਵੀਜ਼ਨ ਮੈਜਿਸਟ੍ਰੇਟ ਜਾਂ ਪੁਲਿਸ, ਦਿੱਲੀ ਦੇ ਮਾਮਲੇ ਵਿਚ, ਵਲੋਂ ਜਾਰੀ ਕੀਤਾ ਜਾ ਸਕਦਾ ਹੈ। ਹੁਣ ਤੋਂ ਪਹਿਲਾਂ ਵੀ ਸੁਪਰੀਮ ਕੋਰਟ ਨੇ ਇਹ ਸਵੀਕਾਰ ਕਰਦਿਆਂ ਕਿਹਾ ਸੀ ਕਿ ਕੁਝ ਪ੍ਰਕਾਰ ਦੀਆਂ ਹਰਕਤਾਂ ਨੂੰ ਰੋਕਣ ਲਈ ਕਦੀ-ਕਦੀ ਪਾਬੰਦੀਸ਼ੁਦਾ ਆਦੇਸ਼ ਜਾਰੀ ਕਰਨਾ ਜ਼ਰੂਰੀ ਹੋ ਜਾਂਦਾ ਹੈ ਤਾਂ ਕਿ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਗੱਲ-ਗੱਲ 'ਤੇ ਇਸ ਨੂੰ ਲਾਗੂ ਕਰਨਾ ਧਾਰਾ 144 ਦੀ ਦੁਰਵਰਤੋਂ ਵੀ ਹੋ ਸਕਦੀ ਹੈ। ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ 2012 ਦੇ ਭ੍ਰਿਸ਼ਟਾਚਾਰ ਵਿਰੋਧੀ ਪ੍ਰਦਰਸ਼ਨਾਂ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸ਼ਾਂਤੀ ਤੇ ਅਮਨ ਭੰਗ ਹੋਣ ਦਾ ਅਨੁਮਾਨ ਅਸਲੀ ਹੋਣਾ ਚਾਹੀਦਾ ਹੈ, ਨਾ ਕਿ ਕਾਲਪਨਿਕ ਜਾਂ ਸੰਭਾਵਿਤ। ਜਦੋਂ ਕਿ ਤਕਸ਼ਿਲਾ ਇੰਸਟੀਚਿਊਟ ਦੇ ਖੋਜਾਰਥੀਆਂ ਨੇ ਆਪਣੇ ਖੋਜ ਪੱਤਰ 'ਚ ਲਿਖਿਆ ਹੈ ਕਿ ਦਫ਼ਾ 144 ਨਾਲ ਸਮੱਸਿਆ ਇਹ ਹੈ ਕਿ ਇਹ ਸਾਰੀਆਂ ਚੀਜ਼ਾਂ 'ਤੇ ਪਾਬੰਦੀ ਦੇ ਰੂਪ ਵਿਚ ਕੰਮ ਕਰਦੀ ਹੈ, ਜਿਸ ਨੂੰ ਕਿਸੇ ਵੀ ਚੀਜ਼ ਲਈ ਮਨਚਾਹੇ ਅੰਦਾਜ਼ ਵਿਚ ਲਾਇਆ ਜਾ ਸਕਦਾ ਹੈ। ਪਾਬੰਦੀਸ਼ੁਦਾ ਆਦੇਸ਼ ਆਮ ਤੌਰ 'ਤੇ ਦੰਗੇ ਰੋਕਣ ਲਈ ਦਿੱਤੇ ਜਾਂਦੇ ਹਨ ਪਰ ਇਹ ਅਕਸਰ ਅਜੀਬ ਕਾਰਨਾਂ ਨਾਲ ਵੀ ਲਾਗੂ ਕੀਤੇ ਗਏ ਹਨ। 2012 ਵਿਚ ਦਿੱਲੀ ਪੁਲਿਸ ਨੇ ਸ਼ਰਾਬ ਦੀਆਂ ਦੁਕਾਨਾਂ ਅਤੇ ਖੋਖਿਆਂ ਦੇ ਬਾਹਰ ਦਫ਼ਾ 144 ਲਾਗੂ ਕੀਤੀ, ਤਾਂ ਕਿ ਲੋਕਾਂ ਨੂੰ ਸ਼ਰਾਬ ਪੀਣ ਤੋਂ ਰੋਕਿਆ ਜਾ ਸਕੇ। ਇਸ ਦੀ ਵਰਤੋਂ ਪਤੰਗਬਾਜ਼ੀ ਲਈ ਡੋਰ 'ਤੇ ਪਾਬੰਦੀ ਲਾਉਣ ਲਈ ਵੀ ਕੀਤੀ ਗਈ ਸੀ। ਇਸ ਦਾ ਪਾਲਣ ਨਾ ਕਰਨਾ ਅਪਰਾਧਕ ਜੁਰਮ ਹੈ। ਸਰਕਾਰ ਦਾ ਇਸ ਮਾਮਲੇ ਵਿਚ ਤਰਕ ਇਹ ਹੈ ਕਿ ਜ਼ਮੀਨੀ ਸਥਿਤੀ ਨੂੰ ਸਮਝਣ ਅਤੇ 'ਪਾਬੰਦੀਸ਼ੁਦਾ ਆਦੇਸ਼ਾਂ' ਨੂੰ ਲਾਗੂ ਕਰਨ ਲਈ ਸਬੰਧਿਤ ਅਧਿਕਾਰੀ ਸਭ ਤੋਂ ਚੰਗੀ ਸਥਿਤੀ ਵਿਚ ਹੁੰਦੇ ਹਨ। ਇਸ ਲਈ ਇਨਾਂ ਆਦੇਸ਼ਾਂ ਵਿਚ ਅਦਾਲਤ ਵਿਚ ਅਪੀਲ ਨਹੀਂ ਕੀਤੀ ਜਾ ਸਕਦੀ ਪਰ ਜੱਜ ਰਮਨ, ਜੱਜ ਆਰ. ਸੁਭਾਸ਼ ਰੈਡੀ ਅਤੇ ਜੱਜ ਬੀ.ਆਰ. ਗਵੱਈ ਦੀ ਬੈਂਚ ਨੇ ਕਿਹਾ ਕਿ ਧਾਰਾ 144 ਦੇ ਤਹਿਤ ਜਾਰੀ ਕੀਤੇ ਗਏ ਆਦੇਸ਼ਾਂ ਦਾ ਸਿੱਧਾ ਪ੍ਰਭਾਵ ਮੌਲਿਕ ਅਧਿਕਾਰਾਂ 'ਤੇ ਪੈਂਦਾ ਹੈ। ਅਜਿਹੀ ਸ਼ਕਤੀ ਦੀ ਵਰਤੋਂ ਜੇਕਰ ਲਾਪਰਵਾਹ ਜਾਂ ਬੇਧੜਕ ਅੰਦਾਜ਼ ਵਿਚ ਕੀਤੀ ਜਾਵੇਗੀ ਤਾਂ ਨਤੀਜੇ ਗੰਭੀਰ ਹੋਣਗੇ। ਇਸ ਦੀ ਵਰਤੋਂ ਜ਼ਿੰਮੇਵਾਰੀ ਨਾਲ ਕੀਤੀ ਜਾਵੇ। ਸਿਰਫ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ। ਇਹ ਆਦੇਸ਼ ਨਿਆਇਕ ਸਮੀਖਿਆ ਲਈ ਖੁੱਲਾ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਇਸ ਨਾਲ ਪ੍ਰੇਸ਼ਾਨੀ ਹੁੰਦੀ ਹੈ ਤਾਂ ਉਹ ਇਸ ਨੂੰ ਉੱਚਿਤ ਫੋਰਮ ਵਿਚ ਦਸਤਕ ਦੇ ਕੇ ਚੁਣੌਤੀ ਦੇ ਸਕਦਾ ਹੈ। ਜੇਕਰ ਆਦੇਸ਼ ਆਪਣੇ-ਆਪ ਵਿਚ ਬੇਤਰਕਮਈ ਹੈ ਜਾਂ ਨੋਟੀਫਾਈ ਨਹੀਂ ਕੀਤਾ ਗਿਆ ਤਾਂ ਨਿਆਇਕ ਸਮੀਖਿਆ ਦਾ ਮਾਧਿਅਮ ਅਰਥਹੀਣ ਹੋ ਜਾਵੇਗਾ। ਸਰਬਉੱਚ ਅਦਾਲਤ ਦਾ ਇਹ ਤਾਂ ਮੰਨਣਾ ਹੈ ਕਿ ਸ਼ਾਂਤੀ ਤੇ ਕਾਨੂੰਨ ਵਿਵਸਥਾ ਦਾ ਮੁਲਾਂਕਣ ਕਰਨ ਲਈ ਮੈਜਿਸਟ੍ਰੇਟ ਜਾਂ ਰਾਜ ਬਿਹਤਰ ਸਥਿਤੀ ਵਿਚ ਹਨ ਪਰ ਉਹ ਨਿਆਇਕ ਸਮੀਖਿਆ ਦੀਆਂ ਵਿਵਸਥਾਵਾਂ ਨੂੰ ਵੀ ਜ਼ਰੂਰੀ ਮੰਨਦੀ ਹੈ। ਭਾਰਤ ਵਿਚ ਸਭ ਤੋਂ ਪਹਿਲਾਂ ਸੀ.ਆਰ.ਪੀ.ਸੀ. ਦਾ ਗਠਨ 1861 ਵਿਚ ਹੋਇਆ ਸੀ। ਇਸੇ ਵਿਚ ਦਫ਼ਾ 144 ਜਾਂ 'ਪਾਬੰਦੀਸ਼ੁਦਾ ਆਦੇਸ਼ਾਂ' ਨੂੰ ਸ਼ਾਮਿਲ ਕੀਤਾ ਗਿਆ। ਰਾਸ਼ਟਰਵਾਦੀ ਪ੍ਰਦਰਸ਼ਨਾਂ ਨੂੰ ਰੋਕਣ ਲਈ ਬਰਤਾਨਵੀ ਸਰਕਾਰ ਨੇ ਰੱਜ ਕੇ ਇਸ ਦੀ ਵਰਤੋਂ ਕੀਤੀ। ਸੱਤਿਆਗ੍ਰਹਿ ਸ਼ੁਰੂ ਕਰਨ ਲਈ ਮਹਾਤਮਾ ਗਾਂਧੀ ਨੇ ਇਸ ਦੀ ਉਲੰਘਣਾ ਵੀ ਕੀਤੀ। ਇਹ ਧਾਰਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਜਾਰੀ ਹੈ, ਕਿਉਂਕਿ ਵੱਖ-ਵੱਖ ਸਰਕਾਰਾਂ ਨੇ ਇਸ ਨੂੰ ਸ਼ਹਿ ਦਿੱਤੀ ਹੈ।

ਸੀ.ਆਰ.ਪੀ.ਸੀ. 1973 ਦਫਾ 144 ਦੇ ਤਹਿਤ ਰਾਜ ਨੂੰ ਪਾਬੰਦੀਸ਼ੁਦਾ ਆਦੇਸ਼ ਜਾਰੀ ਕਰਨ ਲਈ ਬਹੁਤ ਜ਼ਿਆਦਾ ਖੁੱਲ ਮਿਲ ਜਾਂਦੀ ਹੈ। ਆਪਣੇ ਇਸ ਫ਼ੈਸਲੇ ਨਾਲ ਸੁਪਰੀਮ ਕੋਰਟ ਨੇ ਦਫਾ 144 ਜਾਂ ਪਾਬੰਦੀਸ਼ੁਦਾ ਆਦੇਸ਼ਾਂ ਦੇ ਸੰਦਰਭ ਵਿਚ ਅਨੁਪਾਤਕਤਾ ਦਾ ਸਿਧਾਂਤ ਲਾਗੂ ਕੀਤਾ ਹੈ, ਜਿਸ ਦਾ ਭਾਵ ਇਹ ਹੈ ਕਿ ਭਵਿੱਖ ਵਿਚ ਸੰਕਟਕਾਲ ਦੀ ਸਥਿਤੀ ਨਾਲ ਨਿਪਟਣ ਲਈ ਲੋੜ ਤੋਂ ਜ਼ਿਆਦਾ ਪਾਬੰਦੀਆਂ ਨਹੀਂ ਲਗਾਈਆਂ ਜਾ ਸਕਦੀਆਂ। ਇਹ ਇਕ ਸਵਾਗਤਯੋਗ ਆਦੇਸ਼ ਹੈ ਕਿਉਂਕਿ ਮਨਮਰਜ਼ੀ ਨਾਲ ਪਾਬੰਦੀਆਂ ਲਗਾਉਣ ਨਾਲ ਜਨਤਾ ਨੂੰ ਬਹੁਤ ਪ੍ਰੇਸ਼ਾਨੀ ਹੁੰਦੀ ਹੈ।

# 'ਬਸੰਤ ਰੁੱਤ' ਤੇ 'ਰਾਗੁ ਬਸੰਤ'

**- ਸਤਨਾਮ ਸਿੰਘ**

ਮਹਾਨ ਭਾਰਤ ਦੇਸ਼ ਵਿਚ ਹਰ ਸਾਲ ਆਉਂਦੀਆਂ 6 ਰੁੱਤਾਂ 'ਚ ਕ੍ਰਮਵਾਰ ਬਸੰਤ, ਗ੍ਰੀਖਮ, ਪਾਵਸ, ਸਰਦ, ਹਿਮ ਤੇ ਸ਼ਸ਼ਿਰ ਰੁੱਤਾਂ ਦਾ ਬਾਕਾਇਦਾ ਜ਼ਿਕਰ ਕਰਦਿਆਂ 'ਬਸੰਤ ਰੁੱਤ' ਦੌਰਾਨ 'ਰਾਗੁ ਬਸੰਤੁ' ਦੇ ਗਾਇਨ-ਵਾਦਨ ਦਾ ਹੋਣਾ ਵਿਰਾਸਤੀ ਤੌਰ 'ਤੇ ਲਾਜ਼ਮੀ ਮੰਨਿਆ ਜਾਂਦਾ ਹੈ। ਦਰਅਸਲ ਜਦੋਂ ਸੰਗੀਤ ਖੇਤਰ ਦੇ ਖੋਜੀ ਵਿਦਵਾਨਾਂ 'ਚ ਰਾਗੁ ਬਸੰਤੁ ਦੀ ਮਹੱਤਤਾ 'ਤੇ ਬਹੁਪੱਖੀ ਵਿਚਾਰਾਂ ਚਲਦੀਆਂ ਹਨ ਤਾਂ ਗੁਰੂ ਗ੍ਰੰਥ ਸਾਹਿਬਜੀ ਦੀ ਰਾਗ ਤਰਤੀਬ ਅਨੁਸਾਰ 31 ਮੁੱਖ ਰਾਗਾਂ 'ਚੋਂ 25ਵੇਂ ਸਥਾਨ ਦੀ ਮਹਾਨ ਬਖਸ਼ਿਸ਼ ਨੂੰ ਪ੍ਰਾਪਤ ਹੋਣ ਸਦਕਾ ਸਿੱਖੀ ਦੇ ਮਹਾਨ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਵਿਖੇ ਹਰ ਸਾਲ ਉਚੇਚੇ ਤੌਰ 'ਤੇ ਪੋਹ ਮਹੀਨੇ ਦੀ ਅਖੀਰਲੀ ਰਾਤ ਤੋਂ ਆਰੰਭ ਹੋ ਕੇ ਹੋਲਾ ਮਹੱਲਾ ਦੇ ਦਿਹਾੜੇ ਦੀ 'ਆਸਾ ਕੀ ਵਾਰ' ਕੀਰਤਨ ਚੌਂਕੀ ਤੱਕ 'ਰਾਗੁ ਬਸੰਤੁ' ਵਿਚ ਪਹਿਲਾਂ ਸ਼ਬਦ ਉਪਰੰਤ 'ਬਸੰਤ ਕੀ ਵਾਰ' ਦਾ ਕੀਰਤਨ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵਲੋਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਕੀਤੇ ਜਾਣ ਕਰਕੇ ਵੀ ਬਸੰਤ ਰਾਗ ਨੂੰ ਇਕ ਪ੍ਰਸਿੱਧ, ਸ਼੍ਰੋਮਣੀ ਤੇ ਵਿਰਾਸਤੀ ਰਾਗ ਵਜੋਂ ਸਤਿਕਾਰਿਆ ਜਾਂਦਾ ਹੈ। ਪ੍ਰਿੰਸੀਪਲ ਦਿਆਲ ਸਿੰਘ ਲਿਖਦੇ ਹਨ, 'ਬਸੰਤ ਬਹੁਤ ਪ੍ਰਸਿੱਧ ਤੇ ਪੁਰਾਤਨ ਰਾਗ ਹੈ। ਪਰ ਇਸ ਦੇ ਸਰੂਪ ਸਬੰਧੀ ਪ੍ਰਾਚੀਨ ਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਮਤਭੇਦ ਪਾਏ ਹਨ।' ਅਹਿਮ ਗੱਲ ਇਹ ਵੀ ਹੈ ਕਿ ਰਾਗੁ ਬਸੰਤੁ ਦੇ 4 ਵੱਖਰੇ-ਵੱਖਰੇ ਸੁਰਾਤਮਕ ਸਰੂਪ ਹੋਂਦ 'ਚ ਹਨ, ਜਿਨਾਂ 'ਚ

(1) ਪੂਰਵੀ ਥਾਟ ਦਾ ਬਸੰਤ, (2) ਬਿਲਾਵਲ ਥਾਟ ਦਾ ਬਸੰਤ ਭਾਵ ਸ਼ੁੱਧ ਸੁਰਾਂ ਵਾਲਾ, (3) ਮਾਰਵਾ ਥਾਟ ਦਾ ਬਸੰਤ, (4) ਕਲਿਆਨ ਥਾਟ ਦਾ ਭਾਵ ਪੁਰਾਤਨ ਬਸੰਤ ਦੀ ਹੋਂਦ ਮੰਨੀ ਜਾਂਦੀ ਹੈ।

ਪੀਲੇ ਰੰਗ ਨਾਲ ਸਬੰਧਿਤ ਇਸ ਮਨਮੋਹਣੇ ਰਾਗ ਦੇ ਨਾਂਅ ਦੀ ਸਮਾਨਤਾ ਜਿਥੇ ਬਸੰਤ ਰੁੱਤ ਨਾਲ ਮੁੱਖ ਤੌਰ 'ਤੇ ਪ੍ਰਵਾਨ ਕੀਤੀ ਜਾਂਦੀ ਹੈ, ਉਥੇ ਹਿੰਦੁਸਤਾਨੀ ਤਾਲ ਵਾਦਨ ਦੀ ਪਰੰਪਰਾ 'ਚ 'ਬਸੰਤ ਤਾਲ' (9 ਮਾਤਰਾ ਵਾਲੀ) ਧਰੁੱਵਪਦ ਗਾਇਕੀ ਦੀ ਪਖਾਵਜ ਦੀ ਤਾਲ ਹੈ, ਜਿਸ ਦੀ ਵਿਸ਼ੇਸ਼ਤਾ ਹਰੇਕ ਮਾਤਰਾ (ਸੰਖਿਆ) ਤੋਂ ਬਾਅਦ ਵਿਭਾਗ ਦੀ ਵੰਡ ਕੀਤੀ ਜਾਂਦੀ ਹੈ। ਖੇਤਾਂ 'ਚ ਹਰਿਆਲੀ ਆਉਣ ਨਾਲ ਜ਼ਿੰਦਗੀ 'ਚ ਇਕ ਨਵੀਂ ਖੁਸ਼ੀ ਦੀ ਬਹਾਰ ਤੇ ਕੁਦਰਤੀ ਤੌਰ 'ਤੇ ਮੌਸਮੀ ਬਦਲਾਅ ਭਾਵ ਠੰਢ ਦੇ ਜਾਣ ਦੇ ਸੰਕੇਤ 'ਆਈ ਬਸੰਤ ਪਾਲਾ ਉਡੰਤ' ਆਖ ਕੇ ਜਦੋਂ ਯਾਦ ਕੀਤਾ ਜਾਂਦਾ ਹੈ ਤਾਂ ਸਾਹਿਤਕ ਪੱਖ ਤੋਂ ਬਸੰਤ ਰਾਗ ਦੇ ਗਾਇਨ ਸਮੇਂ 'ਬਸੰਤ ਰੁੱਤ' ਦਾ ਵਰਨਣ ਹੀ ਸੁਣਿਆ ਜਾਂਦਾ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਬਸੰਤ ਸਬੰਧੀ ਇਸ ਤਰਾਂ ਕਿਰਪਾ ਕਰਦੇ ਹਨ-

**ਬਸੰਤੁ ਚੜਿਆ ਫੂਲੀ ਬਨਰਾਇ ॥**
**ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥**

ਭਾਈ ਕਾਨ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ 715 'ਤੇ ਲਿਖਦੇ ਹਨ, 'ਫਾਗ (ਹੋਰੀ) ਦਾ ਨਾਮ ਭੀ ਬਸੰਤ ਕਈ ਥਾਈਂ ਆਇਆ ਹੈ, ਕਿਉਂਕਿ ਇਹ ਵਸੰਤ ਰੁੱਤ ਵਿਚ ਹੋਇਆ ਕਰਦੀ ਹੈ।' ਇਸ ਤੋਂ ਇਲਾਵਾ ਪ੍ਰੋ: ਤਾਰਾ ਸਿੰਘ ਆਪਣੀ ਇਕ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਦੇ ਪੰਨਾ 266 'ਤੇ ਇਸ ਤਰਾਂ ਭਾਈ ਸਾਹਿਬ, ਭਾਈ ਨੰਦ ਲਾਲ ਜੀ ਦੀ ਮਹਾਨ ਰਚਨਾ



ਦਾ ਪ੍ਰਮਾਣ ਦਿੰਦੇ ਹਨ, 'ਬਹੋਸ਼ ਬਾਸ਼ ਕਿ ਹੰਗਾਮਿ ਨੌਬਹਾਰ ਆਮਦ ਬਹਾਰ ਆਮਦੋ ਯਾਰ ਆਮਦੋ ਕਿਰਾਰ ਆਮਦ' ਭਾਵ ਐ ਇਨਸਾਨ ਹੋਸ਼ ਸੰਭਾਲ, ਬਸੰਤ ਦੀ ਰੁੱਤ ਆਈ ਹੈ। ਬਸੰਤ ਦੀ ਰੁੱਤ ਆਈ ਤੇ ਮਿੱਤਰ ਆਇਆ ਸਾਡੇ ਮਨ ਨੂੰ ਚੈਨ ਆਈ।

ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1168 ਤੋਂ ਆਰੰਭ ਹੋ ਕੇ ਅੰਗ 1196 ਤੱਕ ਦਰਜ ਰਾਗੁ ਬਸੰਤੁ ਵਿਚ ਦਰਜ ਗੁਰਬਾਣੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 13, ਸ੍ਰੀ ਗੁਰੂ ਅਮਰਦਾਸ ਜੀ ਦੇ 19, ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ 2 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 20 ਸ਼ਬਦ ਦਰਜ ਹਨ ਜਦ ਕਿ 'ਰਾਗੁ ਬਸੰਤੁ ਹਿੰਡੋਲੁ' ਵਿਚ ਪਹਿਲੇ ਪਾਤਸ਼ਾਹ ਜੀ ਦੇ 5, ਤੀਜੇ ਪਾਤਸ਼ਾਹ ਜੀ ਦਾ ਇਕ, ਚੌਥੇ ਪਾਤਸ਼ਾਹ ਦੇ 6, ਪੰਜਵੇਂ ਪਾਤਸ਼ਾਹ ਦੇ 3 ਅਤੇ 5 ਸ਼ਬਦ ਨੌਂਵੇਂ ਮਹਾਰਾਜ ਜੀ ਦੇ ਦਰਜ ਹਨ। ਅੰਗ 1193 'ਤੇ 'ਬਸੰਤ ਕੀ ਵਾਰ ਮਹਲੁ ੫' ਦਰਜ ਹੈ, ਜਿਸ ਦੀਆਂ ਤਿੰਨ ਪਉੜੀਆਂ ਹਨ। ਅੰਗ 1193 ਤੋਂ 1196 ਤੱਕ ਭਗਤ ਬਾਣੀ ਦਰਜ ਹੈ, ਜਿਸ ਵਿਚ ਭਗਤ ਕਬੀਰ ਜੀ ਦੇ 7, ਭਗਤ ਰਾਮਨੰਦ ਜੀ ਦਾ ਇਕ, ਭਗਤ ਰਵਿਦਾਸ ਜੀ ਦਾ ਇਕ ਤੇ ਭਗਤ ਨਾਮਦੇਉ ਜੀ ਦੇ 3 ਸ਼ਬਦ ਹਨ, ਜਦ ਕਿ 'ਰਾਗੁ ਬਸੰਤੁ ਹਿੰਡੋਲੁ' ਵਿਚ ਭਗਤ ਕਬੀਰ ਜੀ ਦਾ ਇਕ ਸ਼ਬਦ ਦਰਜ ਹੈ।

ਕੀਰਤਨ ਚੌਂਕੀ ਦੀ ਆਰੰਭਤਾ ਸਮੇਂ ਰਾਗੀ ਸਿੰਘਾਂ ਵਲੋਂ ਸਾਜ਼ ਸੁਰ ਕਰਨ ਉਪਰੰਤ ਬਹੁਤ ਹੀ ਸਹਿਜ ਸੁਰਾਂ 'ਚ ਤਾਲਬੱਧ ਮੰਗਲਾਚਰਨ (ਇਕ ਤਾਲ 'ਚ ਬਿਲੰਵਤ ਲੈਅ 'ਚ) ਦਾ ਗਾਇਨ ਕਰਨ ਉਪਰੰਤ ਸ਼ਬਦ ਦਾ ਆਰੰਭ ਤਿੰਨ ਤਾਲ, ਰੂਪਕ ਤਾਲ, ਝੱਪ ਤਾਲ ਜਾਂ ਇਕ ਤਾਲ 'ਚ (ਮੱਧ ਲੈਅ 'ਚ) ਕਰ ਦਿੱਤਾ ਜਾਂਦਾ ਹੈ। ਫਿਰ ਸਥਾਈ ਦਾ ਗਾਇਨ ਕਰ ਕੇ ਸਹਾਇਕ ਤੇ ਜਥੇਦਾਰ ਰਾਗੀ ਸਿੰਘ ਦੋਵੇਂ ਵਾਰੀ-ਵਾਰੀ ਛੋਟੇ-ਛੋਟੇ ਆਲਾਪ, ਬੋਲ ਆਲਾਪ, ਆਕਾਰ 'ਚ ਤਾਨਾਂ ਅਤੇ ਬੋਲਤਾਨਾਂ ਆਦਿ ਦਾ ਪ੍ਰਯੋਗ ਬਾਕਾਇਦਾ ਲੈਅਕਾਰੀ ਨਾਲ ਬਹੁਤ ਸੁੰਦਰ ਤੇ ਪ੍ਰਭਾਵਸ਼ੀਲ ਕਲਾ ਨਾਲ ਕਰਦੇ ਹਨ। ਜਦੋਂ ਦੋਵੇਂ ਰਾਗੀ ਸਿੰਘ ਸ਼ਬਦ ਦੀ ਸਥਾਈ ਦਾ ਗਾਇਨ ਕਰ ਰਹੇ ਹੁੰਦੇ ਹਨ ਤਾਂ ਜੋੜੀ ਵਾਲਾ ਗੁਰਸਿੱਖ ਵੀਰ ਛੋਟੇ-ਛੋਟੇ ਮੁਖੜੇ, ਮੋਹਰੇ, ਪਰਨਾ ਤੇ ਚੱਕਰਦਾਰ ਟੁਕੜਿਆਂ ਆਦਿ ਦਾ ਬਾਖ਼ੂਬੀ ਵਾਦਨ ਕਰਦਾ ਹੈ। ਇਸੇ ਤਰਾਂ ਤੰਤੀ ਸਾਜ਼ ਵਾਲਾ ਸਿੰਘ ਵੀ ਜਿਥੇ ਬਹੁਤ ਸ਼ਰਧਾ ਨਾਲ ਸੰਗਤੀ ਕਰਦਾ ਹੈ, ਉਥੇ ਦੋਵੇਂ ਰਾਗੀ ਸਿੰਘਾਂ ਵਲੋਂ ਸ਼ਬਦ ਦੇ ਅੰਤਰਿਆਂ 'ਚ ਤਾਨਾਂ, ਅਲਾਪਾਂ ਤੇ ਤਿਹਾਈਆਂ ਆਦਿ ਦਾ ਕਲਾਤਮਕ ਪੱਖੋਂ ਬਹੁਤ ਸੁੰਦਰ ਪ੍ਰਯੋਗ ਕਰ ਕੇ ਲੈਅ ਨੂੰ ਥੋੜਾ ਵਧਾ ਕੇ ਸ਼ਬਦ ਦੀ ਸਮਾਪਤੀ ਕਰ ਦਿੱਤੀ ਜਾਂਦੀ ਹੈ। ਫਿਰ ਇਕ ਰਾਗੀ ਸਿੰਘ 'ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥' ਦਾ ਗਾਇਨ ਤਾਲ ਰਹਿਤ ਕਰਨ ਉਪਰੰਤ ਬਸੰਤ ਕੀ ਵਾਰ ਦੀ ਪਹਿਲੀ ਪਉੜੀ ਦਾ ਗਾਇਨ ਪਹਿਲਾਂ ਸਮੂਹਿਕ ਰੂਪ ਵਿਚ ਤਾਲ ਸਹਿਤ ਗਾਇਨ ਕਰ ਕੇ ਦੁਬਾਰਾ ਸਹਾਇਕ ਇਸੇ ਪਉੜੀ ਨੂੰ ਤਾਲ ਰਹਿਤ ਗਾਇਨ ਕਰਦਾ ਹੈ। ਇਸੇ ਤਰਾਂ ਨਾਲ ਹੀ ਜਥੇਦਾਰ ਰਾਗੀ ਸਿੰਘ 'ਸਲੋਕੁ ॥ ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥' ਦਾ ਗਾਇਨ ਤਾਲ ਰਹਿਤ ਕਰਨ ਉਪਰੰਤ ਬਸੰਤ ਕੀ ਵਾਰ ਦੀ ਦੂਜੀ ਪਉੜੀ ਦਾ ਗਾਇਨ ਪਹਿਲਾਂ ਸਮੂਹਿਕ ਵਿਚ ਤਾਲ ਸਹਿਤ (ਪਉੜੀ ਤਾਲ 'ਚ) ਗਾਇਨ ਕਰਨ ਤੋਂ ਬਾਅਦ ਸਹਾਇਕ ਦੁਬਾਰਾ ਫਿਰ ਇਸੇ ਪਉੜੀ ਦਾ ਗਾਇਨ ਤਾਲ ਰਹਿਤ ਕਰਦਾ ਹੈ।

ਹਰ ਕੀਰਤਨ ਚੌਂਕੀ ਦੀ ਸਮਾਪਤੀ ਸਮੇਂ ਸਹਾਇਕ ਰਾਗੀ ਸਿੰਘ ਪਹਿਲੇ ਪਾਤਸ਼ਾਹ ਜੀ ਦਾ ਰਚਿਤ ਸਲੋਕ 'ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥' (ਅੰਗ 1089) ਦਾ ਗਾਇਨ ਤਾਲ ਰਹਿਤ ਕਰਨ ਉਪਰੰਤ ਰਾਗੀ ਜਥਾ ਸਮੂਹਿਕ ਤੌਰ 'ਤੇ ਬਸੰਤ ਕੀ ਵਾਰ ਦੀ ਤੀਜੀ ਪਉੜੀ ਦਾ ਗਾਇਨ ਤਾਲ ਸਹਿਤ ਕਰਦਾ ਹੈ ਤੇ ਫਿਰ ਸਹਾਇਕ ਰਾਗੀ ਸਿੰਘ ਦੁਬਾਰਾ ਤਾਲ ਰਹਿਤ ਕਰਨ ਉਪਰੰਤ ਸ੍ਰੀ 'ਜਪੁ' ਜੀ ਸਾਹਿਬ ਦਾ ਸਲੋਕੁ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥' ਦਾ ਗਾਇਨ ਵੀ ਬਸੰਤ ਰਾਗ ਦੀਆਂ ਸੁਰਾਵਲੀਆਂ 'ਚ ਕਰ ਕੇ ਚੌਂਕੀ ਦੀ ਸਮਾਪਤੀ ਲਈ ਫ਼ਤਹਿ ਬੁਲਾਈ ਜਾਂਦੀ ਹੈ। ਹੋਲਾ ਮਹੱਲਾ ਦੇ ਦਿਹਾੜੇ ਦੀ 'ਆਸਾ ਕੀ ਵਾਰ' ਕੀਰਤਨ ਚੌਂਕੀ 'ਚ ਉਚੇਚੇ ਤੌਰ 'ਤੇ ਅਰਦਾਸੀਆ ਸਿੰਘ ਬਸੰਤ ਰਾਗ ਦਾ ਸ਼ਬਦ ਗਾਇਨ ਦੀ ਸਮਾਪਤੀ ਲਈ ਅਰਦਾਸ ਬੇਨਤੀ ਕਰਦਾ ਹੈ। ਉਪਰੰਤ ਰੋਜ਼ਾਨਾ ਪ੍ਰਚੱਲਿਤ ਰਾਗਾਂ 'ਚ ਸ਼ਬਦ ਕੀਰਤਨ ਆਰੰਭ ਹੋ ਜਾਂਦਾ ਹੈ।

# ਡਿੱਠੇ ਸਭੈ ਥਾਵ ਨਹੀਂ ਤੁਧ ਜੇਹਿਆ

## ਸ੍ਰੀ ਹਰਿਮੰਦਰ ਸਾਹਿਬ-ਨੀਂਹ ਪੱਥਰ ’ਤੇ ਵਿਸ਼ੇਸ਼

**- ਪ੍ਰਮਿੰਦਰ ਸਿੰਘ ਪ੍ਰਵਾਨਾ**

ਫੋਨ : 510-415-9377

ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇਕ ਅਜਿਹੇ ਧਰਮ ਦੀ ਲੋੜ ਹੈ ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸ ਨੂੰ ਅਮਲੀ ਰੂਪ ਦੇਣ ਲਈ ਕਿ ਸੰਸਾਰ ਵਿਚ ਇਕ ਅਜਿਹਾ ਧਰਮ ਮੰਦਰ ਤੇ ਧਾਰਮਿਕ ਕੇਂਦਰ ਸਥਾਪਤ ਹੋਣਾ ਚਾਹੀਦਾ ਹੈ ਜਿੱਥੇ ਅੱਠੇ ਪਹਿਰ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ ਅਤੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ ਜੋ ਸੰਸਾਰ ਵਿਚ ਅਮਨ ਸ਼ਾਂਤੀ ਦਾ ਸੰਦੇਸ਼ ਦੇਵੇ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਪੜਾਅ ਇਸ ਸੰਦੇਸ਼ ਦਾ ਪ੍ਰਚਾਰ ਕਰਤਾਰਪੁਰ ਰਹਿ ਕੇ ਕੀਤਾ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਰਹਿ ਕੇ ਬਾਉਲੀ ਸਾਹਿਬ ਦਾ ਨਿਰਮਾਣ ਕਰਕੇ ਸਿੱਖ ਧਰਮ ਦਾ ਕੇਂਦਰ ਬਣਾਇਆ। ਫਿਰ ਉਨਾਂ ਨੇ ਪਵਿੱਤਰ ਸਰੋਵਰ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ ਗਿਆ। ਜਦਕਿ ਗੁਰੂਆਂ ਨੇ ਪਹਿਲਾਂ ਉਥੇ ਜ਼ਮੀਨ ਲੈ ਰੱਖੀ ਸੀ। ਇੱਥੇ ਇਕ ਨਗਰ ਬਣਾਉਣ ਦੀ ਯੋਜਨਾ ਵਿਚਾਰ ਅਧੀਨ ਸੀ। ਗੁਰੂ ਅਰਜਨ ਦੇਵ ਜੀ ਨੇ ਵਿਉਂਤਬੰਦੀ ਕੀਤੀ। ਗੁਰੂ ਰਾਮਦਾਸ ਜੀ ਦੁਆਰਾ 1577 ਵਿਚ ਬਣਵਾਏ ਗਏ ਸਰੋਵਰ ਤੇ ਉਸਾਰਿਆ ਗਿਆ। ਇਸ ਦੀ ਨੀਂਹ 28 ਦਸੰਬਰ, 1588 ਨੂੰ ਸੂਫ਼ੀ ਸੰਤ ਮੀਆਂ ਮੀਰ ਜੀ ਹੱਥੋਂ ਰਖਵਾਈ ਗਈ ਜੋ ਕਿ ਧਰਮ ਨਿਰਪੱਖਤਾ ਦਾ ਆਦਰਸ਼ ਪੇਸ਼ ਕਰਦੀ ਹੈ। ਇਸ ਸਮੇਂ ਵੱਡਾ ਧਾਰਮਿਕ ਇਕੱਠ ਹੋਇਆ। ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ।

ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਜ਼ਮੀਨੀ ਹੇਠਲੇ ਪੱਧਰ ਤੇ ਬਣਵਾਇਆ। ਇਸ ਦੇ ਚਾਰ ਦਰਵਾਜ਼ੇ ਰੱਖੇ ਗਏ ਕਿ ਇਸ ਰੱਬ ਦੇ ਘਰ ਵਿਚ ਚੌਹਾਂ ਵਰਗਾਂ ਅਤੇ ਚੌਹਾਂ ਦਿਸ਼ਾਵਾਂ ਤੋਂ ਸ਼ਰਧਾਲੂ ਦਰਸ਼ਨ ਕਰਨ ਆ ਸਕਦੇ ਹਨ। ਦੇਸ਼ਾਂ ਪ੍ਰਦੇਸਾਂ ਤੋਂ ਰੋਜ਼ਾਨਾ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਉਸਾਰੀ ਦਾ ਕੰਮ ਲਗਭਗ 1604 ਨੂੰ ਪੂਰਾ ਹੋਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰਮਿੰਦਰ ਵਿਖੇ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੀ ਕਲਾਕ੍ਰਿਤੀ ਬਣਤਰ ਅਤੇ ਹੁਨਰ ਅਦੁੱਤੀ ਹੈ। ਜੋ ਵਿਸ਼ਵ ਪ੍ਰਸਿੱਧ ਮਿਸਾਲ ਹੈ। ਇਹ ਇਕ ਵਿਲੱਖਣ ਧਾਰਮਿਕ ਕੇਂਦਰ ਹੈ। ਜਿਨਾਂ ਨੇ ਵੀ ਇਸ ਧਾਰਮਿਕ ਸਥਾਨ ਦੇ ਦਰਸ਼ਨ ਕੀਤੇ ਹਨ ਕਹਿ ਉਠਦੇ ਹਨ

ਡਿੱਠੇ ਸਭੈ ਥਾਵ ਨਹੀਂ ਤੁਧ ਜੇਹਿਆ-ਅੰਗ 1362

ਅੰਮ੍ਰਿਤਸਰ ਦਾ ਪਹਿਲਾਂ ਨਾਮ ‘ਚੱਕ’ ਗੁਰੂ ਰਾਮਦਾਸ ਅਤੇ ਸਰੋਵਰ ਦਾ ਨਾਮ ਅਮਰਸਰ ਸੀ ਜਿਸ ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ‘ਅੰਮ੍ਰਿਤਸਰ’ ਕੀਤਾ। ਇੱਥੇ ਪਹਿਲਾਂ ਇਕ ਜਲ ਦੀ ਢਾਬ ਅਤੇ ਵਿਰਲਾ ਜੰਗਲ ਸੀ। ਇਸ ਰਮਣੀਕ ਸਥਾਨ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਦੀ ਦਾ ਮਨੋਹਰ ਕੀਰਤਨ ਕੀਤਾ। ਹੁਣ ਇਹ ਇਕ ਅਜਿਹਾ ਧਾਰਮਿਕ ਸਥਾਨ ਹੈ ਜਿੱਥੇ ਅੱਠੇ ਪਹਿਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ।

ਸਮੇਂ ਦੀਆਂ ਹਕੂਮਤਾਂ ਨੇ ਸਿੱਖੀ ਦੀ ਵਧਦੀ ਹਰਮਨਪਿਆਰਤਾ ਨੂੰ ਢਾਹ ਲਾਉਣ ਦੀ ਹਮੇਸ਼ਾ ਤਾਕ ਰੱਖੀ ਹੈ। ਸਿੱਖੀ ਦੀ ਹਸਤੀ ਨੂੰ ਮਿਟਾਉਣ ਦੇ ਯਤਨਾਂ ਵਿਚ ਸਿੱਖਾਂ ਨੂੰ ਪ੍ਰੇਰਨਾ ਅਤੇ ਧਾਰਮਿਕ ਕੇਂਦਰ ਜੋ ਹਰਿਮੰਦਰ ਸਾਹਿਬ ਤੋਂ ਮਿਲਦੀ ਹੈ। ਮੁਗਲਾਂ ਦੀ ਸਾਜ਼ਿਸ਼ ਸੀ ਕਿ ਪਹਿਲਾਂ 1733 ਵਿਚ ਸਿੱਖਾਂ ਦੇ ਕਪੂਰ ਸਿੰਘ ਨੂੰ ਨਵਾਬੀ ਦਿੱਤੀ ਤੇ 1735 ਵਿਚ ਵਾਪਸ ਲੈ ਲਈ ਤਾਂ ਸਿੱਖਾਂ ਨੂੰ ਫਿਰ ਜੰਗਲਾਂ



ਵਿਚ ਸ਼ਰਨ ਲੈਣੀ ਪਈ, ਭਾਈ ਮਨੀ ਸਿੰਘ ਜੀ ਨੂੰ 1737 ਵਿਚ ਸ਼ਹੀਦ ਕਰ ਦਿੱਤਾ ਗਿਆ। ਮੱਸੇ ਰੰਗੜ ਨੂੰ ਅੰਮ੍ਰਿਤਸਰ ਦਾ ਕਬਜਾ ਦੇ ਦਿੱਤਾ। ਉਸ ਨੇ ਸਰੋਵਰ ਦੀ ਪਵਿੱਤਰਤਾ ਭੰਗ ਕਰਦਿਆਂ ਸਰੋਵਰ ਹੀ ਪੂਰ ਦਿੱਤਾ ਤੇ ਹਰਿਮੰਦਰ ਨੂੰ ਆਪਣੀ ਐਸ਼ ਗਾਹ ਬਣਾ ਲਿਆ। ਅਗਸਤ 11, 1740 ਨੂੰ ਮੀਰਾ ਕੋਟ ਦੇ ਭਾਈ ਮਹਿਤਾਬ ਸਿੰਘ ਤੇ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨੇ ਮੱਸੇ ਰੰਗੜ ਦਾ ਸਿਰ ਜਾ ਵੱਢਿਆ। ਜਦ ਅੰਮ੍ਰਿਤਸਰ ਦਾ ਇਲਾਕਾ ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਕੋਲ ਸੀ ਤਾਂ 1762 ਦੇ ਛੇਵੇਂ ਅਫ਼ਗਾਨ ਹਮਲੇ ਵੇਲੇ ਅਹਿਮਦਸ਼ਾਹ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ। ਦਸੰਬਰ 1764 ਨੂੰ ਸੱਤਵੇਂ ਹਮਲੇ ਦਾ ਟਾਕਰਾ ਕਰਦਿਆਂ ਸ. ਗੁਰਬਖਸ਼ ਸਿੰਘ ਤੇ 30 ਸਿੰਘਾਂ ਸ਼ਹੀਦ ਹੋਏ, ਸਿੰਘਾਂ ਨੇ ਪੈਸਾ ਇਕੱਠਾ ਕਰਕੇ ਹਰਿਮੰਦਰ ਸਾਹਿਬ ਫਿਰ ਉਸਾਰ ਲਿਆ।

ਗੁਰੂ ਰਾਮਦਾਸ ਜੀ ਨੇ ਆਪਣੇ 6 ਸਾਲ ਦੇ ਗੁਰੂ ਕਾਲ ਵਿਚ ਦਿਨ ਰਾਤ ਇਕ ਕਰਕੇ ਇਸ ਪਵਿੱਤਰ ਅਸਥਾਨ ਨੂੰ ਵਿਕਸਤ ਕੀਤਾ। ਗੁਰੂ ਹਰਗੋਬਿੰਦ ਜੀ ਨੇ ਸਮਕਾਲ ਤਖਤ ਸਾਹਿਬ ਤੇ ਲੋਹਗੜ ਦੀ ਸਥਾਪਨਾ ਕਰਕੇ ਇਸ ਨੂੰ ਹੋਰ ਵਿਸ਼ਾਲ ਅਤੇ ਆਜ਼ਾਦ ਬਣਾ ਦਿੱਤਾ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਦੀ ਰੌਣਕ ਵਧਾਉਣ ਲਈ ਦੂਰ ਦੂਰ ਤੋਂ ਵੱਖ ਵੱਖ ਧੰਦਿਆਂ ਦੇ ਮਾਹਰ ਕਾਰੀਗਰਾਂ ਨੂੰ ਵਸਾਇਆ। ਜਿਸ ਨਾਲ ਇਹ ਇਕ ਅਜਿਹਾ ਸ਼ਹਿਰ ਬਣ ਗਿਆ ਕਿ ਇਸ ਦੀ ਸ਼ੋਭਾ ਦੇਸ਼ਾਂ ਵਿਦੇਸ਼ਾਂ ਵਿਚ ਹੋਣ ਲੱਗੀ। ਇਥੇ 52 ਕਿਸਮ ਦੇ ਧੰਦਿਆਂ ਦੇ ਕਾਰੀਗਰ ਆਣ ਵਸੇ। ਦਰਸ਼ਕਾਂ ਦਾ ਇਸ ਸ਼ਾਂਤ ਵਾਤਾਵਰਣ ਵਿਚ ਆਉਣਾ ਜਾਣਾ ਹੋਗਿਆ। ਜਿਸ ਨਾਲ ਵਪਾਰ ਵਿਚ ਵਾਧਾ ਹੋਇਆ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੂੰ ਸੇਵਾ ਸੌਂਪ ਕੇ ਆਪ ਸਤੰਬਰ 1, 1581 ਨੂੰ ਗੋਇੰਦਵਾਲ ਜਾ ਜੋਤੀ ਜੋਤ ਸਮਾ ਗਏ।

ਇਸ ਮਹਾਨ ਸਿੱਖਾਂ ਦੇ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਸਮੇਂ ਗੁਰੂ ਸਾਹਿਬਾਨ ਨੇ ਭੂਗੋਲਿਕ ਤੌਰ ’ਤੇ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ ਜੋ ਹੁਣ ਜਰਨੈਲੀ ਸੜਕ ਤੇ ਹੈ। ਪਹਿਲੇ ਸਮਿਆਂ ਵਿਚ ਕੱਚੀ ਸੜਕ ਤਰਨ ਤਾਰਨ ਤੋਂ ਗੋਇੰਦ ਵਾਲ ਹੋ ਕੇ ਲੰਘਦੀ ਸੀ। ਇਥੋਂ ਲੰਘ ਕੇ ਵਿਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ ਜਾ ਧਾਵਾ ਬੋਲਦੇ ਸਨ। ਗੁਰੂ ਸਾਹਿਬ ਰੱਖਿਆ ਲਈ ਇਸ ਮਾਰਗ ਤੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕਰਨ ਲਈ ਅਸਥਾਨ ਬਣਾਉਣਾ ਚਾਹੁੰਦੇ ਸਨ। ਧਾਰਮਿਕ ਸੁਤੰਤਰਤਾ ਕਾਇਮ ਰੱਖਦ ਲਈ ਤਰਨ ਤਾਰਨ ਖਡੂਰ ਸਾਹਿਬ , ਗੋਇੰਦਵਾਲ ਅਤੇ ਕਰਤਾਰਪੁਰ ਨਗਰ ਵਸਾਏ। ਇਸ ਕਰਕੇ ਹੀ ਤਾਂ ਸਿੰਘਾਂ ਨੇ ਸਿਕੰਦਰ ਦੀਆਂ ਫੌਜਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਦਾ ਮੁਕਾਬਲਾ ਕਰਕੇ ਆਪਣੀ ਬਹਾਦਰੀ ਦੇ ਸਬੂਤ ਦਿੱਤੇ। ਭਗਤੀ ਅਤੇ ਸ਼ਕਤੀ ਨੇ ਸਿੰਘਾਂ ਵਿਚੋਂ ਮੌਤ ਦਾ ਡਰ ਹੀ ਉਡਾ ਦਿੱਤਾ। ਸ. ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ, ਬਾਬਾ ਦੀਪ ਸਿੰਘ ਜਿਹੇ ਬਹਾਦਰਾਂ ਨੇ ਜ਼ੁਲਮ ਦੇ ਮੂੰਹ ਤੋੜ ਦਿੱਤੇ। ਇਸ ਰੂਹਾਨੀ ਸ਼ਕਤੀ ਦੀ ਪ੍ਰੇਰਣਾ ਗੁਰਬਾਣੀ ਪ੍ਰਵਾਹ ਤੇ ਹਰਿਮੰਦਰ ਅੰਮ੍ਰਿਤਸਰ ਤੋਂ ਮਿਲੀ ਹੈ। ਜਿਸ ਵਿਚ ਬੱਚੇ, ਬੁੱਢੇ, ਔਰਤਾਂ-ਮਰਦਾਂ ਨੇ ਧਰਮ ਯੁੱਧ ਲਈ ਕੁਰਬਾਲੀਆਂ ਦਿੱਤੀਆਂ ਅਤੇ ਗਾਉਂਦੇ ਰਹੇ-ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ।

ਅਫਗਾਨੀ, ਮੁਗਲਾਂ ਤੇ ਅੰਗਰੇਜ਼ਾਂ ਨੇ ਸਮੇਂ ਸਮੇਂ ਅੰਮ੍ਰਿਤਸਰ ਤੇ ਕਈ ਵਾਰ ਹਮਲੇ ਕੀਤੇ ਇਸ ਦੀ ਇਮਾਰਤ ਨੂੰ ਨਸ਼ਟ ਕੀਤਾ। ਹਰ ਵਾਰ ਇਸ ਨੂੰ ਮੁਕਤ ਕਰਾਉਣ ਲਈ ਅਤੇ ਇਸ ਦੀ ਪਵਿੱਤਰਤਾ ਨੂੰ ਬਹਾਲ ਕਰਨ ਲਈ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਕਈ ਘੱਲੂਘਾਰੇ ਸਹੇੜਨੇ ਪਏ ਜਿਨਾਂ ਸਿੰਘਾਂ ਨੂੰ ਤਸ਼ੱਦਦ ਸਹਿਣੇ ਪਏ। ਪਰ ਸਿੰਘਾਂ ਨੇ ਹਮੇਸ਼ਾ ਡਟ ਕੇ ਮੁਕਾਬਲਾ ਕੀਤਾ। ਅਸਾਂਵੀਂਆਂ ਜੰਗਾਂ ਤੇ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 ਵਿਚ ਗੁਰਦੁਆਰਾ ਕਾਨੂੰਨ ਬਣਨ ਤੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿਚ ਭਾਰਤੀ ਫੌਜ ਨੇ ‘ਨੀਲਾ ਤਾਰਾ ਸਾਕਾ’ ਹੇਠ ਇਸ ’ਤੇ ਹਮਲਾ ਕੀਤਾ ਗਿਆ, ਇਮਾਰਤੀ ਨੁਕਸਾਨ, ਸਿੱਖ ਸਾਹਿਤ ਅਤੇ ਹਜ਼ਾਰਾਂ ਸ਼ਰਧਾਲੂ ਸ਼ਹੀਦ ਹੋਏ। ਵੈਰੀਆਂ ਦੀਆਂ ਲੱਖਾਂ ਕੋਝੀਆਂ ਹਰਕਤਾਂ ਅਤੇ ਫਰੇਬੀ ਚਾਲਾਂ ਨੇ ਸਿੰਘਾਂ ਨਾਲ ਟੱਕਰ ਲਈ ਪਰ ਸਿੱਖੀ ਦੇ ਗੁਰਧਾਮ ਵਸਦੇ ਰਹੇ।

ਝੂਲਤੇ ਨਿਸ਼ਾਨ ਰਹੇ ਗੁਰੂ ਮਹਾਰਾਜ ਕੇ

ਨਿੱਤ ਮੁਹਿੰਮਾਂ ਨੂੰ ਝਲਦੇ ਸਿੱਖ ਆਪਣੇ ਧਰਮ ਦੀ ਨਿਸ਼ਠਾ ਵਿਚ ਚੜਦੀ ਕਲਾ ਵਿਚ ਰਹੇ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਗੁਰਦੁਆਰੇ ਸਥਾਪਤ ਕਰਕੇ ਉਨਤੀ ਕਰ ਰਹੇ ਹਨ। ਜਿਸ ਨਾਲ ਸਿੱਖਾਂ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਪਛਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ, ਧਰਮ ਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਸੋਝੀ, ਜੀਵਨ ਜਾਚ ਪ੍ਰਦਾਨ ਕਰਦਾ ਹੈ। ਗੁਰਦੁਆਰਿਆਂ ਰਾਹੀਂ ਗੁਰਬਾਣੀ ਨਾਲ ਜੁੜ ਕੇ ਸੋਝੀ ਪ੍ਰਾਪਤ ਹੁੰਦੀ ਹੈ।

---

## ਜਨਮ ਦਿਵਸ ‘ਤੇ ਵਿਸ਼ੇਸ਼

# ਅਦੁੱਤੀ ਯੋਧਾ ਤੇ ਸਿਰਮੌਰ ਸ਼ਹੀਦ ਬਾਬਾ ਦੀਪ ਸਿੰਘ

**- ਸਵਰਨਜੀਤ ਸਿੰਘ ਖਾਲਸਾ**

ਬਾਬਾ ਦੀਪ ਸਿੰਘ ਦਾ ਜਨਮ 26 ਜਨਵਰੀ 1682 (14 ਮਾਘ 1739 ਬਿਕਰਮੀ) ਨੂੰ ਮਾਤਾ ਜੀਉਣੀ ਅਤੇ ਪਿਤਾ ਭਗਤਾ ਦੇ ਗ੍ਰਹਿ ਵਿਖੇ ਪਿੰਡ ਪਹੂਵਿੰਡ (ਜ਼ਿਲਾ ਤਰਨ ਤਾਰਨ) ਵਿੱਚ ਹੋਇਆ। ਬਚਪਨ ਵਿੱਚ ਮਾਤਾ-ਪਿਤਾ ਨੇ ਉਨਾਂ ਦਾ ਨਾਂ ਦੀਪਾ ਰੱਖਿਆ। ਤਕਰੀਬਨ 18 ਸਾਲ ਦੀ ਉਮਰ ਵਿੱਚ ਉਹ ਮਾਤਾ ਪਿਤਾ ਦੇ ਨਾਲ ਆਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਵਿੱਚ ਹੋਲਾ ਮਹੱਲਾ ਮਨਾਉਣ ਲਈ ਪਹੁੰਚੇ। ਇੱਥੇ ਹੀ ਉਹ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਦੀ ਪਾਹੁਲ ਲੈ ਕੇ ਸਿੰਘ ਸਜ ਗਏ ਅਤੇ ਉਨਾਂ ਦਾ ਨਾਂ ਦੀਪ ਸਿੰਘ ਰੱਖ ਦਿੱਤਾ ਗਿਆ। ਬਾਬਾ ਦੀਪ ਸਿੰਘ ਦੇ ਮਾਤਾ ਪਿਤਾ ਤਾਂ ਵਾਪਿਸ ਆ ਗਏ ਪਰ ਉਹ ਗੁਰੂ ਜੀ ਕੋਲ ਹੀ ਰਹਿ ਗਏ। ਆਨੰਦਪੁਰ ਸਾਹਿਬ ਵਿੱਚ ਰਹਿ ਕੇ ਉਨਾਂ ਨੇ ਭਾਈ ਮਨੀ ਸਿੰਘ ਦੀ ਰਹਿਨੁਮਾਈ ਹੇਠ ਗੁਰਬਾਣੀ ਦਾ ਅਧਿਐਨ ਕੀਤਾ ਅਤੇ ਨਾਲ ਹੀ ਸ਼ਸਤਰ ਵਿੱਦਿਆ ਵੀ ਗ੍ਰਹਿਣ ਕੀਤੀ। ਉਨਾਂ ਨੇ ਸੰਸਕ੍ਰਿਤ, ਬ੍ਰਿਜ, ਫ਼ਾਰਸੀ ਅਤੇ ਗੁਰਮੁਖੀ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰ ਕੇ ਜਿੱਥੇ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ, ਉੱਥੇ ਹੀ ਬਾਣੀ ਦਾ ਪ੍ਰਚਾਰ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ।

ਤਕਰੀਬਨ 2 ਸਾਲ ਦਾ ਸਮਾਂ ਗੁਰੂ ਘਰ ਵਿੱਚ ਬਿਤਾਉਣ ਤੋਂ ਬਾਅਦ ਉਹ ਵਾਪਸ ਆਪਣੇ ਪਿੰਡ ਪਹੂਵਿੰਡ ਆ ਗਏ ਅਤੇ ਇੱਥੋਂ ਦੇ ਲੋਕਾਂ ‘ਚ ਬਾਣੀ ਦਾ ਪ੍ਰਚਾਰ ਕਰਨ ਲੱਗੇ।

ਜਦੋਂ ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬੋ ਆ ਗਏ ਤਾਂ ਬਾਬਾ ਦੀਪ ਸਿੰਘ ਵੀ 1705 ਵਿੱਚ ਉਨਾਂ ਕੋਲ ਪਹੁੰਚ ਗਏ। ਇੱਥੇ ਹੀ ਉਨਾਂ ਨੇ ਭਾਈ ਮਨੀ ਸਿੰਘ ਨਾਲ ਮਿਲ ਕੇ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਤਿਆਰ ਕੀਤੀਆਂ। ਬਾਬਾ ਦੀਪ ਸਿੰਘ ਵੱਲੋਂ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਕਾਲ ਤਖ਼ਤ (ਸ੍ਰੀ ਅੰਮ੍ਰਿਤਸਰ ਸਾਹਿਬ), ਸ੍ਰੀ ਕੇਸਗੜ ਸਾਹਿਬ (ਆਨੰਦਪੁਰ), ਪਟਨਾ ਸਾਹਿਬ (ਬਿਹਾਰ) ਤੇ ਹਜ਼ੂਰ ਸਾਹਿਬ (ਨਾਂਦੇੜ ਸਾਹਿਬ) ਵਿੱਚ ਸੁਸ਼ੋਭਿਤ ਹਨ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਵਾਸੀ ਹੋ ਜਾਣ ਤੋਂ ਬਾਅਦ ਬਾਬਾ ਦੀਪ ਸਿੰਘ ਨੇ ਬੰਦਾ ਸਿੰਘ ਬਹਾਦਰ ਦੀ ਵੱਖ-ਵੱਖ ਲੜਾਈਆਂ ਵਿੱਚ ਮਦਦ ਕੀਤੀ। ਸਿੰਘ ਜਥੇ ਬਣਾ ਕੇ ਜ਼ੁਲਮ ਦਾ ਟਾਕਰਾ ਬੜੀ ਦਲੇਰੀ ਨਾਲ ਕਰਦੇ ਰਹੇ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਨਾਂ ਜਥਿਆਂ ਨੂੰ ਮਿਸਲਾਂ ਵਿੱਚ ਵੰਡ ਦਿੱਤਾ ਗਿਆ। ਬਾਬਾ ਦੀਪ ਸਿੰਘ ਨੇ ਸ਼ਹੀਦ ਮਿਸਲ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਲਈ।

ਇਨਾਂ ਸਮਿਆਂ ਦੌਰਾਨ ਹੀ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਉਤੇ ਅਨੇਕਾਂ ਹਮਲੇ ਕੀਤੇ।

ਜਦੋਂ ਅਬਦਾਲੀ ਨੇ 1756 ਵਿੱਚ ਚੌਥੀ ਵਾਰ ਹਿੰਦੋਸਤਾਨ ‘ਤੇ ਚੜਾਈ ਕੀਤੀ ਤਾਂ ਸਿੱਖਾਂ ਨੇ ਉਸਦਾ ਸਾਹਮਣਾ ਕਰਨ ਦੀ ਵਿਉਂਤ ਬਣਾ ਲਈ। ਉਸ ਪਾਸੋਂ ਲੁੱਟਿਆ ਸਮਾਨ ਖੋਹਣ ਅਤੇ ਬੰਦੀਆਂ ਨੂੰ ਛੁਡਾਉਂਣ ਦੀ ਡਿਊਟੀ ਬਾਬਾ ਦੀਪ ਸਿੰਘ ਦੇ ਜੱਥੇ ਦੀ ਕੁਰੂਕਸ਼ੇਤਰ ਦੇ ਪਾਸ ਲੱਗੀ। ਪਿੱਪਲੀ ਤੇ ਮਾਰਕੰਡੇ ਦਰਿਆ ਵਿਚਾਲੇ ਜਦ ਬਾਬਾ ਦੀਪ ਸਿੰਘ ਨੇ ਬੰਦੀ ਕੀਤੀਆਂ ਭਾਰਤੀ ਮੁਟਿਆਰਾਂ ਦੇ ਕੀਰਨੇ ਸੁਣੇ ਤਾਂ ਦੁਸ਼ਮਣਾਂ ਦਾ ਡਟ ਕੇ ਮੁਕਾਬਲਾ ਕੀਤਾ, 2500 ਦੇ ਲਗਪਗ ਭਾਰਤੀ ਔਰਤਾਂ ਅਤੇ 100 ਲੜਕੀਆਂ ਨੂੰ ਦੁਸ਼ਮਣ ਪਾਸੋਂ ਰਿਹਾਅ ਕਰਵਾ ਕੇ ਬਾ-ਇੱਜ਼ਤ ਘਰੋ ਘਰੀ ਪਹੁੰਚਾਇਆ।

ਜਦ ਅਹਿਮਦ ਸ਼ਾਹ ਅਬਦਾਲੀ ਨੇ ਆਪਣੀ ਬੇਇੱਜ਼ਤੀ ਹੁੰਦੀ ਦੇਖੀ ਤਾਂ ਉਸਨੇ ਬਹੁਤ ਜਾਲਮ ਇਨਸਾਨ, ਜਹਾਨ ਖਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰਕੇ ਸਿੱਖਾਂ ਦਾ ਨਾਮੋ ਨਿਸ਼ਾਨ ਖਤਮ ਕਰਨ ਦਾ ਸਖਤ ਹੁਕਮ ਦੇ ਦਿੱਤਾ। ਜਹਾਨ ਖਾਨ ਨੇ ਸਿੱਖਾਂ ਦੇ ਜਜ਼ਬਾਤ ਕੁਚਲਣ ਲਈ 1760 ਈ: ਵਿੱਚ ਅੰਮ੍ਰਿਤਸਰ ਵਿਖੇ ਸ਼੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਜਹਾਨ ਖਾਨ ਦੀ ਇਸ ਕਾਰਵਾਈ ਦੀ ਖਬਰ ਸੁਣ ਕੇ ਸਮੁੱਚੀ ਸਿੱਖ ਕੌਮ ਵਿੱਚ ਗਮ ਤੇ ਕ੍ਰੋਧ ਦੀ ਲਹਿਰ ਫੈਲ ਗਈ।

ਇਨਾਂ ਦਿਨਾਂ ਵਿੱਚ ਹੀ ਬਾਬਾ ਦੀਪ ਸਿੰਘ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ (ਬਠਿੰਡਾ) ਵਿਖੇ ਰਹਿੰਦੇ ਸਨ। ਇਕ ਧਾਰਮਿਕ ਇਕੱਠ ਕਰਕੇ ਬਾਬਾ ਦੀਪ ਸਿੰਘ ਨੇ ਅੱਗੇ ਵਧ ਕੇ ਖੰਡੇ ਨਾਲ ਇਕ ਲਕੀਰ ਖਿੱਚ ਕੇ ਉਚੀ ਆਵਾਜ ਵਿੱਚ ਕਿਹਾ ਕੇਵਲ ਉਹ ਹੀ ਸਿੱਖ ਲਕੀਰ ਟੱਪੇ ਜਿਹਨੇ ਧਰਮ ਤੋਂ ਜਾਨ ਕੁਰਬਾਨ ਕਰਨੀ ਹੈ। ਸਾਰੇ ਸਿੰਘ ਲਕੀਰ ਪਾਰ ਕਰਕੇ ਬਾਬਾ ਜੀ ਦੀ ਸਰਦਾਰੀ ਹੇਠ ਅੰਮ੍ਰਿਤਸਰ ਵੱਲ ਨੂੰ ਤੁਰ ਪਏ। ਇਸ ਵੇਲੇ ਸਿੱਖਾਂ ਦੀ ਗਿਣਤੀ 500 ਦੇ ਕਰੀਬ ਸੀ। ਤੁਰਨ ਤੋਂ ਪਹਿਲਾਂ ਬਾਬਾ ਦੀਪ ਸਿੰਘ ਨੇ ਅਰਦਾਸ ਕੀਤੀ ਕਿ ਮੈਂ ਪਠਾਣੀ ਫੌਜ ਨਾਲ ਲੜਦਾ ਹੋਇਆ ਹਰਿਮੰਦਰ ਸਾਹਿਬ ਦੀ ਹੱਦ ਵਿੱਚ ਜਾ ਕੇ ਸ਼ਹੀਦ ਹੋਵਾਂਗਾ।ਤਰਨ ਤਾਰਨ ਪੁੱਜਣ ਤੱਕ ਬਾਬਾ ਦੀਪ ਸਿੰਘ ਦੇ ਜੱਥੇ ਦੀ ਗਿਣਤੀ 500 ਤੋਂ ਵਧ ਕੇ 5000 ਹੋ ਗਈ। ਅੰਮ੍ਰਿਤਸਰ ਤੋਂ 5 ਮੀਲ ਬਾਹਰ ਪਿੰਡ ਗੋਲੇਵਾਲ ਦੇ ਨੇੜੇ ਜਹਾਨ ਖਾਨ 20000 ਫੌਜ ਲੈਕੇ ਖੜਾ ਸੀ। ਬੜੀ ਭਿਆਨਕ ਲੜਾਈ ਹੋਈ। ਗੁੱਸੇ ਤੇ ਜੋਸ਼ ਵਿੱਚ ਆਏ ਸਿੰਘਾਂ ਨੇ ਅਜਿਹੇ ਹਮਲੇ ਕੀਤੇ ਕਿ ਜਹਾਨ ਖਾਨ ਦੀ ਫੌਜ ਮੂਹਰੇ ਲਾ ਲਈ। ਬਾਬਾ ਦੀਪ ਸਿੰਘ ਦਾ ਸਹਾਇਕ ਜਥੇਦਾਰ ਸ਼ੇਰ ਮਰਦ ਸ: ਦਿਆਲ ਸਿੰਘ 50 ਜਵਾਨਾਂ ਦਾ ਜੱਥਾ ਲੈਕੇ ਪਠਾਣੀ ਫੌਜ ਨੂੰ ਚੀਰਦਾ ਹੋਇਆ ਜਹਾਨ ਖਾਨ ਦੇ ਹਾਥੀ ਉਤੇ ਚੜ ਗਿਆ ਤੇ ਝੱਟਪਟ ਜਹਾਨ ਖਾਨ ਦਾ ਸਿਰ ਵੱਢ ਲਿਆ। ਬਾਬਾ ਦੀਪ ਸਿੰਘ 18 ਸੇਰ ਦਾ ਖੰਡਾ ਖੜਕਾਉਂਦੇ, ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਅੱਗੇ-ਅੱਗੇ ਵਧ ਰਹੇ ਸਨ, ਦੁਸਮਣਾਂ ਨੂੰ ਭਾਜੜਾਂ ਪੈ ਗਈਆਂ। ਅਚਾਨਕ ਇਕ ਕਮਾਂਡਰ ਅਮਾਨ ਖਾਂ ਦੀ ਤਲਵਾਰ ਬਾਬਾ ਦੀਪ ਸਿੰਘ ਜੀ ਦੀ ਧੌਣ ਉਪਰ ਲੱਗੀ ਜਿਸ ਕਾਰਨ ਸਿਰ ਇਕ ਪਾਸੇ ਨੂੰ ਉਲਰ ਗਿਆ। ਬਾਬਾ ਜੀ ਨੇ ਆਪਣੇ ਸੀਸ ਨੂੰ ਖੱਬੇ ਹੱਥ ਨਾਲ ਸੰਭਾਲਿਆ ਤੇ ਸੱਜੇ ਹੱਥ ਨਾਲ ਫਿਰ ਖੰਡਾ ਖੜਕਾਉਂਦੇ, ਦੁਸਮਣਾਂ ਦੇ ਆਹੂ ਲਾਹੁੰਦੇ ਅੱਗੇ ਵਧਦੇ ਹੋਏ ਸ਼੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਤੱਕ ਅੱਪੜ ਕੇ ਸ਼ਹੀਦੀ ਪਾ ਗਏ। ਪਠਾਣੀ ਫੌਜ ਨੂੰ ਭਜਾ ਕੇ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ। ਉਸੇ ਸਾਲ ਦਿਵਾਲੀ ਵੀ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਹੀ ਮਨਾਈ। ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ‘ਤੇ ਉਨਾਂ ਦੀ ਯਾਦ ਵਿੱਚ ਸ਼ਹੀਦ ਗੰਜ ਗੁਰਦੁਆਰਾ ਬਣਿਆ ਹੋਇਆ ਹੈ।

# ਨਾਮ ਚੋਟੀ ਦਿਆਂ ਮੁਲਕਾਂ ‘ਚ ਬੋਲਦਾ, ਤੇ ਘਰ ਲੱਗੀ ਅੱਗ ਨਾ ਬੁੱਝੇ..

**- ਮਿੰਟੂ ਬਰਾੜ ਆਸਟ੍ਰੇਲੀਆ**



ਮਾਲਵੇ ਦੇ ਕ੍ਰਾਂਤੀਕਾਰੀ ਲੇਖਕ ਜਗਸੀਰ ਜੀਦਾ ਦੀ ਇਹ ਬੋਲੀ “ਬੰਦੇ ਮਾਰਨ ਲਈ ਖ਼ੋਜੀਆਂ ਮਿਜ਼ਾਈਲਾਂ ਤੇ ਨਰਮੇ ਦੀ ਸੁੰਡੀ ਨਾ ਮਰੇ।” ਅੱਜ ਵਾਰ-ਵਾਰ ਜ਼ਿਹਨ ‘ਚ ਦਸਤਕ ਦੇ ਰਹੀ ਹੈ। ਭਾਵੇਂ ਬਾਈ ਜਗਸੀਰ ਦੀ ਇਹ ਰਚਨਾ ਮਾਲਵੇ ਦੇ ਨਰਮਾ ਉਤਪਾਦਕ ਜ਼ਿਮੀਂਦਾਰ ਦੀ ਪੀੜ ‘ਚੋਂ ਨਿਕਲੀ ਹੋਈ ਹੈ। ਪਰ ਅੱਜ ਅੱਗ ‘ਚ ਸੜ ਰਹੇ ਆਸਟ੍ਰੇਲੀਆ ਨੂੰ ਦੇਖ ਕੇ ਕੁਝ ਇਹੋ ਜਿਹੀ ਬੋਲੀ ਮੇਰੇ ਜ਼ਿਹਨ ‘ਚ ਘੁੰਮ ਰਹੀ ਹੈ ਕਿ “ਨਾਮ ਚੋਟੀ ਦੀਆਂ ਮੁਲਕਾਂ ‘ਚ ਬੋਲਦਾ, ਤੇ ਘਰ ਲੱਗੀ ਅੱਗ ਨਾ ਬੁੱਝੇ।”

ਇਹ ਹੀ ਸੱਚ ਹੈ ਅੱਜ ਦੀ ਘੜੀ ਤਾਂ। ਹੋਂਦ ‘ਚ ਆਉਣ ਤੋਂ ਤਕਰੀਬਨ ਦੋ-ਢਾਈ ਸਦੀਆਂ ‘ਚ ਆਸਟ੍ਰੇਲੀਆ ਦੁਨੀਆ ਦੇ ਮੋਹਰੀ ਮੁਲਕਾਂ ‘ਚ ਆਪਣਾ ਨਾਮ ਦਰਜ ਕਰਵਾ ਗਿਆ। ਇਕੱਲੇ ਭਾਰਤੀਆਂ ਦੀ ਹੀ ਨਹੀਂ ਦੁਨੀਆ ਦੇ ਬਹੁਤੇ ਮੁਲਕਾਂ ਦੇ ਲੋਕਾਂ ਦੀ ਪਰਵਾਸ ਕਰਨ ਲਈ ਆਸਟ੍ਰੇਲੀਆ ਪਹਿਲੀ ਪਸੰਦ ਹੈ। ਜਦੋਂ-ਕਦੇ ਸਰਵੇਖਣ ਹੁੰਦੇ ਹਨ ਤਾਂ ਆਸਟ੍ਰੇਲੀਆ ਦੇ ਕਈ ਸ਼ਹਿਰ ਦੁਨੀਆ ਦੇ ਪਹਿਲੇ ਦਸ ਰਹਿਣ ਲਈ ਸਭ ਤੋਂ ਚੰਗੇ ਸ਼ਹਿਰਾਂ ‘ਚ ਆਉਂਦੇ ਹਨ। ਸੋਸ਼ਲ ਸਿਕਿਉਰਿਟੀ ‘ਚ ਆਸਟ੍ਰੇਲੀਆ ਦੀ ਅਮਰੀਕਾ ਵੀ ਰੀਸ ਨਹੀਂ ਕਰ ਸਕਦਾ। ਹੈਲਥ ਅਤੇ ਸੇਫ਼ਟੀ ਦੇ ਮਾਮਲੇ ‘ਚ ਆਸਟ੍ਰੇਲੀਆ ਏਨਾ ਕੁ ਚੌਕਸ ਹੈ ਕਿ ਭਾਵੇਂ ਕਿੰਨਾ ਵੀ ਨੁਕਸਾਨ ਹੋ ਜਾਵੇ ਪਰ ਬੰਦੇ ਦੀ ਜਾਨ ਅਤੇ ਸਿਹਤ ਨਾਲ ਕੋਈ ਸਮਝੌਤਾ ਨਹੀਂ। ਸਾਫ਼ ਆਬੋ-ਹਵਾ, ਸ਼ੁੱਧ ਖਾਣ-ਪੀਣ, ਚੰਗੀਆਂ ਡਾਕਟਰੀ ਸਹੂਲਤਾਂ, ਚੰਗੀ ਪੜਾਈ-ਲਿਖਾਈ ਤੇ ਚੰਗੀਆਂ ਖੇਡਾਂ। ਹੁਣ ਏਨਾ ਕੁਝ ਚੰਗਾ ਹੋਣ ਦੇ ਬਾਵਜੂਦ ਅੱਜ ਆਸਟ੍ਰੇਲੀਆ ਦੁਨੀਆ ਦੀ ਨਜ਼ਰ ‘ਚ ਤਰਸ ਦਾ ਪਾਤਰ ਬਣਿਆ ਹੋਇਆ ਹੈ ਜਿਸ ਦਾ ਕਾਰਨ ਹੈ ਇੱਥੇ ਲੱਗੀਆਂ ਅੱਗਾਂ।

ਆਸਟ੍ਰੇਲੀਆ ‘ਚ ਅੱਗਾਂ ਦਾ ਇਤਿਹਾਸ: ਭਾਵੇਂ ਆਸਟ੍ਰੇਲੀਆ ‘ਚ ਜੀਵਨ ਹਜ਼ਾਰਾਂ ਸਾਲ ਪਹਿਲਾਂ ਤੋਂ ਪਾਇਆ ਜਾਂਦਾ ਪਰ ਅੱਜ ਦੇ ਆਸਟ੍ਰੇਲੀਆ ਦੀ ਹੋਂਦ ‘ਚ ਆਉਣ ਤੋਂ ਬਾਅਦ ਜਿਹੜਾ ਰਿਕਾਰਡ ਦਰਜ ਹੋਇਆ ਮਿਲਦਾ ਹੈ ਉਸ ਮੁਤਾਬਿਕ 1851 ਤੋਂ ਲੈ ਕੇ ਹੁਣ ਤੱਕ ਤਕਰੀਬਨ 800 ਇਨਸਾਨ ਅਤੇ ਲੱਖਾਂ ਦੀ ਗਿਣਤੀ ‘ਚ ਜਾਨਵਰ ਅੱਗਾਂ ਕਾਰਨ ਮਾਰੇ ਜਾ ਚੁੱਕੇ ਹਨ। ਪਿਛਲੀ ਡੇਢ ਸਦੀ ਦੌਰਾਨ ਆਏ ਇਹਨਾਂ ਭਿਆਨਕ ਦਿਨਾਂ ਦੀ ਮਾੜੀ ਯਾਦ ਆਸਟ੍ਰੇਲੀਆ ਵੱਸਦੇ ਲੋਕਾਂ ਦੇ ਮਨਾ ‘ਚ ਵੱਖੋ-ਵੱਖ ਨਾਮਾਂ ਨਾਲ ਉੱਕਰੀ ਪਈ ਹੈ। ‘ਕਾਲੇ ਵੀਰਵਾਰ’, ‘ਕਾਲੇ ਸ਼ਨੀਵਾਰ’ ਜਾ ‘ਸਵਾਹ ਰੰਗੇ ਬੁੱਧਵਾਰ’ ਦੀ ਗੱਲ ਅੱਜ ਵੀ ਪ੍ਰਭਾਵਿਤ ਲੋਕਾਂ ਦੇ ਗਲੇ ਭਰ ਦਿੰਦੀ ਹੈ।

ਇਤਿਹਾਸਕਾਰ ਲਿਖਦੇ ਹਨ ਕਿ 6 ਫਰਵਰੀ 1851 ਦਿਨ ਵੀਰਵਾਰ ਨੂੰ ਲੱਗੀ ਅੱਗ ‘ਚ ਬਹੁਤ ਸਾਰੇ ਇਨਸਾਨ, ਦਸ ਲੱਖ ਤੋਂ ਉੱਤੇ ਭੇਡਾਂ ਅਤੇ ਅਣਗਿਣਤ ਹੋਰ ਜਾਨਵਰ ਅੱਗ ਦੀ ਭੇਂਟ ਚੜ ਗਏ ਸਨ, ਜਿਸ ਕਾਰਨ ਅੱਜ ਵੀ ਇਸ ਦਿਨ ਨੂੰ ‘ਕਾਲੇ ਵੀਰਵਾਰ’ ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ।

ਆਸਟ੍ਰੇਲੀਆ ਦੇ ਇਤਿਹਾਸ ‘ਚ ਹੁਣ ਤੱਕ ਦੀ ਸਭ ਤੋਂ ਭਿਆਨਕ ਅੱਗ 7 ਫਰਵਰੀ 2009 ਨੂੰ ਲੱਗੀ ਸੀ ਜਿਸ ਦੌਰਾਨ 173 ਇਨਸਾਨ, ਅਣਗਿਣਤ ਜਾਨਵਰ ਤੇ ਪੰਛੀ ਇਸ ਦੀ ਲਪੇਟ ‘ਚ ਆਏ ਸਨ। ਇਸ ਕਾਲੇ ਸ਼ਨੀਵਾਰ ਨੂੰ 400 ਦੇ ਕਰੀਬ ਵੱਖ-ਵੱਖ ਥਾਂਵਾਂ ਤੇ ਅੱਗ ਨੇ ਤਬਾਹੀ ਮਚਾਈ ਸੀ। ਜਿਸ ਵਿਚ 11 ਲੱਖ ਏਕੜ ਜ਼ਮੀਨ ਤਕਰੀਬਨ 2000 ਰਿਹਾਇਸ਼ੀ ਘਰਾਂ ਸਮੇਤ 3500 ਇਮਾਰਤਾਂ ਸੜ ਕੇ ਸਵਾਹ ਹੋ ਗਈਆਂ ਸਨ। 400 ਦੇ ਕਰੀਬ ਲੋਕ ਅੱਗ ਨਾਲ ਬੁਰੀ ਤਰਾਂ ਝੁਲਸੇ ਗਏ ਸਨ।

ਇਸ ਅੱਗ ਦੇ ਕਾਰਨ ਸਾਡੇ ਇੱਕ ਪੰਜਾਬੀ ਸ. ਚਰਨਾਮਤ ਸਿੰਘ ਦੇ ਪਰਵਾਰ ਨੇ ਵੀ ਆਪਣਾ ਸਭ ਕੁਝ ਗੁਆ ਲਿਆ ਸੀ। ਬੱਸ ਵਾਹਿਗੁਰੂ ਦਾ ਸ਼ੁਕਰ ਹੈ ਕਿ ਕੋਈ ਜਾਨੀ ਨੁਕਸਾਨ ਤੋਂ ਉਹ ਬਚ ਗਏ ਸਨ। ਦੁਨੀਆ ਭਰ ‘ਚ ਚਰਨਾਮਤ ਸਿੰਘ ਨੂੰ ਜਾਣਨ ਵਾਲੇ ਹਾਸਿਆਂ ਦਾ ਵਣਜਾਰਾ ਸਮਝਦੇ ਹਨ। ਪਰ ਉਨਾਂ ਦੇ ਨਜ਼ਦੀਕੀ ਜਾਣਦੇ ਹਨ ਕਿ ਉਨਾਂ ਦੇ ਹਾਸਿਆਂ ਥੱਲੇ ਜੋ ਅੱਗ ਮੱਚਦੀ ਹੈ ਉਸ ਨੂੰ ਯਾਦ ਕਰਕੇ ਉਹ ਅੱਜ ਵੀ ਡੋਰ-ਭੌਰ ਹੋ ਜਾਂਦੇ ਹਨ। ਉਹ ਦੱਸਦੇ ਹਨ ਕਿ ਅੱਗ ਉਨਾਂ ਦੇ ਫਾਰਮ ਤੋਂ ਕਾਫ਼ੀ ਦੂਰ ਸੀ ਪਰ ਹਵਾ ‘ਚ ਉੱਡ ਕੇ ਆਇਆ ਇਕ ਫਲੂਆ ਉਨਾਂ ਦੇ ਪਰਵਾਰ ਦੀ ਜ਼ਿੰਦਗੀ ਭਰ ਦੀ ਕਮਾਈ ਨੂੰ ਸੁਆਹ ਕਰ ਗਿਆ ਸੀ।




ਹਰ ਸਾਲ ਅੱਗ ਪੀੜਤਾਂ ਦੀ ਗਿਣਤੀ ਵਧਦੀ ਜਾਂਦੀ ਹੈ। ਹੁਣ ਤੱਕ ਅਣਗਿਣਤ ਪੀੜਤਾਂ ਨਾਲ ਦੁੱਖ ਵੰਡਾਉਣ ਦਾ ਸਬੱਬ ਬਣਿਆ। ਹਰ ਇਕ ਰੁਆ ਕੇ ਹੀ ਗਿਆ। ਅੱਜ ਦੋ ਅਧਖੜ ਜਿਹੀਆਂ ਗੋਰੀਆਂ ਸਾਡੇ ਕੋਲ ਖਾਣਾ ਖਾਣ ਆਈਆਂ, ਪੁੱਛਣ ਤੇ ਪਤਾ ਲੱਗਿਆ ਕਿ ਉਨਾਂ ‘ਚੋਂ ਇਕ ਗਿਬਸਲੈਂਡ ਤੋਂ ਆਈ ਸੀ ਜਿੱਥੇ ਅੱਗਾਂ ਨੇ ਸਭ ਤਹਿਸ ਨਹਿਸ ਕਰ ਦਿੱਤਾ। ਰੋ-ਰੋ ਸੁੱਕ ਚੁੱਕੀਆਂ ਅੱਖਾਂ ਸਾਰੀ ਕਹਾਣੀ ਬਿਆਨ ਕਰ ਰਹੀਆਂ ਸਨ। ਕਹਿੰਦੀ ਆਹ ਜੋ ਤਨ ‘ਤੇ ਕੱਪੜੇ ਤੇ ਇਹਨਾਂ ਤੋਂ ਬਿਨਾਂ ਉਹ ਕਾਰ ਹੈ ਜਿਸ ‘ਚ ਚੜ ਕੇ ਮੈਂ ਭੱਜ ਆਈ ਹਾਂ, ਸਭ ਤਬਾਹ ਹੋ ਗਿਆ। ਭਲੇ ਵੇਲਿਆਂ ‘ਚ ਇਸ ਕਸਬੇ ‘ਚ ਥੋੜੀ ਜਿਹੀ ਥਾਂ ਖ਼ਰੀਦੀ ਸੀ ਉਸ ਨੂੰ ਵੇਚ ਕੇ ਫੇਰ ਸਿਰ ਢੱਕਣ ਦੀ ਕੋਸ਼ਿਸ਼ ਕਰ ਰਹੀ ਹਾਂ। ਇਨਸਾਨਾਂ ਦੀਆਂ ਹੱਡ-ਬੀਤੀਆਂ ਤਾਂ ਬਹੁਤ ਲਿਖ ਸਕਦਾ ਹਾਂ ਪਰ ਉਹ ਅੱਗ ਪੀੜਤ ਲੱਖਾਂ ਬੇਸਹਾਰਾ ਚਿੜੀਆਂ-ਜਨੌਰਾਂ ਬਾਰੇ ਸੋਚ ਕੇ ਰੂਹ ਕੰਬ ਜਾਂਦੀ ਹੈ, ਜਿਨਾਂ ਦੀਆਂ ਦਰਦ ਕਹਾਣੀਆਂ ਸਮਝ ਕੇ ਬਿਆਨ ਕਰਨ ਵਾਲਾ ਕੋਈ ਨਹੀਂ।

ਪਿਛਲੇ ਸਾਲਾਂ ਦੇ ਆਂਕੜੇ ਤਾਂ ਸਦਾ ਲਈ ਦਰਜ ਹੋ ਚੁੱਕੇ ਹਨ ਤੇ ਇਸ ਸਾਲ ਦੇ ਆਂਕੜੇ ਚਾਰ ਕੁ ਦਿਨਾਂ ਨੂੰ ਦਰਜ ਹੋ ਜਾਣਗੇ ਤੇ ਇੰਝ ਹੀ ਹਰ ਸਾਲ ਅੱਗ ਪੀੜਤਾਂ ਦੀ ਗਿਣਤੀ ਵਧਦੀ ਜਾਵੇਗੀ? ਇਹ ਸਵਾਲ ਹਰ ਇਕ ਦੇ ਮਨ ‘ਚ ਹੈ ਕਿ ਕੀ ਆਸਟ੍ਰੇਲੀਆ ਜਿਹਾ ਵਿਕਸਤ ਦੇਸ਼ ਇਸ ਦਾ ਕੋਈ ਹੱਲ ਨਹੀਂ ਕੱਢ ਸਕਦਾ? ਇਹਨਾਂ ਸਵਾਲਾਂ ਦੇ ਜਵਾਬ ਲੱਭਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਅੱਗਾਂ ਲੱਗਣ ਦੇ ਕਾਰਨ ਕੀ ਹਨ?

ਕਾਰਨ ਕਈ ਹਨ। ਸੰਖੇਪ ਇਹ ਹੈ ਕਿ ਆਸਟ੍ਰੇਲੀਆ ‘ਚ ਸੂਰਜ ਦੀ ਤਪਸ਼ ਗਰਮੀ ‘ਚ ਬਨਸਪਤੀ ਨੂੰ ਇਨਾਂ ਕੁ ਸੁਕਾ ਦਿੰਦੀ ਹੈ ਕਿ ਇਹ ਸੁੱਕੀ ਹੋਈ ਬਨਸਪਤੀ ਅੱਗ ਨੂੰ ਬਹੁਤ ਹੀ ਤੇਜ਼ੀ ਨਾਲ ਫੜਦੀ ਹੈ। ਇਸ ਤੋਂ ਬਿਨਾਂ ਏਥੋਂ ਦੇ ਜੰਗਲਾਂ ਅਤੇ ਖ਼ਾਲੀ ਥਾਂਵਾਂ ਤੇ ਜ਼ਿਆਦਾਤਰ ਸਫ਼ੈਦੇ ਅਤੇ ਪਾਈਨ ਦੇ ਦਰਖ਼ਤ ਪਾਏ ਜਾਂਦੇ ਹਨ। ਮਾਹਿਰ ਮੰਨਦੇ ਹਨ ਕਿ ਇਹਨਾਂ ਦਰਖ਼ਤਾਂ ‘ਚ ਤੇਲ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਹ ਹਰੇ ਵੀ ਸੁੱਕਿਆਂ ਵਾਂਗ ਮੱਚਦੇ ਹਨ। ਇਹ ਅੱਗ ਕਈ ਵਾਰ ਸੂਰਜ ਦੀ ਜ਼ਿਆਦਾ ਤਪਸ਼ ਕਾਰਨ, ਬਿਜਲੀ ਦੇ ਸਪਾਰਕ ਕਾਰਨ, ਮਸ਼ੀਨਰੀ ਕਾਰਨ ਜਾਂ ਫੇਰ ਕਿਸੇ ਇਨਸਾਨ ਦੀ ਬੇਵਕੂਫ਼ੀ ਜਾਂ ਜਾਣ ਬੁੱਝ ਕੇ ਸੁੱਟੀ ਸਿਗਰਟ ਆਦਿ ਨਾਲ ਲਗਦੀ ਹੈ। ਹਾਦਸਾ ਤਾਂ ਕਦੋਂ ਵੀ ਤੇ ਕਿਤੇ ਵੀ ਹੋ ਸਕਦਾ ਹੈ ਪਰ ਜਦੋਂ ਜਾਣ ਬੁੱਝ ਕੇ ਕੋਈ ਗ਼ਲਤੀ ਕਰਦਾ ਹੈ ਤਾਂ ਤਕਲੀਫ਼ ਜ਼ਿਆਦਾ ਹੁੰਦੀ ਹੈ। ਜੇ ਕਰ ਪਿਛੋਕੜ ‘ਚ ਝਾਤ ਮਾਰੀ ਜਾਵੇ ਤਾਂ ਇਸ ਸਭਿਅਕ ਮੁਲਕ ‘ਚ ਵੀ ਅਸੱਭਿਅਕ ਤੇ ਸ਼ਰਾਰਤੀ ਲੋਕਾਂ ਦੀ ਕੋਈ ਘਾਟ ਨਹੀਂ ਦਿਸੀ। ਸ਼ਰਾਰਤੀ ਨਾਲੋਂ ਵੀ ਅਪਰਾਧਿਕ ਬਿਰਤੀ ਦੇ ਲੋਕ ਲਿਖਣਾ ਵਾਜਬ ਲੱਗਦਾ ਹੈ। ਪਹਿਲਾਂ ਕੁਝ ਕੁ ਹਾਦਸਿਆਂ ਪਿੱਛੇ ਮਛੋਹਰ ਮੱਤ ਦੇ ਮੁੰਡੇ ਕੁੜੀਆਂ ਦਾ ਹੱਥ ਸਾਬਿਤ ਹੋਇਆ ਸੀ। ਪਰ ਇਸ ਬਾਰ ਇਕ ਵੱਡੀ ਖ਼ਬਰ ਇਹ ਸਾਹਮਣੇ ਆ ਰਹੀ ਹੈ ਕਿ ਦੋ ਸੌ ਦੇ ਕਰੀਬ ਬੰਦਿਆਂ ਤੇ ਪੁਲਿਸ ਵੱਲੋਂ ਜਾਣਬੁੱਝ ਕੇ ਅੱਗ ਲਾਉਣ ਦਾ ਘਿਨੌਣਾ ਕਾਰਾ ਕਰਨ ਦਾ ਪਰਚਾ ਦਰਜ ਕੀਤਾ ਹੈ।

ਉਪਰਾਲੇ: ਆਸਟ੍ਰੇਲੀਆ ਦੀ ਵਿਸ਼ਾਲ ਭੂਗੋਲਿਕ ਰਚਨਾ ਸਰਕਾਰਾਂ ਲਈ ਇਕ ਵੱਡਾ ਚੈਲੰਜ ਰਿਹਾ ਹੈ। ਜਦੋਂ ਤੋਂ ਆਂਕੜੇ ਮਿਲਦੇ ਹਨ ਉਸ ਮੁਤਾਬਿਕ 1850 ‘ਚ ਵਿਕਟੋਰੀਆ ਸੂਬੇ ‘ਚ ਸੀ.ਐੱਫ.ਏ. (ਕੰਟਰੀ ਫਾਇਰ ਅਥਾਰਿਟੀ), 1859 ‘ਚ ਨਿਊ ਸਾਊਥ ਵੇਲਜ਼ ਅਤੇ ਕੁਈਨਜ਼ਲੈਂਡ ‘ਚ ਆਰ.ਐੱਫ. ਐੱਸ. (ਰੂਰਲ ਫਾਇਰ ਸਰਵਿਸਿਜ਼), 1913 ‘ਚ ਸਾਊਥ ਆਸਟ੍ਰੇਲੀਆ ‘ਚ ਸੀ.ਐੱਫ.ਐੱਸ. (ਕੰਟਰੀ ਫਾਇਰ ਸਰਵਿਸਿਜ਼) ਆਦਿ ਸੰਸਥਾਵਾਂ ਹੋਂਦ ‘ਚ ਆਈਆਂ ਸਨ ਤੇ ਜੋ ਅੱਜ ਤੱਕ ਹਰ ਸਾਲ ਇਸ ਆਫ਼ਤ ਨਾਲ ਜੂਝਦੀਆਂ ਆ ਰਹੀਆਂ ਹਨ।

ਆਪਣੇ ਸਲਾਨਾ ਬਜਟ ‘ਚ ਅੱਗਾਂ ਦੀ ਆਫ਼ਤ ਦੇ ਫ਼ੰਡ ‘ਚ ਕਟੌਤੀ ਕਰਕੇ ਅੱਜ ਦੀ ਸਰਕਾਰ ਦੀ ਕਿਰਕਰੀ ਹੋ ਰਹੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਵਿਚ ਗਰਮੀ ਦੇ ਮੌਸਮ ਵਿਚ ਕਿਤੇ ਵੀ ਅੱਗ ਲਾਉਣਾ ਗੈਰ ਕਾਨੂੰਨੀ ਹੈ। ਥਾਂ ਥਾਂ ਤੇ ਸਰਕਾਰ ਲਿਖਤੀ ਬੋਰਡ ਲਗਾ ਕੇ ਅਤੇ ਮੀਡੀਏ ਜ਼ਰੀਏ ਲੋਕਾਂ ਨੂੰ ਜਾਗ੍ਰਿਤ ਕਰਦੀ ਰਹਿੰਦੀ ਹੈ। ਇੱਥੋਂ ਤੱਕ ਕਿ ਸਿਆਲਾਂ ‘ਚ ਵੀ ਜਦੋਂ ਅਸੀਂ ਆਪਣੇ ਖੇਤਾਂ ਆਦਿ ਦੇ ਝਾੜ ਬੂਝ ਨੂੰ ਅੱਗ ਲਾਉਣੀ ਹੋਵੇ ਤਾਂ ਪਹਿਲਾਂ ਨੇੜੇ ਦੇ ਅੱਗ ਬੁਝਾਊ ਮਹਿਕਮੇ ਨੂੰ ਦੱਸਣਾ ਪੈਂਦਾ ਹੈ। ਤੁਸੀਂ ਕੋਈ ਵੀ ਇਹੋ ਜਿਹੀ ਚੀਜ਼ ਨਹੀਂ ਮਚਾ ਸਕਦੇ ਜਿਸ ਨਾਲ ਜ਼ਹਿਰੀਲਾ ਧੂੰਆਂ ਬਣਦਾ ਹੋਵੇ ਮਸਲਨ ਜ਼ਹਿਰੀਲੀਆਂ ਦਵਾਈਆਂ ਲੱਗੀ ਲੱਕੜ ਜਾ ਪਲਾਸਟਿਕ ਆਦਿ।

ਪਰ ਇਹ ਤਾਂ ਆਮ ਜਿਹੇ ਉਪਰਾਲੇ ਹਨ ਲੋਕਾਂ ਨੂੰ ਜਾਗਰੂਕ ਕਰਨ ਦੇ। ਇਸ ਸੰਬੰਧੀ ਅਸੀਂ ਬਹੁਤ ਸਾਰੇ ਜ਼ਿੰਮੇਵਾਰ ਲੋਕਾਂ ਨੂੰ ਸਵਾਲ ਕੀਤਾ ਕਿ “ਸਾਇੰਸ ਦੇ ਇਸ ਯੁੱਗ ‘ਚ ਅਸੀਂ ਬਹੁਤ ਕੁਝ ਖੋਜ ਲਿਆ ਹੈ ਪਰ ਆਸਟ੍ਰੇਲੀਆ ‘ਚ ਹਰ ਸਾਲ ਲਗਦੀਆਂ ਇਹਨਾਂ ਭਿਆਨਕ ਅੱਗਾਂ ਦਾ ਕੋਈ ਤੋੜ ਕਿਉਂ ਨਹੀਂ ਲੱਭਿਆ?” ਬਹੁਤਿਆਂ ਨੇ ਆਸਟ੍ਰੇਲੀਅਨ ਲੋਕਾਂ ਦੇ ਸੁਸਤ-ਪੁਣੇ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ। ਉਨਾਂ ਦਾ ਮੰਨਣਾ ਸੀ ਕਿ ਆਸਟ੍ਰੇਲੀਆ ਸਾਲ ਭਰ ਕੁਝ ਨਹੀਂ ਕਰਦਾ ਤੇ ਜਦੋਂ ਅੱਗਾਂ ਲੱਗਣ ਦੀ ਰੁੱਤ ਆ ਜਾਂਦੀ ਹੈ ਫੇਰ ਕੁਰਲਾਉਂਦਾ।

ਇੱਥੇ ਮੈਨੂੰ ਮੋਹੀ ਵਾਲੇ ਬਾਈ ਪਰਮਜੀਤ ਪੰਮੇ ਦੀ ਗੱਲ ਚੇਤੇ ਆ ਰਹੀ ਹੈ। 90 ਦੇ ਦਹਾਕੇ ਦੀ ਗੱਲ ਹੈ ਅਸੀਂ ਬਠਿੰਡੇ ਦੇ ਕੁਝ ਉੱਦਮੀ ਨੌਜਵਾਨਾਂ ਨੇ ਹੇਮਕੁੰਟ ਸਾਹਿਬ ਦੇ ਰਾਹ ‘ਚ ਪੈਂਦੇ ਕਸਬੇ ਚਮੋਲੀ ‘ਚ ਲੰਗਰ ਲਾਉਣਾ ਸ਼ੁਰੂ ਕੀਤਾ। ਦਿਨੇ ਸਾਰਾ ਦਿਨ ਲੰਗਰ ਦੀ ਸੇਵਾ ‘ਚ ਰੁੱਝੇ ਰਹਿਣਾ ਅਤੇ ਜਦੋਂ ਰਾਤ ਨੂੰ ਇਕ ਖੜੇ ਟਰੱਕ ‘ਚ ਸੌਂ ਜਾਣਾ, ਤਾਂ ਪਹਾੜੀ ਏਰੀਆ ਹੋਣ ਕਾਰਨ ਅੱਧੀ ਕੁ ਰਾਤ ਨੂੰ ਮੀਂਹ ਲਹਿ ਪੈਣਾ। ਫੇਰ ਸਾਰੇ ਏਧਰ-ਓਦਰ ਲੁਕਦੇ ਫਿਰਨਾ ਗਿੱਲੀਆਂ ਰਜਾਈਆਂ ਲੈ ਕੇ। ਫੇਰ ਪੰਮੇ ਬਾਈ ਨੇ ਕਹਿਣਾ ਕੱਲ ਨੂੰ ਆਪਾਂ ਸਭ ਤੋਂ ਪਹਿਲਾਂ ਛੱਤ ਦਾ ਇੰਤਜ਼ਾਮ ਕਰਾਂਗੇ ਤੇ ਨਾਲ ਹੀ ਕੋੜਕਿਰਲੇ ਦੀ ਬਾਤ ਸੁਣਾ ਦੇਣੀ ਕਿ ਕੋੜਕਿਰਲਾ ਹਰ ਰੋਜ਼ ਰਾਤ ਨੂੰ ਕੋੜਕਿਰਲੀ ਨਾਲ ਵਾਅਦਾ ਕਰ ਕੇ ਪੈਂਦਾ ਕਿ ਭਾਗਵਾਨੇ ਕੱਲ ਨੂੰ ਸਭ ਤੋਂ ਪਹਿਲਾਂ ਆਪਾਂ ਖੁੱਡ ਪੱਟਣ ਦਾ ਕੰਮ ਕਰਨਾ। ਪਰ ਸਾਰੀ ਉਮਰ ਇੰਝ ਹੀ ਗੁਜ਼ਾਰ ਲੈਂਦਾ। ਉਹੀ ਹਾਲ ਆਸਟ੍ਰੇਲੀਆ ਦਾ। ਆਸਟ੍ਰੇਲੀਆ ਦੇ ਬਜਟ ‘ਚ ਸੋਸ਼ਲ ਸਿਕਿਉਰਿਟੀ ਦੇ ਨਾਮ ਤੇ ਵਿਹਲਿਆਂ ਨੂੰ ਖੁਆਉਣ ਤੋਂ ਲੈ ਕੇ ਐੱਨ. ਬੀ.ਐੱਨ. ਜਿਹੇ ਚਿੱਟੇ ਹਾਥੀ ਪਤਾ ਨਹੀਂ ਕਿੰਨੇ ਕੁ ਬੰਨ ਰੱਖੇ ਹਨ? ਪਰ ਜਿਹੜੀ ਖੁੱਡ ਪੱਟਣ ਦੀ ਲੋੜ ਹੈ ਉਸ ਬਾਰੇ ਕਦੇ ਕੋਈ ਵਿਚਾਰ ਨਹੀਂ।

ਹਾਸੋ ਹੀਣੀ ਗੱਲ ਇਹ ਹੈ ਕਿ ਅੱਜ ਆਸਟ੍ਰੇਲੀਆ ਬੈਠਾ ਅਮਰੀਕਾ ਤੋਂ ਮਦਦ ‘ਚ ਆ ਰਹੇ ਅੱਗ ਬੁਝਾਉਣ ਵਾਲੇ ਹੈਲੀਕਾਪਟਰ ਉਡੀਕ ਰਿਹਾ ਹੈ।

ਉਪਰੋਕਤ ਸਵਾਲ ਜਦੋਂ ਮੈਂ ਕਿਸੇ ਸਿਆਸੀ ਬੰਦੇ ਨੂੰ ਪਾਏ ਤਾਂ ਉਨਾਂ ਉਹੀ ਦੋਸ਼-ਪਰਦੋਸ਼ ਦਾ ਰਾਜਨੀਤਕ ਬਿਆਨ ਦਿੱਤਾ ਲੇਬਰ ਕਹਿੰਦੀ ਲਿਬਰਲ ਮਾੜੇ, ਲਿਬਰਲ ਕਹਿੰਦੇ ਲੇਬਰ ਮਾੜੀ ਤੇ ਦੋਨੋਂ ਰਲ ਕੇ ਕਹਿੰਦੇ ਗਰੀਨ ਪਾਰਟੀ ਵਾਲੇ ਮਾੜੇ। ਪਰ ਆਮ ਜਨਤਾ ਨੂੰ ਪਤਾ ਹੀ ਹੈ ਕਿ ਤੁਹਾਡੇ ‘ਚੋਂ ਦੁੱਧ ਧੋਤਾ ਕੋਈ ਵੀ ਨਹੀਂ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਜਦੋਂ ਜ਼ਮੀਨੀ ਪੱਧਰ ਤੇ ਆਪ ਪੀੜਤਾਂ ਨੂੰ ਮਿਲਣ ਗਏ ਤਾਂ ਮੋਹਰੋਂ ਪੀੜਤ ਪੈ ਗਏ ਕਹਿੰਦੇ ਤੁਹਾਨੂੰ ਸਿਰਫ਼ ਸ਼ਹਿਰਾਂ ਵਾਲੇ ਦਿਸਦੇ ਹਨ, ਤੁਸੀਂ ਸਾਡੀ ਪਿੰਡਾਂ ਵਾਲਿਆਂ ਦੀ ਸਾਰ ਨਹੀਂ ਲੈਂਦੇ। ਜਦੋਂ ਮੈਂ ਗਰੀਨ ਵਾਲੇ ਬਾਈ ਨਵਦੀਪ ਨੂੰ ਪੁੱਛਿਆ ਤਾਂ ਉਹ ਕਹਿੰਦੇ ਅਸੀਂ ਤਾਂ ਕਦੋਂ ਦੇ ਕੁਰਲਾਉਂਦੇ ਹਾਂ ਕੀ ਇਸ ਦਾ ਪੱਕਾ ਹੱਲ ਕੱਢ ਲਵੋ ਪਰ ਸਾਡੀ ਸੁਣਦੇ ਨਹੀਂ। ਉਨਾਂ ਦੀ ਦਲੀਲ ਹੈ ਕਿ ਜਿੰਨੇ ਦਰਖ਼ਤ ਆਸਟ੍ਰੇਲੀਆ ‘ਚ ਕੱਟੇ ਜਾਂਦੇ ਹਨ ਓਨੇ ਕਿਤੇ ਵੀ ਨਹੀਂ, ਜਿਸ ਦਾ ਨਤੀਜਾ ਤੁਸੀਂ ਦੇਖ ਲਵੋ ਮੀਂਹ ਵਾਲੇ ਜੰਗਲਾਂ (ਰੇਨ ਫਾਰੈਸਟ) ‘ਚ ਕਦੇ ਅੱਗਾਂ ਲਗਦੀਆਂ ਨਹੀਂ ਸੁਣੀਆਂ ਸਨ ਪਰ ਆਸਟ੍ਰੇਲੀਆ ‘ਚ ਇਹ ਵੀ ਮੱਚ ਰਹੇ ਹਨ।

ਬਹੁਤ ਕੁਝ ਲਿਖਿਆ ਜਾ ਸਕਦਾ ਹੈ ਇਸ ਵਿਸ਼ੇ ਤੇ ਪਰ ਸਮਾਪਤੀ ਤੋਂ ਪਹਿਲਾਂ ਜੇ ਇਕ ਰਾਹਤ ਅਤੇ ਮਾਣ ਕਰਨ ਵਾਲੀ ਗੱਲ ਲਿਖਾਂ ਤਾਂ ਉਹ ਇਹ ਹੈ ਕਿ ਆਸਟ੍ਰੇਲੀਆ ਦੇ ਹਰ ਛੋਟੇ ਵੱਡੇ ਇਨਸਾਨ ਵੱਲੋਂ ਕੀਤੀਆਂ ਜਾ ਰਹੀਆਂ ਨਿੱਜੀ ਕੋਸ਼ਿਸ਼ਾਂ। ਜਿੱਥੇ ਹਰ ਪਾਸੇ ਅੱਗਾਂ ਲੱਗਣ ਦੀਆਂ ਮਾੜੀਆਂ ਖ਼ਬਰਾਂ ਹਰ ਪਲ ਆ ਰਹੀਆਂ ਹਨ ਉੱਥੇ ਆਸਟ੍ਰੇਲੀਆ ਦਾ ਬੱਚਾ-ਬੱਚਾ ਰਾਹਤ ਕਾਰਜਾਂ ‘ਚ ਕਿਸੇ ਨਾ ਕਿਸੇ ਰੂਪ ‘ਚ ਆਪਣਾ ਯੋਗਦਾਨ ਪਾ ਰਿਹਾ ਹੈ। ਜਾਂਦੇ-ਜਾਂਦੇ ਇਕ ਆਸਟ੍ਰੇਲੀਅਨ ਹੋਣ ਦੇ ਨਾਤੇ ਉਨਾਂ ਦੇਸ਼ ਵਿਦੇਸ਼ ਬੈਠੀਆਂ ਸਾਰੀਆਂ ਰੂਹਾਂ ਦਾ ਧੰਨਵਾਦ ਕਰਨਾ ਆਪਣਾ ਫ਼ਰਜ਼ ਸਮਝਦਾ ਹਾਂ ਜਿਨਾਂ ਨੇ ਅਸਟਰੇਲੀਆ ਦੇ ਇਸ ਮੁਸ਼ਕਿਲ ਵਕਤ ‘ਚ ਕਿਸੇ ਨਾ ਕਿਸੇ ਰੂਪ ‘ਚ ਸਾਥ ਦੇ ਕੇ ਹਾਅ ਦਾ ਨਾਅਰਾ ਮਾਰਿਆ। ਲੇਖ ਦੇ ਅੰਤ ‘ਚ ਸਰਕਾਰੀ ਕੋੜਕਿਰਲੇ ਤੋਂ ਉਮੀਦ ਕਰਦਾ ਹਾਂ ਕਿ ਅਗਲੀ ਬਾਰ ਦੀਆਂ ਕੁਦਰਤੀ ਆਫ਼ਤਾਂ ਆਉਣ ਤੋਂ ਪਹਿਲਾਂ-ਪਹਿਲਾਂ ਉਹ ਆਪਣੀ ਖੁੱਡ ਜ਼ਰੂਰ ਪੁੱਟ ਲਵੇਗਾ।

# ਜਾਦੂ ਟੂਣਿਆਂ ਦਾ ਚੱਕਰਵਿਊ

**- ਗੁਰਸ਼ਰਨ ਕੌਰ ਮੋਗਾ**

ਦੋ ਕੁ ਮਹੀਨੇ ਦੀ ਗੱਲ ਹੈ। ਅਸੀਂ ਗੱਡੀ ਰਾਹੀਂ ਮੋਗੇ ਤੋਂ ਚੰਡੀਗੜ ਜਾ ਰਹੇ ਸਾਂ। ਚਾਰ ਲਾਈਨ ਸੜਕ 'ਤੇ ਵਾਹਨ ਤੇਜ਼ੀ ਨਾਲ ਆਪਣੀ ਮੰਜ਼ਿਲ ਵੱਲ ਵਧ ਰਹੇ ਸਨ। ਇੱਕ ਇੱਕ ਲਾਈਨ ਵਿੱਚ ਅੱਠ ਜਾਂ ਦੱਸ ਗੱਡੀਆਂ ਦੌੜ ਰਹੀਆਂ ਸਨ। ਨੀਲੋਂ ਦੇ ਪੁਲ ਕੋਲ ਪਹੁੰਚ ਕੇ ਸਭ ਤੋਂ ਮੋਹਰਲੀ ਗੱਡੀ ਦੇ ਡਰਾਈਵਰ ਨੇ ਥੋੜਾ ਜਿਹਾ ਪਾਸੇ ਕਰ ਕੇ ਗੱਡੀ ਰੋਕੀ ਅਤੇ ਫਟਾਫਟ ਤਾਕੀ ਖੋਲ ਕੇ ਪਿੱਛੇ ਆਉਂਦੀਆਂ ਗੱਡੀਆਂ ਵੱਲੋਂ ਬੇਧਿਆਨਾ ਹੋ ਕੇ ਉੱਤਰਨ ਲੱਗਾ। ਪਿੱਛੇ ਆ ਰਹੇ ਸਾਰੇ ਵਾਹਨ ਮਸਾਂ ਸੰਭਲੇ। ਉਸ ਗੱਡੀ ਵਿੱਚੋਂ ਇੱਕ ਔਰਤ ਹੱਥ ਵਿੱਚ ਲਾਲ ਰੰਗ ਦੀ ਪੋਟਲੀ ਲੈ ਕੇ ਬਾਹਰ ਨਿੱਕਲੀ ਅਤੇ ਦੋਵੇਂ ਜਣੇ ਪੋਟਲੀ ਵਿਚਲਾ ਸਮਾਨ ਨਹਿਰ ਵਿੱਚ ਸੁੱਟਣ ਲੱਗੇ। ਬਾਅਦ ਵਿੱਚ ਲਾਲ ਕੱਪੜਾ ਵੀ ਉਨਾਂ ਸੁੱਟ ਦਿੱਤਾ। ਨਹਿਰ ਦਾ ਮਣਾਂ ਮੂੰਹੀਂ ਪਾਣੀ ਸਭ ਕੁਝ ਆਪਣੇ ਨਾਲ ਲੈ ਤੁਰਿਆ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਜੋੜਾ ਨੌਜਵਾਨ ਸੀ ਅਤੇ ਪੜਿਆ ਲਿਖਿਆ ਵੀ ਜਾਪਦਾ ਸੀ। ਆਪਣੇ ਬੇਟੇ ਨੂੰ ਗੱਡੀ ਆਰਾਮ ਨਾਲ ਚਲਾਉਣ ਦੀ ਨਸੀਹਤ ਦੇ ਕੇ ਮੈਂ ਆਪਣੇ ਅਤੀਤ ਵਿੱਚ ਗੁਆਚ ਗਈ।

ਸਾਡੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਮੈਂ ਤੀਜੀ ਜਮਾਤ ਦੀ ਵਿਦਿਆਰਥਣ ਹੋਵਾਂਗੀ। ਸਾਡਾ ਸਕੂਲ ਮੁਸਲਮਾਨਾਂ ਦੇ ਕਬਰਿਸਤਾਨ ਉੱਤੇ ਬਣਾਇਆ ਹੋਇਆ ਸੀ, ਵਡੇਰਿਆਂ ਨੇ ਸਾਨੂੰ ਇਹੀ ਦੱਸਿਆ ਸੀ। ਸਕੂਲ ਬੜਾ ਖੁੱਲਾ ਡੁੱਲਾ ਸੀ ਅਤੇ ਇਮਾਰਤ ਤੋਂ ਥੋੜਾ ਜਿਹਾ ਅੱਗੇ ਕਿਆਰੀਆਂ ਬਣਾ ਕੇ ਬੜੇ ਸੁੰਦਰ ਫੁੱਲ ਬੂਟੇ ਲਾਏ ਹੁੰਦੇ ਸਨ। ਅੱਧੀਆਂ ਕਿਆਰੀਆਂ ਵਿੱਚ ਸਬਜੀਆਂ ਵੀ ਬੀਜੀਆਂ ਹੁੰਦੀਆਂ ਸਨ। ਖੇਡ ਦੇ ਮੈਦਾਨ ਤੋਂ ਪਰੇ ਵੀ ਕੁਝ ਕਬਰਾਂ ਸਨ ਜਿੱਥੇ ਪਿੰਡ ਵਿੱਚ ਵਸਦਾ ਮੁਸਲਮਾਨ ਭਾਈਚਾਰਾ ਆਪਣੇ ਮੁਰਦੇ ਦਫਨਾਉਂਦਾ ਸੀ। ਇਨਾਂ ਕਬਰਾਂ ਉੱਪਰ ਮਲੇ ਉੱਗੇ ਹੋਏ ਸਨ। ਬੇਰਾਂ ਦੀ ਰੁੱਤੇ ਇਨਾਂ ਮਲਿਆਂ ਨੂੰ ਬੇਰ ਲੱਗਦੇ। ਇੱਥੇ ਜਾਣ ਦੀ ਵਿਦਿਆਰਥੀਆਂ ਨੂੰ ਮਨਾਹੀ ਸੀ ਪਰ ਕੁਝ ਸ਼ਰਾਰਤੀ ਬੱਚੇ ਅਧਿਆਪਕਾਂ ਦੀਆਂ ਨਜ਼ਰਾਂ ਤੋਂ ਬਚ ਕੇ ਅੱਧੀ ਛੁੱਟੀ ਵੇਲੇ ਬੇਰ ਤੋੜ ਕੇ ਖਾਂਦੇ। ਸਾਰੇ ਵਿਦਿਆਰਥੀਆਂ ਦੇ ਘਰਦਿਆਂ ਨੇ ਅਧਿਆਪਕਾਂ ਨੂੰ ਤਾਕੀਦ ਕੀਤੀ ਹੋਈ ਸੀ ਕਿ ਉਹ ਸਾਨੂੰ ਕਬਰਾਂ ਦੇ ਮਲਿਆਂ ਤੋਂ ਬੇਰ ਤੋੜ ਕੇ ਨਾ ਖਾਣ ਦੇਣ। ਖ਼ਾਸ ਕਰਕੇ ਹਸਨੇ ਦੀ ਕਬਰ 'ਤੇ ਉੱਗੀ ਬੇਰੀ ਦੇ ਤਾਂ ਬਿਲਕੁਲ ਵੀ ਨਹੀਂ ਕਿਉਂਕਿ ਹਸਨਾ ਔਤ ਮਰਿਆ ਸੀ। ਬੱਚਿਆਂ ਨੂੰ ਹਸਨੇ ਦਾ ਭੂਤ ਚਿੰਬੜ ਜਾਵੇਗਾ। ਅਧਿਆਪਕ ਪਿੰਡ ਦੇ ਲੋਕਾਂ ਨੂੰ ਹੂੰ ਹਾਂ ਕਰ ਛੱਡਦੇ। ਸਵੇਰ ਦੀ ਸਭਾ ਵਿੱਚ ਚਿਤਾਵਨੀ ਵੀ ਦੇ ਦਿੰਦੇ ਕਿ ਕੋਈ ਬੱਚਾ ਕਬਰਾਂ ਦੀਆਂ ਬੇਰੀਆਂ ਤੋਂ ਬੇਰ ਤੋੜ ਕੇ ਨਹੀਂ ਖਾਵੇਗਾ, ਹਸਨੇ ਦੀ ਕਬਰ ਵਾਲੀ ਬੇਰੀ ਦੇ ਤਾਂ ਨੇੜੇ ਵੀ ਨਹੀਂ ਜਾਵੇਗਾ ਕਿਉਂਕਿ ਉਸ ਦੇ ਬੇਰ ਗਲਘੋਟੂ ਹਨ, ਖਾ ਕੇ ਬਿਮਾਰ ਹੋ ਜਾਉਂਗੇ।

ਪਰ ਬੱਚਿਆਂ ਨੂੰ ਹਸਨੇ ਦੀ ਕਬਰ ਵਾਲੀ ਬੇਰੀ ਦੇ ਬੇਰ ਸੁਆਦ ਲੱਗਦੇ ਸਨ। ਉਹ ਕਿਵੇਂ ਨਾ ਕਿਵੇਂ ਉਸੇ ਬੇਰੀ ਤੋਂ ਬੇਰ ਤੋੜ ਕੇ ਲਿਆਉਂਦੇ ਅਤੇ ਸਾਰੀ ਜਮਾਤ ਨਾਲ ਵੰਡ ਕੇ ਖਾਂਦੇ। ਇਸ ਤਰਾਂ ਵੰਡ ਕੇ ਖਾਣ ਨਾਲ ਏਕਾ ਉਪਜਦਾ ਅਤੇ ਕੋਈ ਵੀ ਘਰ ਜਾ ਕੇ ਬੇਰ ਖਾਣ ਦੀ ਗੱਲ ਨਾ ਦੱਸਦਾ। ਆਪਣੀ ਦਾਦੀ ਦੀ ਨਸੀਹਤ ਦੇ ਬਾਵਜੂਦ ਆਪਣੇ ਹਿੱਸੇ ਆਏ ਬੇਰ ਮੈਂ ਵੀ ਡਰਦੀ ਡਰਦੀ ਖਾ ਲੈਂਦੀ। ਬੇਰ ਸੱਚੀਂ



ਹੀ ਸੁਆਦ ਹੁੰਦੇ ਸਨ। ਕਦੇ ਵੀ ਕੋਈ ਵਿਦਿਆਰਥੀ ਬੇਰ ਖਾ ਕੇ ਬਿਮਾਰ ਨਹੀਂ ਸੀ ਹੋਇਆ। ਬੇਰ ਤੋੜਨ ਵਾਲੇ ਬੱਚੇ ਹੱਸ ਹੱਸ ਕੇ ਕਹਿੰਦੇ - ਹਸਨਾ ਨਿਆਣਿਆਂ ਨੂੰ ਕੁਝ ਨਹੀਂ ਕਹਿੰਦਾ ਪਰ ਵੱਡਿਆਂ ਨੂੰ ਬੇਰੀ ਨੂੰ ਹੱਥ ਵੀ ਨਹੀਂ ਲਾਉਣ ਦਿੰਦਾ। ਅਧਿਆਪਕ ਵੀ ਆਪਸ ਵਿੱਚ ਗੱਲਾਂ ਕਰਦੇ ਹੋਏ ਕਹਿੰਦੇ - ਇਸ ਪਿੰਡ ਦੇ ਲੋਕ ਬੜੇ ਵਹਿਮੀ ਹਨ। ਇੱਥੇ ਆਪਣੇ ਕੋਲ ਚਾਰ ਸੌ ਬੱਚੇ ਅਤੇ ਦਸ ਬਾਰਾਂ ਜਣੇ ਆਪਾਂ ਸਾਰਾ ਦਿਨ ਸਕੂਲ ਵਿੱਚ ਹੀ ਰਹਿੰਦੇ ਹਾਂ, ਕੋਈ ਭੂਤ ਪ੍ਰੇਤ ਥੱਲਿਓਂ ਕਬਰਾਂ ਵਿੱਚੋਂ ਨਿਕਲ ਕੇ ਨਹੀਂ ਚਿੰਬੜਿਆ ਕਿਸੇ ਨੂੰ, ਫੇਰ ਬੇਰੀਆਂ ਵਿੱਚ ਕਿਹੜੇ ਭੂਤਨੇ ਤੁਰੇ ਫਿਰਦੇ ਆ ? ਇਹ ਗੱਲ ਸੁਣ ਕੇ ਬੱਚੇ ਵੀ ਖ਼ੁਸ਼ ਹੋ ਜਾਂਦੇ।

ਦੂਜੀ ਗੱਲ ਸਾਡੇ ਘਰ ਮੱਝਾਂ ਚਰਾਉਣ ਵਾਲੇ ਪਾਲੀ ਮੁੰਡੇ ਤਾਰੇ ਨਾਲ ਸਬੰਧਤ ਹੈ। ਉਹ ਨੌਂ ਦਸ ਸਾਲਾਂ ਦਾ ਸਿਹਤ ਪੱਖੋਂ ਤਕੜਾ ਅਤੇ ਨਿਡਰ ਮੁੰਡਾ ਸੀ। ਸਾਡਾ ਪਿੰਡ ਬਠਿੰਡਾ ਬਰਾਂਚ ਨਹਿਰ ਦੇ ਕਿਨਾਰੇ ਵਸਿਆ ਹੋਣ ਕਰਕੇ ਪਿੰਡ ਦੇ ਲੋਕ ਨਹਿਰ ਵਿੱਚ ਹੀ ਆਪਣੇ ਪਸ਼ੂਆਂ ਨੂੰ ਪਾਣੀ ਪਿਲਾਉਣ ਅਤੇ ਨਹਾਉਣ ਲਈ ਲੈ ਕੇ ਜਾਂਦੇ ਸਨ। ਤਾਰਾ ਵੀ ਮੱਝਾਂ ਨੂੰ ਉੱਥੇ ਹੀ ਲੈ ਕੇ ਜਾਂਦਾ। ਆਪਣੇ ਹਮ ਉਮਰ ਪਾਲੀਆਂ ਨਾਲ ਉਹ ਵੀ ਨਹਿਰ ਵਿੱਚ ਪਸ਼ੂਆਂ ਨੂੰ ਛੱਡ ਕੇ ਆਪ ਵੀ ਤਾਰੀਆਂ ਲਾਉਂਦਾ। ਇੱਕ ਦਿਨ ਉਹ ਮੱਝਾਂ ਨੂੰ ਨੁਹਾ ਕੇ ਲਿਆਇਆ ਤਾਂ ਉਸ ਨੇ ਆਪਣੇ ਝੋਲੇ ਵਿੱਚੋਂ ਲਾਲ ਅਤੇ ਹਰੇ ਰੰਗ ਦੀਆਂ ਚੂੜੀਆਂ ਕੱਢ ਕੇ ਸਾਨੂੰ ਦਿਖਾਈਆਂ। ਮੈਂ ਉਦੋਂ ਸੱਤਵੀਂ ਜਮਾਤ ਵਿੱਚ ਪੜਦੀ ਸਾਂ ਅਤੇ ਆਪਣੀਆਂ ਚਾਰ ਪੰਜ ਸਹੇਲੀਆਂ ਨਾਲ ਆਪਣੇ ਘਰ ਦੇ ਇੱਕ ਕਮਰੇ ਵਿੱਚ ਬੈਠੀ ਸਕੂਲ ਦਾ ਕੰਮ ਕਰ ਰਹੀ ਸੀ। ਤਾਰੇ ਨੇ ਦੱਸਿਆ ਕਿ ਉਸ ਨੇ ਇਹ ਚੂੜੀਆਂ, ਇੱਕ ਨਾਰੀਅਲ ਅਤੇ ਹੋਰ ਨਿੱਕ ਸੁੱਕ ਨਹਿਰ ਵਿੱਚੋਂ ਕੱਪੜੇ ਵਿੱਚ ਬੱਧਾ ਹੋਇਆ ਕੱਢਿਆ ਹੈ। ਨਾਰੀਅਲ ਅਤੇ ਚੂੜੀਆਂ ਕੱਢ ਕੇ ਬਾਕੀ ਸਭ ਕੁਝ ਫੇਰ ਉਸਨੇ ਨਹਿਰ ਵਿੱਚ ਰੋੜ ਦਿੱਤਾ।

ਨਾਰੀਅਲ ਅਸੀਂ ਭੰਨ ਕੇ ਖਾ ਲਿਆ। ਆਹ ਚੂੜੀਆਂ ਮੈਂ ਆਪਣੀ ਭੈਣ ਛਿੰਦੋ ਨੂੰ ਦੇਵਾਂਗਾ। ਉਹ ਮਾਘੀ ਦੇ ਮੇਲੇ ਵੇਲੇ ਵੰਗਾਂ ਚੜਾਉਣ ਨੂੰ ਕਹਿੰਦੀ ਸੀ ਪਰ ਮੇਰੀ ਬੇਬੇ ਨੇ ਉਸ ਨੂੰ ਪਵਾ ਕੇ ਨਹੀਂ ਦਿੱਤੀਆਂ ਸਨ। ਜੇ ਭੈਣੇ ਤੁਸੀਂ ਪਾਉਣੀਆਂ ਤਾਂ ਤੁਸੀਂ ਪਾ ਲਵੋ।' ਤਾਰਾ ਗੰਭੀਰ ਜਿਹਾ ਹੋ ਕੇ ਕਹਿਣ ਲੱਗਾ।

ਅਸੀਂ ਚੂੜੀਆਂ ਫੜ ਕੇ ਦੇਖੀਆਂ। ਇੱਕ ਦੋ ਮੇਰੀਆਂ ਸਹੇਲੀਆਂ ਹੱਥਾਂ ਵਿੱਚ ਪਾ ਕੇ ਛਣਕਾਉਣ ਵੀ ਲੱਗ ਪਈਆਂ। ਫਿਰ ਯਾਦ ਆਇਆ, ਕੱਲ ਨੂੰ ਸਕੂਲ ਜਾਣਾ ਹੈ ਅਤੇ ਸਕੂਲ ਵਿੱਚ ਚੂੜੀਆਂ ਪਾਉਣ ਤੋਂ ਮਨਾ ਕੀਤਾ ਹੋਇਆ ਹੈ। ਨਾਲੇ ਇਹ ਤਾਰੇ ਨੇ ਆਪਣੀ ਭੈਣ ਵਾਸਤੇ ਲਿਆਂਦੀਆਂ ਹਨ, ਇਸ ਲਈ ਇਹ ਛਿੰਦੋ ਨੂੰ ਹੀ ਮਿਲਣੀਆਂ ਚਾਹੀਦੀਆਂ ਹਨ। ਅਸੀਂ ਚੂੜੀਆਂ ਤਾਰੇ ਨੂੰ ਦੇ ਦਿੱਤੀਆਂ।

ਆਪਣੇ ਘਰ ਜਾ ਕੇ ਤਾਰੇ ਨੇ ਚਾਈਂ ਚਾਈਂ ਛਿੰਦੋ ਨੂੰ ਚੂੜੀਆਂ ਪਵਾ ਦਿੱਤੀਆਂ। ਕਾਫੀ ਹਨੇਰੇ ਜਿਹੇ ਤਾਰੇ ਦੀ ਮਾਂ ਹਫਦੀ ਹੋਈ ਸਾਡੇ ਘਰ ਆਈ ਅਤੇ ਘਰਦਿਆਂ ਨੂੰ ਕਹਿਣ ਲੱਗੀ. ਤੁਹਾਡੇ ਬੱਚਿਆਂ ਨੇ ਟੂਣੇ ਦੀਆਂ ਚੀਜ਼ਾਂ ਨੂੰ ਹੱਥ ਲਾ ਲਏ ਹਨ। ਹੁਣੇ ਕੋਈ ਓਹੜ ਪੋਹੜ ਕਰ ਲਵੋ।' ਉਸ ਨੇ ਇਹ ਵੀ ਦੱਸਿਆ ਕਿ ਉਸ ਨੇ ਆਪਣੇ ਤਾਰੇ ਨੂੰ ਚੰਗਾ ਫੈਂਟਾ ਚਾੜਿਆ ਹੈ ਅਤੇ ਛਿੰਦੋ ਤੋਂ ਚੂੜੀਆਂ ਲੁਹਾ ਕੇ ਬਾਹਰ ਸੁੱਟ ਦਿੱਤੀਆਂ ਹਨ।

ਤਾਰੇ ਦੀ ਮਾਂ ਸਹਿਮੀ ਖੜੀ ਸੀ ਪਰ ਸਾਨੂੰ ਬੱਚਿਆਂ ਨੂੰ ਪਤਾ ਸੀ ਕਿ ਤਾਰਾ ਪਹਿਲਾਂ ਵੀ ਨਹਿਰ ਵਿੱਚੋਂ ਨਾਰੀਅਲ ਕੱਢ ਕੇ ਖਾਂਦਾ ਰਿਹਾ ਸੀ, ਉਸ ਨੂੰ ਕਦੇ ਕੁਝ ਨਹੀਂ ਹੋਇਆ ਅਤੇ ਚੂੜੀਆਂ ਮੇਰੀਆਂ ਸਾਰੀਆਂ ਸਹੇਲੀਆਂ ਨੇ ਪਾ ਕੇ ਦੇਖੀਆਂ ਸਨ, ਉਹ ਵੀ ਸਹੀ ਸਲਾਮਤ ਹਨ। ਉਸ ਦੇ ਘਰ ਜਾਣ ਤੋਂ ਬਾਅਦ ਅਸੀਂ ਘਰਦਿਆਂ ਨੂੰ ਸਾਰੀ ਕਹਾਣੀ ਦੱਸ ਦਿੱਤੀ। ਠੰਢ ਦੀ ਰੁੱਤ ਵਿੱਚ ਸਾਨੂੰ ਬੱਚਿਆਂ ਨੂੰ ਉਸੇ ਵੇਲੇ ਨੁਹਾਉਣ ਦਾ ਹੁਕਮ ਮਿਲਿਆ ਜੋ ਸਾਨੂੰ ਨਾ ਚਾਹੁੰਦੇ ਵੀ ਪੂਰਾ ਕਰਨਾ ਪਿਆ, ਜਦੋਂ ਕਿ ਸਾਡਾ ਵਿਸ਼ਵਾਸ ਮਹਾਨ ਵਿਗਿਆਨੀ ਗਲੇਲਿਓ ਜਿੰਨਾ ਪੱਕਾ ਸੀ ਕਿ ਟੂਣੇ ਨਾਲ ਕੁਝ ਨਹੀਂ ਹੁੰਦਾ।

# ਆਰ ਐਸ ਐਸ ਜਾਤ-ਪਾਤ ਨੂੰ ਨਹੀਂ ਮੰਨਦੀ ?

## ਸੰਘ ਪਰਿਵਾਰ ਕਦੇ ਵੀ ਮਨੂ ਸਿਮਰਤੀਆਂ ਤੇ ਵੇਦਾਂ ਦਾ ਵਿਰੋਧ ਨਹੀਂ ਕਰੇਗਾ

**- ਪ੍ਰੋ. ਬਲਵਿੰਦਰਪਾਲ ਸਿੰਘ**

ਆਰਐੱਸਐੱਸ ਦੇ ਮੁਖੀ ਮੋਹਨ ਭਾਗਵਤ ਨੇ ਬੀਤੇ ਦਿਨੀਂ ਰੁਹੇਲਖੰਡ ਯੂਨੀਵਰਸਿਟੀ ਵਿਚ ਗੱਪ ਮਾਰਦਿਆਂ ਕਿਹਾ ਕਿ ਆਰ ਐਸ ਐਸ ਜਾਤ-ਪਾਤ ਨੂੰ ਨਹੀਂ ਮੰਨਦੀ। ਭਾਗਵਤ ਨੇ ਕਿਹਾ ਕਿ ਦੇਸ਼ ਸੰਵਿਧਾਨ ਦੀ ਵਿਵਸਥਾ ਨਾਲ ਚੱਲਦਾ ਹੈ। ਆਰਐੱਸਐੱਸ ਮੁਖੀ ਮੋਹਨ ਭਾਗਵਤ ਨੇ ਸੰਗੋਸ਼ਠੀ ਵਿਚ 'ਹਿੰਦੂਤਵ' ਦਾ ਅਰਥ ਦੱਸਿਆ। ਉਨਾਂ ਨੇ ਸੰਵਿਧਾਨ ਦਾ ਹਵਾਲਾ ਦੇ ਕੇ ਇਸ ਨੂੰ ਸਮਝਾਇਆ। ਮੋਹਨ ਭਾਗਵਤ ਨੇ ਕਿਹਾ ਕਿ ਸੰਵਿਧਾਨ ਵਿਚ ਸਾਨੂੰ ਭਾਵਨਾਤਮਕ ਏਕੀਕਰਨ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ, ਪਰ ਭਾਵਨਾ ਕੀ ਹੈ ? ਭਾਵਨਾ ਉਹ ਹੈ ਕਿ ਇਹ ਦੇਸ਼ ਸਾਡਾ ਹੈ, ਅਸੀਂ ਆਪਣੇ ਮਹਾਨ ਪੁਰਖਾਂ ਦੇ ਵੰਸ਼ ਹਾਂ ਤੇ ਸਾਨੂੰ ਆਪਣੀ ਵਿਵਧਤਾ ਦੇ ਬਾਵਜੂਦ ਇਕ ਨਾਲ ਰਹਿਣਾ ਹੋਵੇਗਾ। ਇਸ ਨਾਲ ਹੀ ਅਸੀਂ ਹਿੰਦੂਤਵ ਕਹਿਲਾਉਂਦੇ ਹਾਂ।' ਉਨਾਂ ਕਿਹਾ ਕਿ ਜਦੋਂ ਆਰਐੱਸਐੱਸ ਦੇ ਵਰਕਰ ਕਹਿੰਦੇ ਹਨ ਕਿ ਇਹ ਦੇਸ਼ ਹਿੰਦੂਆਂ ਦਾ ਹੈ ਤੇ 130 ਕਰੋੜ ਲੋਕ ਹਿੰਦੂ ਹਨ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਕਿਸੇ ਦਾ ਧਰਮ, ਭਾਸ਼ਾ ਜਾਂ ਜਾਤੀ ਬਦਲਣਾ ਚਾਹੁੰਦੇ ਹਾਂ। ਅਸੀਂ ਤਾਂ ਕਿਸੇ ਵੀ ਕੀਮਤ 'ਤੇ ਸ਼ਕਤੀ ਦਾ ਕੇਂਦਰ ਨਹੀਂ ਹੋਣਾ ਚਾਹੁੰਦੇ ਹਾਂ। ਅਸੀਂ ਸਿਰਫ਼ ਸੰਵਿਧਾਨ 'ਤੇ ਵਿਸ਼ਵਾਸ ਕਰਦੇ ਹਾਂ ਤੇ ਇਸ ਤੋਂ ਇਲਾਵਾ ਕੁਝ ਵੀ ਨਹੀਂ ਹੈ।

ਜੇਕਰ ਭਾਗਵਤ ਦਾ ਬਿਆਨਾਂ ਦਾ ਆਲੋਚਨਾਤਮਕ ਅਧਿਐਨ ਕਰੀਏ ਤਾਂ ਦੱਸਣਾ ਬਣਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਕਪਤਾਨੀ ਹੇਠ ਭਾਜਪਾ ਤੇ ਸੰਘ-ਪਰਿਵਾਰ ਹਿੰਦੂ ਰਾਸ਼ਟਰਵਾਦ ਉਸਾਰਨ ਦੀ ਖੇਡ ਵਿੱਚ ਸਭ ਤੋਂ ਵੱਧ ਸਰਗਰਮ ਹੈ। ਤੁਹਾਨੂੰ ਯਾਦ ਕਰਵਾ ਦੇਣਾ ਚਾਹੁੰਦੇ ਹਾਂ ਕਿ 1947 ਤੋਂ ਬਾਅਦ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਜਾਤਪਾਤ ਵਿਰੋਧੀ ਦਲਿਤ ਲਹਿਰ ਦੇ ਸਿਆਸੀ-ਸਿਧਾਂਤਕ ਰਹਿਬਰ ਬਾਬਾ ਸਾਹਿਬ ਅੰਬੇਡਕਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ ਅਤੇ 1947 ਤੋਂ 1951 ਤੱਕ ਇਸ ਅਹੁਦੇ 'ਤੇ ਰਹੇ। ਇਸ ਤੋਂ ਇਲਾਵਾ ਉਹ ਵਿਧਾਨ-ਘੜਨੀ ਅਸੈਂਬਲੀ ਦੇ ਮੈਂਬਰ ਅਤੇ ਸੰਵਿਧਾਨ ਤਿਆਰੀ ਕਮੇਟੀ ਦੇ ਚੇਅਰਮੈਨ ਜਿਹੇ ਵੱਕਾਰੀ ਅਹੁਦੇ 'ਤੇ ਵੀ ਰਹੇ।

ਦਲਿਤ ਸਮਾਜ ਮੋਟੇ ਤੌਰ 'ਤੇ ਭਾਰਤੀ ਵਸੋਂ ਦਾ ਲਗਭਗ 30 ਫੀਸਦੀ ਭਾਗ ਬਣਦਾ ਹੈ। ਆਜ਼ਾਦੀ ਤੋਂ ਬਾਅਦ ਲੰਮਾ ਸਮਾਂ ਦਲਿਤ ਭਾਈਚਾਰਾ ਦੇਸ਼ ਦੇ ਕਾਫ਼ੀ ਵੱਡੇ ਹਿੱਸੇ ਵਿਚ ਕਾਂਗਰਸ ਦਾ ਸੁਰੱਖਿਅਤ ਵੋਟ ਬੈਂਕ ਬਣਿਆ ਰਿਹਾ।



ਬਹੁਜਨ ਨਿਰਮਾਤਾ ਕਾਂਸ਼ੀ ਰਾਮ ਦੀ ਸਿਆਸੀ ਆਮਦ ਤੋਂ ਬਾਅਦ ਕਾਂਗਰਸ ਦਾ ਦਲਿਤ ਵੋਟ ਬੈਂਕ ਖਿਸਕ ਕੇ ਬਸਪਾ ਨਾਲ ਜੁੜ ਗਿਆ। ਇਸ ਕਾਰਨ ਕਾਂਗਰਸ ਸਿਆਸੀ ਤੌਰ 'ਤੇ ਬੁਰੀ ਤਰਾਂ ਪਛੜ ਗਈ। ਹੁਣ ਕਾਂਸ਼ੀ ਰਾਮ ਦੇ ਦਿਹਾਂਤ ਤੋਂ ਬਾਅਦ ਬਸਪਾ ਬੁਰੀ ਤਰਾਂ ਨਿਘਰੀ ਹੈ, ਜਿਸ ਦਾ ਵੋਟ ਬੈਂਕ ਭਾਜਪਾ ਦੇ ਨਾਲ ਜੁੜ ਚੁੱਕਾ ਹੈ।

ਇਸੇ ਕਾਰਨ ਸੰਘਚਾਲਕ ਮੋਹਨ ਭਾਗਵਤ ਤੇ ਭਾਜਪਾ ਇਸ ਦਲਿਤ ਸਮਾਜ ਨੂੰ ਪਤਿਆਉਣ ਤੇ ਭਰਮਾਉਣ ਦਾ ਆਹਰ ਵਜੋਂ ਇਹ ਝੂਠੀ ਬਿਆਨਬਾਜ਼ੀ ਕਰ ਰਹੀ ਹੈ। ਅੰਬੇਦਕਰ ਅਤੇ ਦਲਿਤ ਸਮਾਜ ਪ੍ਰਤੀ ਡੁੱਲ ਡੁੱਲ ਪੈਂਦੇ ਆਰ ਐਸ ਐਸ ਤੇ ਭਾਜਪਾ ਦੇ ਦੰਭੀ ਹੇਜ ਦੀ ਅਸਲ ਵਜਾ ਇਹੋ ਹੈ। ਸੰਘ ਪਰਿਵਾਰ ਜਿਸ ਹਿੰਦੂ ਧਰਮ ਅਤੇ ਹਿੰਦੂ ਸੰਸਕ੍ਰਿਤੀ ਦੀ ਉੱਤਮਤਾ ਦੀ ਗੱਲ ਕਰਦਾ ਹੈ ਅਤੇ ਭਾਰਤ ਅੰਦਰ ਹਿੰਦੂ ਰਾਸ਼ਟਰ ਸਥਾਪਤ ਕਰਨ ਦੇ ਕਾਜ ਲਈ ਪ੍ਰਤੀਬੱਧ ਅਤੇ ਦਿਨ ਰਾਤ ਸਰਗਰਮ ਹੈ, ਜਾਤਪਾਤੀ ਵਿਵਸਥਾ ਉਸੇ ਹਿੰਦੂ ਧਰਮ ਦਾ ਇੱਕ ਅਹਿਮ ਅਤੇ ਅਨਿੱਖੜ ਅੰਗ ਹੈ। ਡਾ. ਗੋਲਵਲਕਰ ਤੋਂ ਬਾਅਦ ਆਰ ਐਸ ਐਸ ਦੇ ਸਰਸੰਘਚਾਲਕ ਮਨੂ ਸਿਮਰਤੀਆਂ ਤੇ ਜਾਤ-ਪਾਤ ਨੂੰ ਹਿੰਦੂ ਧਰਮ ਦਾ ਅੰਗ ਮੰਨਦੇ ਰਹੇ ਹਨ। ਇਸ ਪ੍ਰਸੰਗ ਵਿਚ ਅੰਬੇਦਕਰ ਦਾ ਹੇਠ ਲਿਖਿਆ ਕਥਨ ਭਾਜਪਾ ਲਈ ਸੰਘ ਵਿਚ ਫਸੀ ਹੱਡੀ ਵਾਂਗ ਹੈ:

"ਜਾਤਪਾਤ ਇੱਕ ਮਨੋ-ਅਵਸਥਾ ਹੈ। ਇਹ ਇੱਕ ਮਨੋਰੋਗ ਹੈ। ਇਸ ਮਨੋਰੋਗ ਦੀ ਮੂਲ ਵਜਾ ਹਿੰਦੂ ਧਰਮ ਦੀਆਂ ਸਿੱਖਿਆਵਾਂ ਹਨ। ਅਸੀਂ ਇਸ ਕਰਕੇ ਜਾਤਪਾਤ ਨੂੰ ਮੰਨਦੇ ਹਾਂ ਅਤੇ ਛੂਤ-ਛਾਤ ਲਾਗੂ ਕਰਦੇ ਹਾਂ ਕਿਉਂਕਿ ਹਿੰਦੂ ਧਰਮ ਸਾਨੂੰ ਅਜਿਹਾ ਕਰਨ ਲਈ ਕਹਿੰਦਾ ਹੈ। ਇੱਕ ਕੌੜੀ ਚੀਜ਼ ਨੂੰ ਮਿੱਠਾ ਨਹੀਂ ਬਣਾਇਆ ਜਾ ਸਕਦਾ। ਕਿਸੇ ਵੀ ਚੀਜ਼ ਦਾ ਸੁਆਦ ਤਾਂ ਬਦਲਿਆ ਜਾ ਸਕਦਾ ਹੈ ਪਰ ਜ਼ਹਿਰ ਨੂੰ ਅੰਮ੍ਰਿਤ ਨਹੀਂ ਬਣਾਇਆ ਜਾ ਸਕਦਾ।"

ਹੋਰ ਅੱਗੇ "ਹਿੰਦੂਵਾਦ ਅੰਦਰ, ਈਮਾਨ, ਤਰਕ ਅਤੇ ਆਜ਼ਾਦਾਨਾ ਸੋਚ ਦੇ ਵਿਕਾਸ ਦੀ ਕੋਈ ਸੰਭਾਵਨਾ ਨਹੀਂ।" ਜਿੱਥੇ ਅੰਬੇਦਕਰ ਜਾਤਪਾਤੀ ਵਿਵਸਥਾ ਅਤੇ ਘ੍ਰਿਣਤ ਛੂਤਛਾਤ ਨੂੰ ਹਿੰਦੂ ਧਰਮ ਦੀ ਉਪਜ ਮੰਨਦਾ ਸੀ ਤੇ ਉਸਦਾ ਸਪੱਸ਼ਟ ਮਤ ਸੀ ਕਿ ਹਿੰਦੂ ਧਰਮ ਵਿਚ ਰਹਿੰਦਿਆਂ ਜਾਤਪਾਤ ਦੇ ਇਸ "ਮਨੋਰੋਗ" ਤੋਂ ਖਹਿੜਾ ਨਹੀਂ ਛੁਡਾਇਆ ਜਾ ਸਕਦਾ। ਇਸ ਲਈ ਉਸਨੇ ਨਾ ਸਿਰਫ਼ ਖੁਦ ਹਿੰਦੂ ਧਰਮ ਛੱਡ ਕੇ ਬੁੱਧ ਮੱਤ ਨੂੰ ਅਪਣਾਇਆ ਸਗੋਂ ਆਪਣੇ ਪੈਰੋਕਾਰਾਂ ਨੂੰ ਵੀ ਅਜਿਹੀ ਧਰਮ-ਬਦਲੀ ਲਈ ਸੁਨੇਹਾ ਦਿੱਤਾ ਤੇ ਲਹਿਰ ਚਲਾਈ ਸੀ। ਇਸਦੇ ਐਨ ਉਲਟ ਸੰਘ ਪਰਿਵਾਰ ਤੇ ਭਾਜਪਾ ਸਮੁੱਚੇ ਭਾਰਤੀਆਂ 'ਤੇ ਜਬਰਨ ਹਿੰਦੂ ਸਭਿਆਚਾਰ ਮੜਨ ਅਤੇ ਉਹਨਾਂ ਤੋਂ ਜੋਰਾ-ਜਬਰੀ ਹਿੰਦੂ ਧਰਮ ਦੀ ਸਰਪ੍ਰਸਤੀ ਕਬੂਲ ਕਰਵਾਉਣ ਲਈ ਫਾਸ਼ੀਵਾਦੀ ਬਿਆਨ ਦੇ ਰਹੇ ਹਨ ਤੇ ਸੰਵਿਧਾਨ ਦੀ ਗਲਤ ਵਿਆਖਿਆ ਕਰ ਰਹੇ ਹਨ।

ਭਾਰਤ ਦੇ ਜਿਸ ਸੰਵਿਧਾਨ ਦੇ ਨਿਰਮਾਤਾ ਹੋਣ ਵਜੋਂ ਅੰਬੇਦਕਰ ਨੂੰ ਉਚਿਆਇਆ ਜਾਂਦਾ ਹੈ, ਉਸ ਬਾਰੇ ਸੰਘ ਪਰਿਵਾਰ ਦੇ ਵਿਚਾਰਧਾਰਕ ਬੁਲਾਰੇ "ਆਰਗੇਨਾਈਜ਼ਰ" ਦੇ 30 ਨਵੰਬਰ 1949 ਦੇ ਸੰਪਾਦਕੀ ਨੋਟ ਵਿਚ ਇਹ ਸਖਤ ਟਿੱਪਣੀ ਕੀਤੀ ਗਈ ਸੀ: "ਭਾਰਤ ਦੇ ਨਵੇਂ ਸੰਵਿਧਾਨ ਦੀ ਸਭ ਤੋਂ ਭੈੜੀ ਗੱਲ ਇਹ ਹੈ ਕਿ ਇਸ ਵਿੱਚ ਕੁਝ ਵੀ ਭਾਰਤੀ ਨਹੀਂ। ਇਸ ਅੰਦਰ ਭਾਰਤ ਦੇ ਪੁਰਾਤਨ ਵਿਧਾਨਕ ਕਾਨੂੰਨਾਂ, ਸੰਸਥਾਵਾਂ, ਨਾਮਾਵਲੀ ਅਤੇ ਸ਼ੈਲੀ ਦਾ ਅੰਸ਼ ਮਾਤਰ ਵੀ ਨਹੀਂ। ਪ੍ਰਾਚੀਨ ਭਾਰਤ ਅੰਦਰ ਕੀਤੀ ਗਈ ਵਿਲੱਖਣ ਵਿਧਾਨਕ ਤਰੱਕੀ ਦਾ ਇਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸਪਾਰਟਾ ਦੇ ਲਾਈਕਰਗਸ (ਇੱਕ ਪ੍ਰਾਚੀਨ ਯੂਨਾਨੀ ਕਾਨੂੰਨਦਾਨ-ਸੰਪਾਦਕ) ਅਤੇ ਪਰਸ਼ੀਆ ਦੇ ਸੋਲੋਨ ਤੋਂ ਬਹੁਤ ਚਿਰ ਪਹਿਲਾਂ ਹੀ ਮਨੂ ਨੇ ਕਾਨੂੰਨ ਘੜ ਦਿੱਤੇ ਸਨ। ਮਨੂੰ ਸਿਮ੍ਰਤੀ ਵਿਚ ਦਰਜ ਇਹ ਕਾਨੂੰਨ ਅੱਜ ਵੀ ਸੰਸਾਰ ਭਰ ਦੀ ਪ੍ਰਸੰਸਾ ਦੇ ਪਾਤਰ ਹਨ ਅਤੇ ਭਾਰਤ ਅੰਦਰ ਹਿੰਦੂਆਂ ਵੱਲੋਂ ਇਹਨਾਂ ਨਾਲ ਸਹਿਮਤੀ ਅਤੇ ਤੱਟ-ਫੱਟ ਪਾਲਣਾ ਵੱਲ ਪ੍ਰੇਰਿਤ ਕਰਦੇ ਹਨ। ਪਰ ਸਾਡੇ ਸੰਵਿਧਾਨ ਦੇ ਇਹਨਾਂ ਪੰਡਤਾਂ ਦੇ ਮਨ ਵਿਚ ਇਸ ਦੀ ਕੋਈ ਵੁੱਕਤ ਨਹੀਂ।"

ਬਾਕੀ ਸ.ਫ਼ਾ 32 'ਤੇ

# ਨਸ਼ਿਆਂ ਦੇ ਸ਼ਿਕਾਰ ਸਰਹੱਦੀ ਪਿੰਡਾਂ ਦੀਆਂ ਬੇਸਹਾਰਾ ਬੱਚੀਆਂ ਦੀ ਸੰਭਾਲ ਕਰ ਰਿਹਾ ਏ ਗੁਰ ਆਸਰਾ ਟਰੱਸਟ

**- ਬਲਵਿੰਦਰ ਪਾਲ ਸਿੰਘ**

ਬੀਤੇ ਦਿਨੀਂ ਗੁਰ ਆਸਰਾ ਟਰੱਸਟ ਮੁਹਾਲੀ ਦੇ ਚੇਅਰਮੈਨ ਬੀਬੀ ਕੁਲਬੀਰ ਕੌਰ ਧਾਮੀ ਨਾਲ ਮੁਲਾਕਾਤ ਕੀਤੀ ਗਈ, ਜੋ ਕਿ ਪਹਿਲਾਂ ਖਾੜਕੂ ਪਰਿਵਾਰ ਦੇ ਬੱਚਿਆਂ ਦੀ ਸਾਂਭ ਸੰਭਾਲ ਕਰਦੇ ਸਨ, ਹੁਣ ਉਹ ਸਰਹੱਦੀ ਖੇਤਰ ਪੰਜਾਬ ਦੇ ਬੱਚਿਆਂ ਦੀ ਸੰਭਾਲ ਕਰ ਰਹੇ ਹਨ, ਜਿਹਨਾਂ ਦੇ ਬਾਪ ਨਸ਼ਿਆਂ ਕਾਰਨ ਮਰ ਚੁੱਕੇ ਹਨ ਤੇ ਉਹਨਾਂ ਦੀਆਂ ਮਾਤਾਵਾਂ ਨੇ ਹੋਰ ਕਿਤੇ ਵਿਆਹ ਕਰਵਾ ਲਿਆ ਹੈ। ਇਹਨਾਂ ਬੱਚਿਆਂ ਦੀ ਹਾਲਤ ਮਨੋਵਿਗਿਆਨਕ ਤੌਰ 'ਤੇ ਵੀ ਠੀਕ ਨਹੀਂ, ਜਿਹਨਾਂ ਦੀ ਸੰਭਾਲ ਬੀਬੀ ਕੁਲਬੀਰ ਕੌਰ ਧਾਮੀ ਕਰ ਰਹੇ ਹਨ। ਬੀਬੀ ਧਾਮੀ ਉਹ ਸਖਸ਼ੀਅਤ ਹਨ, ਜਿਨਾਂ ਨੇ ਪੰਜਾਬ ਦੇ ਸੰਤਾਪ ਦੌਰਾਨ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕੀਤੀ ਸੀ। ਬੀਤੇ ਦਿਨੀਂ ਉਹਨਾਂ ਨਾਲ ਮੇਰੀ ਮੁਲਾਕਾਤ ਹੋਈ, ਜਿਸ ਦੇ ਪ੍ਰਮੁਖ ਅੰਸ਼ ਛਾਪੇ ਜਾ ਰਹੇ ਹਨ–

**ਸੁਆਲ-ਗੁਰ ਆਸਰਾ ਟਰੱਸਟ ਕਦੋਂ ਤੋਂ ਚਲ ਰਿਹਾ ਹੈ ?**

ਜੁਆਬ–ਗੁਰ ਆਸਰਾ ਟਰੱਸਟ 1997 ਤੋਂ ਹੁਣ ਤੱਕ ਸੰਗਤਾਂ ਦੇ ਸਹਿਯੋਗ ਸਦਕਾ ਬੇਸਹਾਰਾ ਅਤੇ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੀ ਸੇਵਾ ਸੰਭਾਲ ਤੇ ਵਿਦਿਆ ਲਈ ਆਪਣੀ ਸਮਾਜਿਕ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦਾ ਆ ਰਿਹਾ ਹੈ। ਖਾਸ ਕਰਕੇ ਸਾਡੇ ਪਛੜੇ ਹੋਏ ਸਮਾਜ ਦੇ ਕੁਝ ਲੋਕਾਂ ਦੀ ਲੜਕੀਆਂ ਪ੍ਰਤੀ ਸੌੜੀ ਸੋਚ ਕਾਰਨ ਉਹਨਾਂ ਨੂੰ ਮਾਰ ਮੁਕਾਉਣ ਸੰਬੰਧੀ ਬੱਚੀਆਂ ਖਤਰੇ ਵਿਚ ਹਨ। ਭਵਿੱਖ ਨੂੰ ਸੁਚੱਜੇ ਢੰਗ ਨਾਲ ਸੰਭਾਲਣ ਲਈ ਗੁਰ ਆਸਰਾ ਪਰਿਵਾਰ ਉਹਨਾਂ ਦੀ ਰਿਹਾਇਸ਼, ਸਾਭ-ਸੰਭਾਲ ਤੇ ਵਿਦਿਆ ਆਦਿ ਸੰਬੰਧੀ ਸਾਰੀਆਂ ਸੇਵਾਵਾਂ ਮੁਹਈਆ ਕਰਵਾ ਰਿਹਾ ਹੈ। ਗੁਰ ਆਸਰਾ ਟਰੱਸਟ (ਆਰਫਨਜ਼ ਹੋਮ), ਸੈਕਟਰ 78, ਮੁਹਾਲੀ ਵਿਚ ਗੁਮਾਡਾ ਵਲੋਂ ਅਲਾਟ ਕੀਤੀ ਗਈ ਜਗਾ ਤੇ 1 ਅਪ੍ਰੈਲ 2018 ਤੋਂ ਬੱਚੀਆਂ ਸਮੇਤ ਪੂਰੇ ਪਰਿਵਾਰ ਦੀ ਰਿਹਾਇਸ਼ ਸਿਫਟ ਕਰ ਚੁੱਕਾ ਹੈ। ਪ੍ਰੰਤੂ ਪ੍ਰਵਾਨਿਤ ਪਲੈਨਿੰਗ ਅਨੁਸਾਰ ਬਾਕੀ ਰਹਿੰਦੀ ਦੋ ਮੰਜਲੀ ਬਿਲਡਿੰਗ ਦੀ ਉਸਾਰੀ ਅਤੇ ਪ੍ਰੋਜੈਕਟ ਦੇ ਫਾਈਨਲ ਕੰਪਲੀਸ਼ਨ ਲਈ ਕੰਨਸਟ੍ਰੈਕਸ਼ਨ ਦਾ ਕੰਮ ਜਾਰੀ ਹੈ। ਫਿਲਹਾਲ ਅਸੀਂ ਬੈਸਮੈਂਟ ਅਤੇ ਗਰਾਊਂਡ ਫਲੋਰ ਉੱਤੇ ਹੀ ਬੱਚੀਆਂ ਦੀ ਰਿਹਾਇਸ਼ ਦਾ ਆਰਜੀ ਪ੍ਰਬੰਧ ਕੀਤਾ ਹੋਇਆ ਹੈ। ਇਹ ਟਰੱਸਟ ਬਿਲਡਿੰਗ ਛੇ ਕਨਾਲ ਵਿਚ ਹੈ। ਯਾਦ ਰਹੇ ਕਿ ਪਿਛਲੇ ਕਈ ਸਾਲਾਂ ਤੋਂ ਫੇਜ਼-7 ਵਿੱਚ ਇੱਕ ਕਿਰਾਏ ਦੀ ਇਮਾਰਤ ਵਿੱਚ ਟਰੱਸਟ ਵੱਲੋਂ ਬੱਚੀਆਂ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਸੀ।

**ਸੁਆਲ-ਟਰੱਸਟ ਦਾ ਮਨੋਰਥ ਕੀ ਹੈ ?**

ਜੁਆਬ–ਇਸ ਟਰੱਸਟ ਵੱਲੋਂ ਸਿੱਖ ਕੌਮ ਲਈ ਅਤੇ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਕੁਰਬਾਨ ਹੋਏ ਸਿੰਘਾਂ ਦੀਆਂ ਬੱਚੀਆਂ ਦਾ ਪਾਲਨ ਪੋਸ਼ਣ ਕਰਨ ਦੇ ਨਾਲ ਨਾਲ ਬੇਸਹਾਰਾ, ਅਨਾਥ ਬੱਚੀਆਂ ਨੂੰ ਵੀ ਪਾਲਿਆ ਜਾ ਚੁੱਕਾ ਹੈ ਤੇ ਨੌਕਰੀਆਂ ਲਗਵਾਈਆਂ ਜਾ ਚੁੱਕੀਆਂ ਹਨ। ਬਹੁਤੇ ਖਾੜਕੂ ਪਰਿਵਾਰ ਦੀ ਬੱਚੀਆਂ ਨਰਸਿੰਗ ਦਾ ਕੋਰਸ ਕਰਕੇ ਵਿਦੇਸ਼ਾਂ ਵਿਚ ਸੈਟਲ ਹੋ ਚੁੱਕੀਆਂ ਹਨ ਤੇ ਕਈਆਂ ਦੇ ਵਿਆਹ ਹੋ ਚੁੱਕੇ ਹਨ। ਕੁਝ ਇੱਥੇ ਵੀ ਸੈਟਲ ਹਨ।

**ਸੁਆਲ-ਕੀ ਹੁਣ ਵੀ ਖਾੜਕੂ ਪਰਿਵਾਰਾਂ ਦੇ ਬੱਚੇ ਤੁਹਾਡੇ ਕੋਲ ਮੌਜੂਦ ਹਨ ?**



ਜੁਆਬ–ਨਹੀਂ ਜੀ, ਹੁਣ ਅਸੀਂ ਬਾਰਡਰ ਏਰੀਏ ਦੇ ਗਰੀਬ ਪਰਿਵਾਰਾਂ ਤੇ ਗਰੀਬ ਕਿਸਾਨਾਂ ਦੇ ਬੱਚੀਆਂ ਦੀ ਸਾਂਭ ਸੰਭਾਲ ਕਰ ਰਹੇ ਹਾਂ, ਜਿਨਾਂ ਦੇ ਬਾਪ ਨਸ਼ਿਆਂ ਕਾਰਨ ਮਰ ਗਏ ਤੇ ਉਨਾਂ ਦੀ ਮਾਂਵਾਂ ਨੇ ਵਿਆਹ ਕਰ ਲਏ। ਪੰਜਾਬ ਦੇ ਹਾਲਾਤ ਬਹੁਤ ਮਾੜੇ ਹਨ ਤੇ ਖਾਸ ਕਰਕੇ ਸਰਹੱਦੀ ਖੇਤਰ ਦੇ। ਉਥੋਂ ਦੇ ਲੋਕ ਨਸ਼ਿਆਂ ਦੇ ਕਾਰਨ ਬਹੁਗਿਣਤੀ ਵਿਚ ਮਰ ਰਹੇ ਹਨ। ਇਸ ਵਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਇਹ ਬੱਚੀਆਂ ਅਸੀਂ ਚਾਈਲਡ ਵੈਲਫੇਅਰ ਸਟੇਟ ਦੀ ਮਦਦ ਨਾਲ ਪ੍ਰਾਪਤ ਕੀਤੇ ਹਨ, ਜੋ ਕਿ ਐਨਜੀਓ ਹੈ।

ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਬੱਚੀਆਂ ਜਿਨਾਂ ਦੇ ਬਾਪ ਨਸ਼ਿਆਂ ਕਰਕੇ ਮਰ ਜਾਂਦੇ ਹਨ ਜਾਂ ਨਸ਼ਾ ਪੀਂਦੇ ਹਨ, ਉਨਾਂ ਦੀਆਂ ਬੱਚੀਆਂ ਘਰ ਵਿਚ ਵੀ ਸੁਰੱਖਿਅਤ ਨਹੀਂ ਹਨ। ਇਸ ਕਰਕੇ ਅਸੀਂ ਇਧਰ ਕਦਮ ਉਠਾਇਆ ਹੈ। ਇਨਾਂ ਨਸ਼ਿਆਂ ਕਾਰਨ ਬੱਚੀਆਂ ਦੀ ਮਾਨਸਿਕ ਸਿਹਤ 'ਤੇ ਅਸਰ ਪੈ ਚੁੱਕਾ ਹੈ। ਸਾਨੂੰ ਉਨਾਂ ਦੀ ਮਾਨਸਿਕ ਹਾਲਾਤ ਨੂੰ ਕੰਟਰੋਲ ਕਰਨਾ ਪੈ ਰਿਹਾ ਹੈ। ਮਨੋਵਿਗਿਆਨਕ ਡਾਕਟਰਾਂ ਦੀ ਸਹਾਇਤਾ ਵੀ ਲਈ ਜਾ ਰਹੀ ਹੈ। ਉਨਾਂ ਦੇ ਵਿਹਾਰ ਨੂੰ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਿਆ ਜਾ ਰਿਹਾ ਹੈ। ਉਨਾਂ ਨੂੰ ਨਿਤਨੇਮ, ਸਿੱਖ ਇਤਿਹਾਸ ਦੀ ਵਾਕਫੀਅਤ ਕਰਵਾਈ ਜਾ ਰਹੀ ਹੈ।

**ਸੁਆਲ-ਜਦੋਂ ਤੁਸੀਂ ਖਾੜਕੂ ਪਰਿਵਾਰਾਂ ਦੀ ਬੱਚੀਆਂ ਦੀ ਸਹਾਇਤਾ ਕਰਦੇ ਸੀ ਤਾਂ ਸਰਕਾਰ ਤੰਗ ਤਾਂ ਨਹੀਂ ਸੀ ਕਰਦੀ ?**

ਜੁਆਬ–ਸਾਨੂੰ ਤੰਗ ਕੀਤਾ ਗਿਆ ਸੀ। ਪਰ ਅਸੀਂ ਉੱਚ ਅਫਸਰਾਂ ਨੂੰ ਅਪੀਲ ਕੀਤੀ ਸੀ ਕਿ ਇਨਾਂ ਬੱਚੀਆਂ ਤੋਂ ਤੁਹਾਨੂੰ ਕਾਹਦਾ ਡਰ ਹੈ। ਅਸੀਂ ਤਾਂ ਸਮਾਜ ਨੂੰ ਵਧੀਆ ਬਣਾ ਰਹੇ ਹਾਂ ਤਾਂ ਪੁਲੀਸ ਇਸ ਵਿਚ ਰੁਕਾਵਟ ਕਿਉਂ ਬਣ ਰਹੀ ਹੈ। ਇਹੋ ਜਿਹੀ ਰੁਕਾਵਟ ਪਾਉਣਾ ਸੰਵਿਧਾਨ ਦੀ ਉਲੰਘਣਾ ਹੈ। ਕੀ ਪੁਲੀਸ ਸੰਵਿਧਾਨ ਤੇ ਕਾਨੂੰਨ ਦੇ ਅਧੀਨ ਨਹੀਂ ਹੈ ? ਇਸ ਗੱਲ ਦਾ ਕਿਸੇ ਕੋਲ ਜੁਆਬ ਨਹੀਂ ਸੀ ਹੁੰਦਾ, ਪਰ ਅਸੀਂ ਡਰੇ ਨਹੀਂ, ਡੱਟ ਕੇ ਬੱਚੀਆਂ ਦੀ ਪਾਲਣਾ ਪੋਸ਼ਣਾ ਕੀਤੀ। ਸਾਡੀਆਂ ਇਨਕੁਆਰੀਆਂ ਵੀ ਹੋਈਆਂ ਪਰ ਅਸੀਂ ਕਦੇ ਵੀ ਵਿਦੇਸ਼ੀ ਫੰਡ ਨਹੀਂ ਲਿਆ। ਪ੍ਰਵਾਸੀ ਸਿੱਖ ਤੇ ਪੰਜਾਬੀ ਇੱਥੇ ਆ ਕੇ ਸਾਨੂੰ ਬੱਚੀਆਂ ਦਾ ਲੋੜੀਂਦਾ ਸਮਾਨ ਲੈ ਕੇ ਦਿੰਦੇ ਰਹੇ, ਆਪਣੇ ਰਿਸ਼ਤੇਦਾਰਾਂ ਰਾਹੀਂ ਸਹਾਇਤਾ ਕਰਦੇ ਰਹੇ। ਇਥੋਂ ਦੀ ਸੰਗਤ ਨੇ ਵੀ ਸਾਡੀ ਸਹਾਇਤਾ ਕੀਤੀ। ਨਰਸਿੰਗ, ਫਿਜ਼ਿਉਥਿਰੇਪੀ ਤੇ ਟੀਚਿੰਗ ਦੇ ਕੋਰਸ ਕਰਵਾਏ।

**ਸੁਆਲ-ਮਾਝੇ ਦੇ ਸਰਹੱਦੀ ਖੇਤਰਾਂ ਦੇ ਕਿੰਨੇ ਕੁ ਲੋਕ ਨਸ਼ਿਆਂ ਦੇ ਸ਼ਿਕਾਰ ਹਨ ?**

ਜੁਆਬ–ਖੇਮਕਰਨ, ਮੁਹਾਣੇ, ਅਟਾਰੀ ਤੱਕ ਇਹੀ ਸ਼ਿਕਾਇਤਾਂ ਮਿਲ ਰਹੀਆਂ ਹਨ।

**ਸੁਆਲ-ਕੀ ਸ਼੍ਰੋਮਣੀ ਕਮੇਟੀ ਨੇ ਤੁਹਾਡੀ ਸਹਾਇਤਾ ਨਹੀਂ ਕੀਤੀ ?**

ਜੁਆਬ–ਸ਼੍ਰੋਮਣੀ ਕਮੇਟੀ ਨੇ ਖਾੜਕੂ ਪਰਿਵਾਰਾਂ ਦੇ ਬੱਚੀਆਂ ਦੀ ਜ਼ਿੰਮੇਵਾਰੀ ਨਹੀਂ ਲਈ ਤੇ ਹੁਣ ਵੀ ਉਹ ਜ਼ਿੰਮੇਵਾਰੀ ਨਹੀਂ ਨਿਭਾ ਰਹੀ।

**ਸੁਆਲ-ਤੁਹਾਡਾ ਟਰੱਸਟ ਕਿਵੇਂ ਚਲ ਰਿਹਾ ਹੈ ?**

ਜੁਆਬ–ਟਰੱਸਟ ਦੇ ਕੋਲ ਫੰਡਜ਼ ਸੰਬੰਧੀ ਆਪਣੇ ਕੋਈ ਵੀ ਪੱਕੇ ਤੌਰ 'ਤੇ ਵਸੀਲੇ ਨਹੀਂ ਹਨ, ਇਸ ਲਈ ਹਰ ਕਾਰਜ ਦੇ ਸਹਿਯੋਗ ਵਾਸਤੇ ਟਰੱਸਟ ਦੇ ਪ੍ਰਬੰਧਕਾਂ ਨੇ ਦੇਸ-ਵਿਦੇਸ਼ ਦੀਆਂ ਸਭ ਸੰਗਤਾਂ ਜਾਂ ਧਾਰਮਿਕ ਤੇ ਸਾਮਾਜਿਕ ਸੰਸਥਾਵਾਂ ਹੀ ਮਦਦ ਕਰਦੀਆਂ ਹਨ। ਸੰਗਤਾਂ ਮਾਇਕ ਸਹਾਇਤਾ ਦੇ ਨਾਲ ਨਾਲ ਬਿਲਡਿੰਗ ਮਟੀਰੀਅਲ, ਜਿਵੇਂ ਕਿ ਸੀਮਿੰਟ, ਬਜਰੀ, ਸਰੀਆਂ, ਇੱਟਾਂ, ਬਿਜਲੀ ਦਾ ਸਮਾਨ, ਸੈਨਟਰੀ ਦਾ ਸਮਾਨ ਅਤੇ ਲੱਕੜ ਆਦਿ ਦੀ ਸਹਾਇਤਾ ਕਰਦੀਆਂ ਹਨ। ਪ੍ਰਾਇਮਰੀ ਤੋਂ ਲੈ ਕੇ ਪੋਸਟ ਗਰੈਜੂਏਸ਼ਨ ਤੱਕ ਦੀ ਵਿਦਿਆ ਸੰਬੰਧੀ 100 ਦੇ ਕਰੀਬ ਬੱਚੀਆਂ ਲਈ ਟਿਊਸ਼ਨ ਫੀਸਾਂ, ਯੂਨੀਫਾਰਮਜ਼ (ਕੱਪੜੇ), ਸਟੇਸ਼ਨਰੀ, ਕਿਤਾਬਾਂ, ਕਾਪੀਆਂ ਆਦਿ ਦੇ ਲਈ ਵੀ ਬੱਚੀਆਂ ਦੀ ਸਹਾਇਤਾ ਸੰਗਤ ਵਲੋਂ ਕੀਤੀ ਜਾਂਦੀ ਹੈ।

**ਸੁਆਲ-ਕਿੰਨੇ ਕੁ ਖਰਚੇ ਹੋ ਜਾਂਦੇ ਹਨ ?**

ਜੁਆਬ–ਪਹਿਲੀ ਕਲਾਸ ਤੋਂ ਅੱਠਵੀ ਕਲਾਸ ਤੱਕ ਸੀ.ਬੀ. ਐਸ.ਈ. ਬੋਰਡ ਦੀ ਪੜਾਈ ਸੰਬੰਧੀ ਦਾਖਲੇ ਸਮੇਂ ਹਰੱਕ ਬੱਚੀ ਦਾ ਖਰਚਾ ਕਿਤਾਬਾਂ, ਕਾਪੀਆਂ ਅਤੇ ਸਟੇਸ਼ਨਰੀ ਆਦਿ ਮਿਲਾ ਕੇ 4500/- ਰੁਪਏ ਤੱਕ ਪ੍ਰਤੀ ਬੱਚੀ ਦੇ ਹਿਸਾਬ ਨਾਲ ਹੋ ਜਾਂਦਾ ਹੈ।

ਨੌਵੀਂ ਕਲਾਸ ਤੋਂ ਦਸਵੀ ਕਲਾਸ ਤੱਕ ਸੀ.ਬੀ.ਐਸ.ਈ. ਬੋਰਡ ਅਤੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਪੜਾਈ ਸੰਬੰਧੀ ਦਾਖਲੇ ਸਮੇਂ ਹਰੇਕ ਬੱਚੀ ਦਾ ਖਰਚਾ ਕਿਤਾਬਾਂ, ਕਾਪੀਆਂ ਅਤੇ ਸਟੇਸ਼ਨਰੀ ਆਦਿ ਮਿਲਾ ਕੇ ਤਕਰੀਬਨ 2500/- ਰੁਪਏ ਤੱਕ ਪ੍ਰਤੀ ਬੱਚੇ ਦੀ ਹਿਸਾਬ ਨਾਲ ਹੋ ਜਾਂਦਾ ਹੈ।

ਗਿਆਰਵੀਂ ਕਲਾਸ ਤੋਂ ਬਾਰਵੀਂ ਕਲਾਸ ਤੱਕ ਆਰਟਸ਼ ਗਰੁਪ ਦੀਆਂ ਵਿਦਿਆਰਥਨਾਂ, ਸੀ.ਬੀ.ਐਸ.ਈ. ਬੋਰਡ ਅਤੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਪੜਾਈ ਸੰਬੰਧੀ ਦਾਖਲੇ ਸਮੇਂ ਬਚੀ ਦਾ ਖਰਚਾ ਕਿਤਾਬਾਂ ਅਤੇ ਸਟੇਸ਼ਨਰੀ ਆਦਿ ਮਿਲਾਕੇ 3000/- ਰੁਪਏ ਤੱਕ ਪ੍ਰਤੀ ਬੱਚੀ ਦੇ ਹਿਸਾਬ ਨਾਲ ਹੋ ਜਾਂਦਾ ਹੈ।

ਗਿਆਰਵੀਂ ਕਲਾਸ ਤੋਂ ਬਾਰਵੀਂ ਕਲਾਸ ਤੱਕ ਮੈਡੀਕਲ/ਨਾਨ ਮੈਡੀਕਲ ਅਤੇ ਕਮਰਸ ਗਰੁਪ ਦੀਆਂ ਵਿਦਿਆਰਥਨਾਂ, ਸੀ.ਬੀ.ਐਸ.ਈ. ਬੋਰਡ ਅਤੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਪੜਾਈ ਸੰਬੰਧੀ ਦਾਖਲੇ ਸਮੇਂ ਹਰੇਕ ਬੱਚੀ ਦਾ ਖਰਚਾ ਕਿਤਾਬਾਂ ਅਤੇ ਸਟੇਸ਼ਨਰੀ ਆਦਿ ਮਿਲਾ ਕੇ ਤਕਰੀਬਨ 3500/- ਰੁਪਏ ਤੱਕ ਪ੍ਰਤੀ ਬੱਚੀ ਦੇ ਹਿਸਾਬ ਨਾਲ ਹੋ ਜਾਂਦਾ ਹੈ।

ਤੁਹਾਡੀ ਜਾਣਕਾਰੀ ਲਈ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਹਰੇਕ ਬੱਚੀ ਦੀ ਪਹਿਲੀ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਤੱਕ ਯੂਨੀਫਾਰਮਜ਼ ਆਦਿ ਦੇ ਖਰਚੇ ਦਾ ਬਿੱਲ ਵੀ ਤਕਰੀਬਨ 3000/- ਰੁਪਏ ਤੱਕ ਪ੍ਰਤੀ ਬੱਚੀ ਦੇ ਹਿਸਾਬ ਨਾਲ ਹੋ ਜਾਂਦਾ ਹੈ। ਹੁਣ ਰਹੀ ਗੱਲ ਸਕੂਲ ਦੀਆਂ ਫੀਸਾਂ ਦੀ ਉਹ ਸਕੂਲ ਦੇ ਪ੍ਰਬੰਧਕਾਂ ਵਲੋਂ ਸਾਨੂੰ ਰਿਆਇਤਾਂ ਦੇਣ ਤੋਂ ਬਾਅਦ ਸਮੇਤ ਬੱਸ ਕਿਰਾਏ ਦੇ ਤਕਰੀਬਨ 3000/- ਰੁਪਏ ਤੱਕ ਪ੍ਰਤੀ ਬੱਚੀ ਦੇ ਹਿਸਾਬ ਨਾਲ ਖਰਚੇ ਦਾ ਬਿੱਲ ਆ ਜਾਂਦਾ ਹੈ।

**ਸੰਪਰਕ -ਗੁਰ ਆਸਰਾ ਟਰੱਸਟ (ਰਜਿ.) ਆਰਫਨਜ਼ ਹੋਮ ਸੈਕਟਰ 78, ਸਾਹਿਬਜ਼ਾਦਾ ਅਜੀਤ ਸਿੰਘ ਨਗਰ -160055 ,ਬੀਬੀ ਕੁਲਬੀਰ ਕੌਰ ਧਾਮੀ 98140-16598**

# ਗੁਰੂ ਅੰਗਦ ਦੇਵ ਕਾਲਜ ਦੇ ਸੰਗੀਤ ਵਿਭਾਗ ਵਲੋਂ ਸੰਗੀਤ ਵਰਕਸ਼ਾਪ

## ਪ੍ਰੋ.ਕੰਵਰਜੀਤ ਸਿੰਘ ਸਿਫਤੀ ਨੇ ਛੇੜੇ ਰਬਾਬ ਦੇ ਸੁਰ




**ਖਡੂਰ ਸਾਹਿਬ/ ਏ.ਟੀ.ਨਿਊਜ਼:** ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੀ 50 ਸਾਲਾ ਵਰੇਗੰਢ ਦੀ ਖੁਸ਼ੀ ਵਿਚ ਅੱਜ ਕਾਲਜ ਦੇ ਸੰਗੀਤ ਵਿਭਾਗ ਵਲੋਂ ਵਿਦਿਆਰਥੀਆਂ ਲਈ ਇਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿਚ ਮਾਤਾ ਗੁਜਰੀ ਕਾਲਜ ਫਤਹਿਗੜ ਸਾਹਿਬ ਦੇ ਅਸਿਸਟੈਂਟ ਪ੍ਰਫੈਸਰ ਅਤੇ ਪੰਜਾਬੀ ਯੂਨੀਵਰਸਿਟੀ ਵਿਖੇ ਪੀ.ਐਚ.ਡੀ ਸ਼ਕਾਲਰ ਪ੍ਰੋ.ਕੰਵਰਜੀਤ ਸਿੰਘ ਸਿਫਤੀ ਰਿਸੋਰਸਜ਼ ਪਰਸਨ ਵਜ਼ੋਂ ਸ਼ਾਮਲ ਹੋਏ। ਉਨਾਂ ਇਸ ਵਰਕਸ਼ਾਪ ਵਿਚ ਨਾ ਸਿਰਫ ਵਿਦਿਆਰਥੀਆਂ ਨੂੰ ਸੰਗੀਤ ਦੀਆਂ ਬਾਰੀਕੀਆਂ ਦੀ ਜਾਣਕਾਰੀ ਦਿੱਤੀ ਸਗੋਂ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਨਾਲ ਮਸ਼ਹੂਰ ਹੋਏ ਤੰਤੀ ਸਾਜ਼, ਰਬਾਬ ਨਾਲ ਸ਼ਬਦ ਗਾਇਨ ਵੀ ਕੀਤਾ।

ਉਨਾਂ ਰਬਾਬ ਦੀ ਗੱਲ ਕਰਦਿਆਂ ਕਿਹਾ ਕਿ ਇਹ ਇਕ ਸੋਹਜਾਤਮਕ ਸਾਜ਼ ਹੈ। ਇਹ ਗਾਇਨ ਤੋਂ ਪਹਿਲਾਂ ਤਿਆਰੀ ਲਈ ਵਧੇਰੇ ਸਮਾਂ ਮੰਗਦਾ ਹੈ।ਜਦਕਿ ਜਿੰਦਗੀ ਤੇਜ਼ ਹੋ ਗਈ ਹੈ।ਕੀਰਤਨ ਦਾ ਵੀ ਟਾਈਮ ਬੰਨਿਆ ਜਾਂਦਾ ਹੈ।ਇਸ ਤੇਜ਼ ਗਤੀ ਵਾਲੇ ਸਮਿਆਂ ਦੇ ਫਰੇਮ ਵਿਚ ਰਬਾਬ ਫਿੱਟ ਨਹੀਂ ਹੋ ਸਕਦੀ।ਇਹ ਬੰਧਨ ਮੁਕਤ ਸਾਜ਼ ਹੈ।ਗੁਰੂ ਪਾਤਸ਼ਾਹ ਜੀ ਬੰਧਨ ਮੁਕਤ ਸਨ ਇਸੇ ਲਈ ਇਹ ਸਾਜ਼ ਉਨਾਂ ਦੇ ਨਾਲ ਰਿਹਾ।ਹੁਣ ਜਿੰਦਗੀ ਹਾਈਸਪੀਡ ਸਮੇਂ ਵਿਚ ਬੰਦ ਹੋ ਗਈ ਹੈ,ਇਸੇ ਲਈ ਇਹ ਸਾਜ਼ ਅਲੋਪ ਹੋ ਰਿਹਾ ਹੈ। ਇਸ ਦੇ ਮੁਕਾਬਲੇ ਹਰਮੋਨੀਅਮ ਦੇ ਸੁਰ ਤੁਸੀਂ ਜਦੋਂ ਮਰਜ਼ੀ ਛੇੜ ਸਕਦੇ ਹੋ।ਇਸੇ ਲਈ ਇਹ ਪਾਪੂਲਰ ਹੋ ਰਿਹਾ ਹੈ। ਉਨਾਂ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸੰਗੀਤ ਵਾਲੇ ਪਾਸੇ ਪੂਰੀ ਤਰਾਂ ਮਨ ਬਣਾ ਕੇ ਹੀ ਤੁਰਨਾ ਚਾਹੀਦਾ ਹੈ,ਇਹ ਔਖੀ ਘਾਟੀ ਹੈ।ਇਸ ਦੌਰਾਨ ਉਨਾਂ ਵਿਦਿਆਰਥੀਆਂ ਨੂੰ ਸੰਗੀਤ ਦੇ ਬੁਨਿਆਦੀ ਸੁਰਾ, ਸਪਤਕ ਅਤੇ ਸੁਰ ਜੋੜਾਂ ਬਾਰੇ ਬਾਰੀਕੀ ਨਾਲ ਸਮਝਾਇਆ।ਉਨਾਂ ਕਿਹਾ ਕਿ ਇਹ ਬੁਨਿਆਦੀ ਗੱਲਾਂ ਤੁਹਾਡੇ ਸਾਰੀ ਉਮਰ ਕੰਮ ਆਉਣੀਆਂ ਹਨ।ਉਨਾਂ ਕਿਹਾ ਕਿ ਇਹ ਗਾਇਨ ਦਾ ਖੇਤਰ ਹੋਵੇ ਜਾਂ ਸਾਜ਼ ਵਾਦਨ ਦਾ, ਬੁਨਿਆਦੀ ਚੀਜ਼ ਸਵਰ ਹੀ ਹਨ।ਇਸ ਮੌਕੇ ਉਨਾਂ ਦੇ ਨਾਲ ਜੀ.ਐਨ.ਕੇ ਕਾਲਜ ਸੁਲਤਾਨਪੁਰ ਲੋਧੀ ਦੇ ਅਸਿਸਟੈਂਟ ਪ੍ਰੋਫੈਸਰ ਪ੍ਰੋ.ਲਖਵਿੰਦਰ ਸਿੰਘ ਨੇ ਤਬਲੇ ਅਤੇ ਗੁਰੂ ਅੰਗਦ ਦੇਵ ਕਾਲਜ ਦੇ ਪ੍ਰੋ.ਹਸਨਦੀਪ ਸਿੰਘ ਨੇ ਹਰਮੋਨੀਅਮ 'ਤੇ ਸਾਥ ਦਿੱਤਾ।

ਇਸ ਮੌਕੇ ਗੁਰੂ ਅੰਗਦ ਦੇਵ ਕਾਲਜ ਦੇ ਸੰਗੀਤ ਵਿਭਾਗ ਦੇ ਮੁਖੀ ਪ੍ਰੋ.ਪ੍ਰਭਦੀਪ ਸਿੰਘ ਨੇ ਆਏ ਮਹਿਮਾਨਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਅਤੇ ਕਾਲਜ ਦੇ ਪ੍ਰਿੰਸੀਪਲ ਸ.ਕੰਵਲਜੀਤ ਸਿੰਘ ਨੇ ਆਏ ਵਿਦਿਆਰਥੀਆਂ ਅਤੇ ਸੰਗੀਤ ਸ਼ਾਸਤਰੀਆਂ ਨੂੰ ਜੀ ਆਇਆਂ ਕਿਹਾ।

# ਸਿੱਖ ਇਤਿਹਾਸ ਸਿਰਜਣ ਵਾਲਿਆਂ ਦਾ ਪਿੰਡ ਮਰਹਾਣਾ

**- ਕੰਵਲਬੀਰ ਸਿੰਘ**

ਪੰਜਾਬ ਦੇ ਜ਼ਿਲਾ ਤਰਨਤਾਰਨ ਦੇ ਮੁੱਖ ਪਿੰਡਾਂ ਵਿਚੋਂ ਅੰਮ੍ਰਿਤਸਰ-ਬਠਿੰਡਾ ਜਰਨੈਲੀ ਸੜਕ 'ਤੇ ਤਰਨ ਤਾਰਨ ਤੋਂ 30 ਕਿਲੋਮੀਟਰ ਦੀ ਦੂਰੀ 'ਤੇ ਵਸਿਆ ਮਾਝੇ ਦਾ ਇਕ ਇਤਿਹਾਸਿਕ ਪਿੰਡ ਹੈ ਮਰਹਾਣਾ। ਇਸ ਪਿੰਡ ਦੇ ਪਿਛੋਕੜ ਸਬੰਧੀ ਜੋ ਵੇਰਵੇ ਮਿਲਦੇ ਹਨ, ਉਨਾਂ ਮੁਤਾਬਿਕ ਇਤਿਹਾਸਕ ਪਿੰਡ ਦਦੇਹਰ ਸਾਹਿਬ ਵਿਚੋਂ ਨਿਕਲ ਕੇ ਵੱਸਣ ਵਾਲੇ ਸੰਧੂ ਗੋਤ ਦੇ 22 ਪਿੰਡਾਂ ਵਿਚੋਂ ਇਹ ਵੀ ਇਕ ਹੈ। ਸਿੱਖ ਰਾਜ ਵੇਲੇ ਪਿੰਡ ਤੋਂ ਬਾਹਰ ਬਾਬਾ ਸ੍ਰੀ ਚੰਦ ਦੀ ਸੰਪਰਦਾ ਦੇ ਉਦਾਸੀ ਸਾਧੂ ਬਾਬਾ ਰਤਨਦੇਵ ਰਹਿੰਦੇ ਸਨ, ਜਿਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਮਰਹਾਣੇ ਆ ਕੇ ਮਿਲੇ ਸਨ ਅਤੇ ਇਕ ਖੂਹ ਲਗਵਾਇਆ ਸੀ। ਇਸ ਸਥਾਨ 'ਤੇ ਗੁਰਦੁਆਰਾ ਰਾਠੀਕੇ ਬਣਿਆ ਹੋਇਆ ਹੈ। ਪਿੰਡ ਦੇ ਲੋਕ ਦੱਸਦੇ ਹਨ ਕਿ ਜਦੋਂ ਪੰਜਾਬ ਵਿਚ ਅੰਗਰੇਜ਼ੀ ਰਾਜ ਸੀ ਤਾਂ ਪਿੰਡ ਵਿਚ ਪਲੇਗ ਫੈਲਣ ਕਾਰਨ ਲੋਕ ਮਰਨ ਲੱਗੇ। ਇਸ ਤੋਂ ਦੁਖੀ ਪਿੰਡ ਵਾਸੀ ਬਾਬਾ ਰਤਨਦੇਵ ਕੋਲ ਮਦਦ ਲਈ ਆਏ। ਬਾਬਾ ਜੀ ਨੇ ਲੋਕਾਂ ਦੇ ਭਲੇ ਦੀ ਅਰਦਾਸ ਕੀਤੀ ਤੇ ਅਗਲੇ ਦਿਨ ਹੀ ਆਪਣਾ ਸਰੀਰ ਤਿਆਗ ਦਿੱਤਾ, ਉਸ ਪਿੱਛੋਂ ਪਿੰਡ ਵਿਚ ਪਲੇਗ ਨਾਲ ਕੋਈ ਮੌਤ ਨਹੀਂ ਹੋਈ। ਖਾਲਸਾ ਰਾਜ ਦੇ ਸਮੇਂ ਸਿੱਖ ਪ੍ਰਚਾਰਕ ਬਾਬਾ ਬੀਰ ਸਿੰਘ ਵੀ ਇਸ ਪਿੰਡ ਆਏ, ਜਿਨਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਬਣਿਆ ਹੋਇਆ ਹੈ। ਇਸ ਪਿੰਡ ਨੇ ਆਜ਼ਾਦੀ ਲਹਿਰ ਦੀ ਜੰਗ ਵਿਚ ਵੱਡਾ ਯੋਗਦਾਨ ਪਾਇਆ ਹੈ।

ਪੰਜਾਬ ਦਾ ਕੋਈ ਟਾਂਵਾਂ ਹੀ ਪਿੰਡ ਜਾਂ ਸ਼ਹਿਰ ਹੋਵੇਗਾ, ਜਿਸ ਦੇ ਵਸਨੀਕਾਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਨਾ ਲਿਆ ਹੋਵੇ। ਪੰਜਾਬੀ ਦੇਸ਼ ਭਗਤਾਂ ਵਿਚੋਂ ਸਭ ਤੋਂ ਵੱਧ ਗਿਣਤੀ ਮਾਝੇ ਦੇ ਪਿੰਡਾਂ ਵਿਚ ਰਹਿਣ ਵਾਲਿਆਂ ਦੀ ਹੈ। ਜਿਵੇਂ ਚੋਹਲਾ ਸਾਹਿਬ ਦੇ ਗਦਰੀ ਬਾਬਾ ਸੁਚਾ ਸਿੰਘ ਸਮੇਤ 40 ਦੇਸ਼ ਭਗਤਾਂ ਨੇ, ਦਦੇਹਰ ਸਾਹਿਬ ਦੇ ਗਦਰੀ ਬਾਬਾ ਵਿਸਾਖਾ ਸਿੰਘ, ਸ਼ਹੀਦ ਸਾਧੂ ਸਿੰਘ (21ਨੰ. ਰਸਾਲਾ), ਨੌਸ਼ਹਿਰਾ ਪਨੂੰਆ ਦੇ ਸ਼ਹੀਦ ਤੇਜਾ ਸਿੰਘ (ਆਈਐੱਨਏ), ਸ਼ਹੀਦ ਪ੍ਰਿਥੀਪਾਲ ਸਿੰਘ ਅਤੇ ਗਦਰੀ ਬਾਬਾ ਜਿੰਦਰ ਸਿੰਘ ਸਮੇਤ 50 ਦੇ ਲਗਭਗ ਹੋਰ ਸੂਰਬੀਰ, ਢੋਟੀਆਂ ਤੇ ਰੂੜੀਵਾਲਾ ਆਦਿ ਪਿੰਡਾਂ ਦੇ ਦਰਜਨਾਂ ਦੇਸ਼ ਪ੍ਰੇਮੀਆਂ ਨੇ ਅਨੇਕਾਂ ਤਸੀਹੇ ਝੱਲੇ। ਇਹੋ ਜਿਹਾ ਹੀ ਪਿੰਡ ਹੈ ਮਰਹਾਣਾ। ਇਸ ਪਿੰਡ ਦੇ ਬਹੁਤ ਸਾਰੇ ਸੂਰਬੀਰਾਂ ਨੇ 1900 ਤੋਂ ਲੈ ਕੇ 1947 ਈ. ਤੱਕ ਦੇਸ਼ ਦੀ ਆਜ਼ਾਦੀ ਸਬੰਧੀ ਚੱਲੀਆਂ ਵੱਖ ਵੱਖ ਲਹਿਰਾਂ ਵਿਚ ਹਿੱਸਾ ਲੈਂਦਿਆ ਕਾਲੇ ਪਾਣੀ ਦੀ ਸਜ਼ਾ, ਪੁਲੀਸ ਦੇ ਤਸ਼ੱਸਦ, ਗੋਲੀਆਂ ਖਾਧੀਆਂ ਤੇ ਜਾਇਦਾਦਾਂ ਕੁਰਕ ਕਰਵਾਈਆਂ। ਇਥੇ ਅਸੀਂ ਮਰਹਾਣਾ ਪਿੰਡ ਵੱਖ ਵੱਖ ਆਜ਼ਾਦੀ ਲਹਿਰਾਂ 'ਚ ਹਿੱਸਾ ਲੈਣ ਵਾਲੇ 38 ਸੂਰਬੀਰਾਂ ਦੀਆਂ ਕੁਰਬਾਨੀਆਂ ਦਾ ਸੰਖੇਪ ਵੇਰਵਾ ਸਾਂਝਾ ਕਰਾਂਗੇ:

ਅੰਡੇਮਾਨ ਦੀ ਕਾਲੇਪਾਣੀ ਜੇਲ ਦੇ ਤਸੀਹੇ ਝੱਲਦੇ ਹੋਏ ਸ਼ਹੀਦ ਹੋਣ ਵਾਲੇ ਗਦਰੀ ਕੇਹਰ ਸਿੰਘ ਪੁੱਤਰ ਨਿਹਾਲ ਸਿੰਘ ਦਾ ਜਨਮ ਮਰਹਾਣਾ ਵਿਚ 1892 ਈ. ਨੂੰ ਮਾਤਾ ਚੰਦ ਕੌਰ ਦੀ ਕੁੱਖੋਂ ਹੋਇਆ। ਜਵਾਨੀ ਵੇਲੇ ਉਹ ਅਮਰੀਕਾ ਚਲੇ ਗਏ। 1914 ਈ. ਵਿਚ ਜਦ ਗਦਰ ਪਾਰਟੀ ਵਲੋਂ ਗਦਰ ਦਾ ਐਲਾਨ ਕੀਤਾ ਗਿਆ ਤਾਂ ਸਾਥੀਆਂ ਨਾਲ ਭਾਰਤ ਵੱਲ ਚੱਲ ਪਏ। ਕਟਾਨਾ ਮਾਰੂ ਜਹਾਜ਼ ਰਾਹੀਂ ਭਾਰਤ ਪੁੱਜਣ 'ਤੇ ਕਲਕੱਤੇ ਬੰਦਰਗਾਹ 'ਤੇ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ। ਕੁੱਝ ਸਮਾਂ ਪਿੰਡ ਵਿਚ ਨਜ਼ਰਬੰਦ ਕਰਨ ਮਗਰੋਂ ਉਨਾਂ ਨੂੰ ਲਾਹੌਰ ਸਾਜਿਸ਼ ਕੇਸ (ਪਹਿਲਾ) ਵਿਚ ਸ਼ਾਮਲ ਕਰ ਦਿੱਤਾ ਗਿਆ। ਇਸ ਕੇਸ ਵਿਚ ਉਨਾਂ ਨੂੰ ਉਮਰ ਕੈਦ ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾ ਕੇ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ ਭੇਜ ਦਿੱਤਾ ਗਿਆ। ਜੇਲ ਦੇ ਅਣਮਨੁੱਖੀ ਤਸੀਹਿਆਂ ਅਤੇ ਤਸ਼ੱਦਦ ਨਾਲ ਉਨਾਂ ਦੀ ਸਿਹਤ ਸੇਹਤ ਵਿਗੜ ਗਈ ਅਤੇ 26 ਅਪਰੈਲ 1919 ਨੂੰ ਅੰਡੇਮਾਨ ਜੇਲ ਵਿਚ ਸ਼ਹੀਦ ਹੋ ਗਏ।




ਗਦਰੀ ਬਾਬਾ ਈਸ਼ਰ ਸਿੰਘ ਦਾ ਜਨਮ 1878 ਈ. ਨੂੰ ਜਿੰਦ ਸਿੰਘ ਤੇ ਮਾਤਾ ਚੰਦ ਕੌਰ ਦੇ ਘਰ ਹੋਇਆ। 1905-06 ਵਿਚ ਉਹ ਹਾਂਗਕਾਂਗ, ਸਿੰਘਾਪੁਰ ਤੋਂ ਪਨਾਮਾ ਹੰਦੇ ਹੋਏ ਕੈਲੇਫੋਰਨੀਆਂ ਪੁੱਜੇ। ਸਟੌਕਟਨ ਵਿਚ ਬਾਬਾ ਜਵਾਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਵਾਲੇ ਫਾਰਮ ਵਿਚ ਕੰਮ ਕਰਦਿਆਂ ਉਹ ਵੀ ਗਦਰ ਪਾਰਟੀ ਦੀਆਂ ਸਰਗਰਮੀਆਂ ਨਾਲ ਜੁੜ ਗਏ। 1914 ਨੂੰ ਗਦਰ ਦਾ ਐਲਾਨ ਹੋਣ 'ਤੇ ਉਹ ਗਦਰੀ ਆਗੂਆਂ ਨਾਲ ਤੋਸ਼ਾਮਾਰੂ ਜਹਾਜ਼ ਰਾਹੀਂ ਭਾਰਤ ਪੁੱਜੇ ਤਾਂ ਇਨਾਂ ਨੂੰ ਗ੍ਰਿਫ਼ਤਾਰ ਕਰਕੇ 1916 ਤੱਕ ਵੱਖ ਵੱਖ ਜੇਲਾਂ ਵਿਚ ਕੈਦ ਰੱਖਿਆ ਗਿਆ। ਮਗਰੋਂ ਪਿੰਡ ਵਿਚ ਹੀ ਜੂਹ ਬੰਦ ਰੱਖਿਆ ਗਿਆ। ਗੁਰਦੁਆਰਾ ਸੁਧਾਰ ਲਹਿਰ ਵੇਲੇ ਉਨਾਂ 1922 ਨੂੰ ਪਿੰਡ ਵਿਚ ਅਕਾਲੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। 1923 'ਚ ਉਨਾਂ ਨੂੰ 5 ਸਾਲ ਕੈਦ ਅਤੇ 700 ਰੁਪਏ ਜ਼ੁਰਮਾਨੇ ਦੀ ਸਜ਼ਾ ਹੋਈ। 24 ਜੁਲਾਈ 1936 ਈ. ਉਹ ਸਰਬਸੰਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣੇ। ਉਹ ਦੇਸ਼ ਦੀ ਆਜ਼ਾਦੀ ਲਈ ਨਿਰੰਤਰ ਜੱਦੋ-ਜਹਿਦ ਕਰਦੇ ਹੋਏ 16 ਅਗਸਤ 1941 ਨੂੰ ਚਲਾਣਾ ਕਰ ਗਏ। ਪਿੰਡ ਦਾ ਸਰਕਾਰੀ ਹਾਈ ਸਕੂਲ ਉਨਾਂ ਦੇ ਨਾਂ 'ਤੇ ਚੱਲ ਰਿਹਾ ਹੈ।

ਗ਼ਦਰੀ ਮੱਘਰ ਸਿੰਘ, ਭਾਈ ਪਾਲ ਸਿੰਘ, ਤਲੋਕ ਸਿੰਘ ਅਤੇ ਭਾਈ ਸੋਭਾ ਸਿੰਘ ਵੀ ਮਰਹਾਣੇ ਦੇ ਹੀ ਜੰਮਪਲ ਸਨ, ਜੋ ਗਦਰ ਪਾਰਟੀ ਦੇ ਗਠਨ ਸਮੇਂ ਅਮਰੀਕਾ ਵਿਚ ਸਨ ਤੇ ਇਸਦੇ ਸਰਗਰਮ ਮੈਂਬਰ ਬਣ ਗਏ। 1914 ਈ. 'ਚ ਗਦਰ ਪਾਰਟੀ ਵੱਲੋਂ ਗਦਰ ਦਾ ਐਲਾਨ ਕਰਨ 'ਤੇ ਕੇਹਰ ਸਿੰਘ ਨੇ ਸਾਥੀਆਂ ਨਾਲ ਭਾਰਤ ਵੱਲ ਚਾਲੇ ਪਾ ਦਿੱਤੇ। ਤੋਸ਼ਾਮਾਰੂ ਜਹਾਜ਼ ਰਾਹੀਂ ਭਾਰਤ ਪੁੱਜਣ 'ਤੇ ਅੰਗਰੇਜ਼ ਸਰਕਾਰ ਵੱਲੋਂ ਗ੍ਰਿਫ਼ਤਾਰ ਕਰਕੇ ਸਾਢੇ ਤਿੰਨ ਸਾਲ ਮੁਲਤਾਨ, ਕੈਂਬਲਪੁਰ ਤੇ ਕਲਕੱਤੇ ਦੀਆਂ ਜੇਲਾਂ ਵਿੱਚ ਕੈਦ ਰੱਖਣ ਮਗਰੋਂ 3 ਸਾਲ ਪਿੰਡ ਵਿਚ ਹੀ ਨਜ਼ਰਬੰਦ ਰੱਖਿਆ ਗਿਆ। ਇਸ ਤੋਂ ਇਲਾਵਾ ਸਰਕਾਰ ਖ਼ਿਲਾਫ਼ ਗਤੀਵਿਧੀਆਂ 'ਚ ਹਿੱਸਾ ਨਾ ਲੈਣ ਦੇ 14000 ਰੁਪਏ ਦੇ ਸਕਿਉਰਟੀ ਬਾਂਡ ਵੀ ਭਰਵਾਏ ਗਏ। ਉਹ ਇਸ ਦੀ ਪਰਵਾਹ ਨਾ ਕਰਦੇ ਹੋਏ ਨਾ ਮਿਲਵਰਤਣ ਅੰਦੋਲਨ ਅਤੇ ਹੋਰ ਲਹਿਰਾਂ ਵਿਚ ਹਿੱਸਾ ਲੈਂਦੇ ਰਹੇ ਅਤੇ ਜੇਲਾਂ ਵਿਚ ਜਾਂਦੇ ਰਹੇ। ਉਹ 1949 ਈ. ਨੂੰ ਅਕਾਲ ਚਲਾਣਾ ਕਰ ਗਏ। ਪਾਲ ਸਿੰਘ 1953 ਈ. ਤੇ ਸੋਭਾ ਸਿੰਘ 1940 ਈ. ਨੂੰ ਚਲਾਣਾ ਕਰ ਗਏ।

ਤਰਾਸਦੀ ਹੈ ਕਿ ਇਨਾਂ ਸ਼ਹੀਦਾਂ ਅਤੇ ਆਜ਼ਾਦੀ ਸੰਗਰਾਮੀਆਂ ਦੀ ਪਿੰਡ ਜਾਂ ਹੋਰ ਕਿਤੇ ਵੀ ਕੋਈ ਯਾਦਗਰ ਨਹੀਂ ਬਣੀ। ਇਥੋਂ ਤੱਕ ਕਿ ਇਨਾਂ ਸੂਰਮਿਆਂ ਦੇ ਨਾਂ ਵੀ ਇਕੱਠੇ ਲਿਖੇ ਨਹੀਂ ਮਿਲਦੇ।

ਗੁਰੂ ਕਾ ਬਾਗ ਮੋਰਚੇ ਦੌਰਾਨ 3 ਸਤੰਬਰ 1922 ਨੂੰ ਅਕਾਲੀ ਜਥਾ ਅੰਮ੍ਰਿਤਸਰ ਦੇ 100 ਸਿੰਘਾਂ ਦਾ ਤੀਸਰਾ ਜਥਾ ਚੰਨਣ ਸਿੰਘ ਮਰਹਾਣਾ ਪੁੱਤਰ ਜਥੇਦਾਰ ਬੂਟਾ ਸਿੰਘ ਦੀ ਅਗਵਾਈ ਹੇਠ ਰਵਾਨਾ ਹੋਇਆ। ਇਸ ਜਥੇ ਵਿਚ ਮਰਹਾਣਾ ਪਿੰਡ ਦੇ ਧਿਆਨ ਸਿੰਘ, ਬੂੜ ਸਿੰਘ, ਫਤਹਿ ਸਿੰਘ, ਕਪੂਰ ਸਿੰਘ, ਲਛਮਣ ਸਿੰਘ, ਲੱਖਾ ਸਿੰਘ, ਮੱਘਰ ਸਿੰਘ, ਨੱਥਾ ਸਿੰਘ, ਉਤਮ ਸਿੰਘ, ਉਜਾਗਰ ਸਿੰਘ, ਟਹਿਲ ਸਿੰਘ, ਸੁਰਜਨ ਸਿੰਘ, ਸੁਰਜਨ ਸਿੰਘ ਸ਼ਾਮਲ ਸਨ। ਹਰਛਾ ਛੀਨਾ ਦੇ ਪੁਲ 'ਤੇ ਅੰਗਰੇਜ਼ ਪੁਲੀਸ ਨੇ ਇਸ ਜਥੇ ਦੇ ਸਿੰਘਾਂ ਨਾਲ ਕੁੱਟਮਾਰ ਕੀਤੀ। ਜ਼ਖ਼ਮੀਆਂ ਨੂੰ ਗ੍ਰਿਫ਼ਤਾਰ ਕਰਕੇ ਵੱਖ ਵੱਖ ਜੇਲਾਂ ਵਿਚ ਕੈਦ ਰੱਖਿਆ ਅਤੇ ਜ਼ੁਰਮਾਨੇ ਕੀਤੇ।

ਨਨਕਾਣਾ ਸਾਹਿਬ ਮੋਰਚੇ ਵਿਚ ਹਿੱਸਾ ਲੈਣ ਵਾਲੇ ਇੰਦਰ ਸਿੰਘ ਪੁੱਤਰ ਭਗਵਾਨ ਸਿੰਘ ਦਾ ਜਨਮ 1886 ਈ ਵਿਚ ਹੋਇਆ। ਉਨਾਂ ਨੇ ਲੋਕਾਂ ਵਿਚ ਮੋਰਚੇ ਸਬੰਧੀ ਜਾਗ੍ਰਿਤੀ ਪੈਦਾ ਕੀਤੀ। ਨਨਕਾਣਾ ਸਾਹਿਬ ਦੇ ਮੋਰਚੇ ਵਿਚ ਉਨਾਂ ਨੂੰ 5 ਸਾਲ ਦੀ ਕੈਦ ਤੇ 7000 ਰੁਪਏ ਜ਼ੁਰਮਾਨਾ ਹੋਇਆ। ਕਿਸਾਨ ਮੋਰਚੇ ਦੌਰਾਨ ਵੀ ਉਨਾਂ 8 ਮਹੀਨੇ ਕੈਦ ਕੱਟੀ। ਜੈਤੋ ਦੇ ਮੋਰਚੇ ਵਿਚ ਈਸ਼ਰ ਸਿੰਘ ਪੁੱਤਰ ਜਵਾਲਾ ਸਿੰਘ ਅਤੇ ਲਛਮਣ ਸਿੰਘ ਪੁੱਤਰ ਖੇਮ ਸਿੰਘ ਨੇ 2-2 ਸਾਲ ਦੀ ਕੈਦ ਨਾਭਾ ਬੀੜ ਜੇਲ 'ਚ ਕੱਟੀ।

ਵੱਖ ਵੱਖ ਲੋਕ ਲਹਿਰਾਂ ਵਿਚ ਸ਼ਾਮਲ ਆਜ਼ਾਦੀ ਘੁਲਾਟੀਏ 1939 ਈ. ਦੇ ਕਿਸਾਨ ਮੋਰਚੇ ਦੌਰਾਨ ਹਿੱਸਾ ਲੈਣ ਵਾਲੇ ਅਤੇ ਸਜ਼ਾਵਾਂ ਕੱਟਣ ਵਾਲਿਆਂ ਵਿਚ ਇਸ ਪਿੰਡ ਦੇ ਆਸਾ ਸਿੰਘ ਪੁੱਤਰ ਜਿੰਦ ਸਿੰਘ, ਪਰੇਮ ਸਿੰਘ ਪੁੱਤਰ ਮੀਹਾਂ ਸਿੰਘ, ਸੁਦਾਗਰ ਸਿੰਘ ਪੁੱਤਰ ਸੁਰੈਣ ਸਿੰਘ ਤੇ ਇੰਦਰ ਸਿੰਘ ਪੁੱਤਰ ਭਗਵਾਨ ਸਿੰਘ ਸ਼ਾਮਲ ਸਨ।

ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ 'ਚ ਇਸ ਪਿੰਡ ਦੇ ਈਸ਼ਰ ਸਿੰਘ ਪੁੱਤਰ ਜਿੰਦ ਸਿੰਘ ਸਨ, ਜਿਨਾਂ ਨੇ ਗ੍ਰਿਫ਼ਤਾਰੀ ਮਗਰੋਂ ਤਿੰਨ ਸਾਲ ਦੀ ਕੈਦ ਕੱਟੀ। ਉਨਾਂ ਜਲਿਆਂ ਵਾਲਾ ਬਾਗ ਮੂਵਮੈਂਟ ਦੌਰਾਨ ਵੀ 900 ਰੁਪਏ ਜ਼ੁਰਮਾਨਾ ਅਤੇ 7 ਸਾਲ ਕੈਦ ਦੀ ਸਜਾ ਕੱਟੀ।

ਨਾ ਮਿਲਵਰਤਣ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਸੰਤਾ ਸਿੰਘ ਪੁੱਤਰ ਸੁਰੈਣ ਸਿੰਘ ਤੇ ਲਛਮਣ ਸਿੰਘ ਪੁੱਤਰ ਪੁੱਤਰ ਖੁਸ਼ਹਾਲ ਸਿੰਘ ਸਨ, ਜਿਨਾਂ ਨੇ 4 ਸਾਲ ਸਾਲ ਦੀ ਜੇਲ ਕੱਟੀ।

ਆਈਐੱਨਏ ਦੇ ਸ਼ਹੀਦ ਫੌਜਾ ਸਿੰਘ ਪੁੱਤਰ ਬੇਅੰਤ ਸਿੰਘ, ਜਿਨਾਂ ਨੂੰ 1945 'ਚ ਲਾਲ ਕਿਲੇ 'ਚ ਫਾਂਸੀ ਦਿੱਤੀ ਗਈ ਸੀ, ਇਸੇ ਪਿੰਡ ਦੇ ਜੰਮਪਲ ਸਨ।

# ਲਾਹੌਰ ਵਿਚ ਦੇਸੀ ਕੁਸ਼ਤੀ ਦਾ ਇਤਿਹਾਸ ਤੇ ਪਰੰਪਰਾ

**- ਮਜੀਦ ਸ਼ੇਖ਼**

ਲਾਹੌਰ ਦੇ ਇਤਿਹਾਸ ਵਿਚ ਹੋਣ ਵਾਲੇ ਸ਼ਾਨਦਾਰ ਕੁਸ਼ਤੀ ਦੰਗਲਾਂ ਵਿਚੋਂ ਇਕ ਦੰਗਲ ਉਹ ਸੀ ਜਦੋਂ ਗੁਜਰਾਂਵਾਲਾ ਤੋਂ ਹਰੀ ਸਿੰਘ ਨਾਮੀ 18 ਸਾਲਾ ਨੌਜਵਾਨ 1803 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਚੱਲ ਰਹੇ ਸ਼ਾਹੀ ਦੰਗਲ ਵਿਚ ਪੁੱਜਾ। ਇਸ ਨੌਜਵਾਨ ਨੇ ਲਗਾਤਾਰ ਲੱਗੇ ਜੁੱਟਾਂ ਦੌਰਾਨ ਪੰਜਾਬ ਦੇ ਉਸ ਵੇਲੇ ਦੇ ਸਾਰੇ ਕਹਿੰਦੇ-ਕਹਾਉਂਦੇ ਪਹਿਲਵਾਨਾਂ ਨੂੰ ਚਿੱਤ ਕਰ ਦਿੱਤਾ। ਨੌਜਵਾਨ ਦਾ ਪੂਰਾ ਨਾਂ ਸੀ ਹਰੀ ਸਿੰਘ ਨਲਵਾ ਸੀ, ਜਿਸ ਨੇ ਅਗਾਂਹ ਜਾ ਕੇ ਲਾਹੌਰ ਦਰਬਾਰ ਦੀ ਪੰਜਾਬੀ ਸਿੱਖ ਫ਼ੌਜ ਦਾ ਸੰਸਾਰ ਪ੍ਰਸਿੱਧ ਜਰਨੈਲ ਬਣਨਾ ਸੀ। ਇਸ ਤੋਂ ਬਹੁਤ ਵਰਿਆਂ ਬਾਅਦ ਇਕ ਹੋਰ 'ਸ਼ਾਹੀ ਦੰਗਲ' ਨੇ ਸਮੁੱਚੇ ਬਰ-ਏ-ਸ.ਗੀਰ (ਉਪ ਮਹਾਂਦੀਪ) ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਹ ਦੰਗਲ ਲਾਹੌਰ ਦੇ ਰੁਸਤਮ-ਏ-ਹਿੰਦ ਪਹਿਲਵਾਨ ਗਾਮਾ ਅਤੇ ਪੋਲੈਂਡ ਦੇ ਆਲਮੀ ਚੈਂਪੀਅਨ ਪਹਿਲਵਾਨ ਜ਼ਾਈਬਿਸਕੋ ਦਰਮਿਆਨ 1935 ਵਿਚ ਹੋਇਆ। ਇਸ ਦਰਸ਼ਨੀ ਦੰਗਲ ਦੀਆਂ ਗੱਲਾਂ ਅੱਜ ਵੀ ਪੁਰਾਣੇ ਅੰਦਰੂਨੀ ਲਾਹੌਰ ਸ਼ਹਿਰ ਵਿਚ ਹੁੰਦੀਆਂ ਹਨ। ਜਿੰਨਾ ਚਿਰ ਅਹਿਮਦ ਬਖ਼ਸ਼ ਗਾਮਾ ਪਹਿਲਵਾਨ ਕੁਸ਼ਤੀਆਂ ਲੜਦਾ ਰਿਹਾ, ਉਸ ਨੇ ਕੁਸ਼ਤੀ ਦੇ ਹਰ ਰੂਪ ਦੇ ਕਰੀਬ ਹਰੇਕ ਚੈਂਪੀਅਨ ਨੂੰ ਹਰਾਇਆ। ਅਖਾੜੇ ਵਿਚ ਉਸ ਦੀਆਂ ਮਾਰੀਆਂ ਮੱਲਾਂ ਨੇ ਬਰ-ਏ-ਸ.ਗੀਰ ਦੀ ਦੇਸੀ ਕੁਸ਼ਤੀ ਨੂੰ ਕੌਮਾਂਤਰੀ ਰੁਤਬਾ ਦਿਵਾਇਆ ਅਤੇ ਕੁਸ਼ਤੀ ਨੂੰ ਬੜੀ ਲਾਸਾਨੀ ਤੇ ਵਧੀਆ ਖੇਡ ਵਜੋਂ ਸਾਖ਼ ਦਿਵਾਈ। ਗਾਮਾ ਪਹਿਲਵਾਨ ਇਸ ਨੂੰ 'ਇੱਜ਼ਤਦਾਰ ਬੰਦਿਆਂ ਦੀ ਤਾਕਤ ਤੇ ਫ਼ੁਰਤੀ ਵਾਲੀ' ਖੇਡ ਕਰਾਰ ਦਿੰਦਾ ਸੀ। ਸਾਲ 1910 ਵਿਚ 'ਰੁਸਤਮ-ਏ-ਹਿੰਦ' ਦੇ ਖ਼ਿਤਾਬ ਲਈ ਮੁਕਾਬਲਾ ਹੋਇਆ, ਜਿਸ ਵਿਚ ਗਾਮਾ ਆਪਣੇ ਸਾਰੇ ਵਿਰੋਧੀਆਂ ਨੂੰ ਹਰਾ ਕੇ ਚੈਂਪੀਅਨ ਬਣਿਆ। ਗਾਮੇ ਦਾ ਫਾਈਨਲ ਮੁਕਾਬਲਾ ਯੂਰੋਪੀਅਨ ਚੈਂਪੀਅਨ ਜੇ.ਸੀ. ਪੀਟਰਸਨ ਨਾਲ ਹੋਇਆ, ਜਿਸ ਨੂੰ ਉਸ ਨੇ ਮਹਿਜ਼ 45 ਸਕਿੰਟਾਂ ਵਿਚ ਪਿੱਠ ਲਾ ਕੇ ਉਹ ਮਾਰਿਆ। ਗਾਮਾ 22 ਮਈ, 1960 ਨੂੰ ਲਾਹੌਰ ਵਿਚ ਫੌਤ ਹੋਇਆ। ਹਜ਼ਾਰਾਂ ਸਾਲਾਂ ਤੋਂ ਕੁਸ਼ਤੀ ਇਕ ਸ਼ਾਹੀ ਖੇਡ ਰਹੀ ਹੈ ਅਤੇ ਬੀਤੀਆਂ ਸਦੀਆਂ ਦੌਰਾਨ ਬਿਹਤਰੀਨ ਪਹਿਲਵਾਨ ਹੀ ਬਿਹਤਰੀਨ ਜਰਨੈਲ ਵੀ ਬਣੇ। ਜਿਸਮਾਨੀ ਤਾਕਤ ਪ੍ਰਤੀ ਅੱਜ ਵੀ ਇੰਨੀ ਖਿੱਚ ਬਰਕਰਾਰ ਹੈ। ਲਾਹੌਰ ਸ਼ਹਿਰ ਦੀ ਕੁਸ਼ਤੀ ਪੱਖੋਂ ਆਪਣੀ ਖ਼ਾਸ ਰਵਾਇਤ ਹੈ ਅਤੇ ਹੁਣ ਇਸ ਰਵਾਇਤ ਦੇ ਧੁੰਦਲੀ ਪੈਣ ਦੇ ਨਾਲ ਹੀ ਇਹ ਸਮਾਂ ਹੈ ਜਦੋਂ ਸਾਨੂੰ ਇਸ ਦੀ ਅਹਿਮੀਅਤ ਸਮਝਣ ਦੀ ਲੋੜ ਹੈ, ਤਾਂ ਕਿ ਇਸ ਨੂੰ ਬਹਾਲ ਕੀਤਾ ਜਾ ਸਕੇ।

ਸਾਰੇ ਪਹਿਲਵਾਨ ਕਿਸੇ ਖ਼ਾਸ 'ਅਖਾੜੇ' ਨਾਲ ਜੁੜੇ ਹੁੰਦੇ ਸਨ। ਮੁਕਾਮੀ ਲੋਕਧਾਰਾ ਵਿਚ ਇਹ ਅਖਾੜੇ ਬਹੁਤ ਹੀ ਲਾਸਾਨੀ ਥਾਵਾਂ ਸਨ। ਲਾਹੌਰ ਵਿਚ ਬੁਨਿਆਦੀ ਦੌਰ 'ਤੇ ਪਹਿਲਵਾਨਾਂ ਦੇ ਤਿੰਨ ਸਮੂਹ ਜਾਂ ਅਖਾੜੇ ਸਨ- ਕਾਲੂਵਾਲਾ, ਨੂਰਵਾਲਾ ਅਤੇ ਕੋਟਵਾਲਾ। ਹਰੇਕ ਅਖਾੜੇ ਵਿਚ ਆਪੋ-ਆਪਣੇ ਪਹਿਲਵਾਨਾਂ ਨੂੰ ਕੁਸ਼ਤੀ ਦੇ ਗੁਰ ਸਿਖਾਏ ਜਾਂਦੇ ਹਨ ਅਤੇ ਜ਼ੋਰ ਕਰਵਾਏ ਜਾਂਦੇ। ਬਾਅਦ ਵਿਚ ਵੱਖੋ-ਵੱਖ ਅਖਾੜਿਆਂ ਦੇ ਪਹਿਲਵਾਨਾਂ ਦਰਮਿਆਨ ਕੁਸ਼ਤੀ ਦੰਗਲ ਹੁੰਦੇ। ਸਮਾਂ ਪੈ ਕੇ ਲਾਹੌਰ ਵਿਚ ਅਜਿਹੇ ਸੈਂਕੜੇ ਕੁਸ਼ਤੀ ਅਖਾੜੇ ਬਣ ਗਏ ਅਤੇ ਫਿਰ ਵਕਤ ਗੁਜ਼ਰਨ ਦੇ ਨਾਲ ਇਨਾਂ ਵਿਚ ਨਿਘਾਰ ਆਉਂਦਾ ਗਿਆ।

ਸਾਲ 1962 ਵਿਚ ਛਪੇ ਇਕ ਸੰਗ੍ਰਹਿ 'ਨਕੂਸ਼', ਜਿਸ ਨੂੰ ਹੁਣ ਮੁੜ ਤੋਂ ਛਾਪੇ ਜਾਣ ਦੀ ਲੋੜ ਹੈ, ਮੁਤਾਬਕ ਲਾਹੌਰ ਦੇ 'ਅਹਿਮ' ਅਖਾੜਿਆਂ ਵਿਚ ਅਖਾੜਾ ਖ਼ਲੀਫ਼ਾ ਬੂਟਾ, ਮੋਹਣੀ ਰੋਡ ਉਤੇ ਅਖਾੜਾ ਗਾਮਾ, ਇਮਾਮ ਬਖ਼ਸ਼, ਅਖਾੜਾ ਤਕਿਆ ਤਾਜੇ ਸ਼ਾਹ, ਅਖਾੜਾ ਚਾਨਣ ਕਸਾਈ, ਅੰਦਰੂਨੀ ਸ਼ਹਿਰ ਵਿਚ ਅਖਾੜਾ ਨਾਥੇ ਸ਼ਾਹ ਅਤੇ ਅਖਾੜਾ ਨਾਜ਼ਦ ਪੁਲ ਮਿਸਰੀ ਸ਼ਾਹ ਪ੍ਰਮੁੱਖ ਹਨ। ਇਕ ਹੋਰ ਨਾਮੀ ਅਖਾੜਾ ਸੀ ਵਿਆਮ ਸ਼ਾਹ, ਜਿਸ ਨਾਲ ਭੋਲੂ ਪਹਿਲਵਾਨ, ਅਸਲਮ, ਅਕਰਮ, ਗੋਗਾ ਅਤੇ ਆਜ਼ਮ ਆਦਿ ਸਿਰੇ ਦੇ ਪਹਿਲਵਾਨ ਜੁੜੇ ਰਹੇ ਹਨ। ਅਖਾੜਾ ਚੌਕ ਬਰ.ਫ ਖ਼ਾਨਾ ਦਾ ਵੀ ਬੜਾ ਉੱਚਾ ਰੁਤਬਾ ਰਿਹਾ ਹੈ। ਹੋਰ ਨਾਮੀ ਅਖਾੜਿਆਂ ਵਿਚ ਅਖਾੜਾ ਖ਼ਲੀ.ਫਾ ਬਖ਼ਸ਼ੀ, ਅਖਾੜਾ ਜਾਨੀ ਪਹਿਲਵਾਨ ਅਤੇ ਰੁਸਤਮ-ਏ-ਜ਼ਮਾਂ ਦੀ ਮਾਲਕੀ ਵਾਲਾ ਅਖਾੜਾ ਘੱਦੂ ਸ਼ਾਹ ਸ਼ਾਮਲ ਸਨ। ਅੰਦਰੂਨੀ ਸ਼ਹਿਰ ਦੇ ਬਿਲਕੁਲ ਬਾਹਰਵਾਰ ਸਰਕੂਲਰ ਗਾਰਡਨਜ਼ ਵਿਚ ਵੀ ਦੋ ਮੰਨੇ-ਪ੍ਰਮੰਨੇ ਅਖਾੜੇ ਸਨ, ਦੋਵਾਂ ਦਾ ਨਾਂ ਸੀ ਅਖਾੜਾ ਬਾਲਮੀਕੀਆਂ। ਇਨਾਂ ਵਿਚੋਂ ਇਕ ਭਾਟੀ ਗਲੀ ਦੇ ਬਾਹਰਵਾਰ ਅਤੇ ਦੂਜਾ ਟਕਸਾਲੀ ਗੇਟ ਦੇ ਬਾਹਰਵਾਰ ਸੀ।

ਪਿਛਲੇ 59 ਸਾਲਾਂ ਦੇ ਸਮੇਂ ਨੂੰ ਮੇਰੇ ਮਰਹੂਮ ਵਾਲਿਦ 'ਦਾਅਵੇ ਦੀ ਜ਼ਹਿਨੀਅਤ' ਵਾਲੇ ਸਾਲ ਕਰਾਰ ਦਿੰਦੇ ਸਨ, ਜੋ ਬਾਅਦ ਵਿਚ 'ਕਬਜ਼ਾ ਦੌਰ' ਵਿਚ ਬਦਲ ਗਏ ਅਤੇ ਅਜੋਕਾ ਦੌਰ 'ਮਿਲਿਟਰੀ ਪਲਾਟਸ ਦੌਰ' ਵਜੋਂ ਮਕਬੂਲ ਹੈ, ਜਦੋਂ ਇਨਾਂ ਅਖਾੜਿਆਂ ਉਤੇ ਕਬਜ਼ੇ ਕਰ ਕੇ ਇਨਾਂ ਨੂੰ ਪਲਾਟਾਂ ਵਜੋਂ ਵੇਚਣ ਲਈ ਲਾ ਦਿੱਤਾ ਗਿਆ। ਇਸ ਦੇ ਬਾਵਜੂਦ 'ਦੇਸੀ ਕੁਸ਼ਤੀ' ਲਈ ਥਾਂ ਦੀ ਲੋੜ ਬਰਕਰਾਰ ਰਹੀ ਅਤੇ ਇਸ ਦੇ ਸਿੱਟੇ ਵਜੋਂ ਅਸੀਂ ਅਜੋਕੇ ਕੁਸ਼ਤੀ ਕਲੱਬਾਂ ਨੂੰ ਦੇਖਦੇ ਹਾਂ, ਜਿਹੜਾ ਪੁਰਾਣੇ ਪਰਿਵਾਰਕ ਮਾਲਕੀ ਵਾਲੇ 'ਅਖਾੜਿਆਂ' ਦਾ ਆਧੁਨਿਕ ਕਾਰਪੋਰੇਟੀ ਨਾਂ ਹੀ ਹੈ। ਇਨਾਂ ਨਵੇਂ ਕੁਸ਼ਤੀ ਕਲੱਬਾਂ ਦੀਆਂ ਕੁਝ ਮਿਸਾਲਾਂ ਦਿੰਦੇ ਹਾਂ: ਸ਼ਾਦਬਾਗ਼ ਨੰਬਰ 2 ਵਿਚ ਕਿਸੇ ਸਮੇਂ ਅਖਾੜਾ ਹਾਜੀ ਸਿੱਦੀਕ ਪਹਿਲਵਾਨ ਦਾ ਨਾਂ ਹੁਣ ਮੀਰਾਂ ਰੈਸਲਿੰਗ ਕਲੱਬ ਹੈ। ਇਸੇ ਤਰਾਂ ਕੋਟ ਖਵਾਜਾ ਸਈਦ ਵਿਚਲੇ ਅਖਾੜਾ ਕਾਲ਼ਾ ਜੱਟ ਨੂੰ ਹੁਣ ਕਾਲ਼ਾ ਜੱਟ ਰੈਸਲਿੰਗ ਕਲੱਬ ਆਖਿਆ ਜਾਂਦਾ ਹੈ। ਅਖਾੜਾ ਸਦੀਕ ਪਹਿਲਵਾਨ ਮੇਵਾ ਮੰਡੀ ਵਾਲੇ ਦਾ ਨਾਂ ਹੁਣ ਸਦੀਕ ਰੈਸਲਿੰਗ ਕਲੱਬ, ਸਾਦਿਕਾਬਾਦ, ਲਾਹੌਰ ਹੈ। ਇਕ ਬਹੁਤ ਹੀ ਮੰਨਿਆ-ਪ੍ਰਮੰਨਿਆ ਤੇ ਪੁਰਾਣਾ ਅਖਾੜਾ ਸ਼ਾਹ ਮੀਰਾਂ ਵਿਚ ਸੀ, ਅਖਾੜਾ ਸੱਜਣ ਪਹਿਲਵਾਨ, ਜਿਸ ਦਾ ਨਾਂ ਹੁਣ ਸੱਜਣ ਰੈਸਲਿੰਗ ਕਲੱਬ ਹੋ ਗਿਆ ਹੈ। ਇਕ ਹੋਰ ਦਿਲਚਸਪ ਨਾਂ ਅਖਾੜਾ ਬਿੱਲਾ ਚੰਗਰ ਪਹਿਲਵਾਨ ਦਾ ਨਾਂ ਹੁਣ ਬਿੱਲਾ ਰੈਸਲਿੰਗ ਕਲੱਬ, ਸ਼ਾਹਦਰਾ ਹੈ। ਭਾਵ ਸਮਾਂ ਬਦਲਣ ਦੇ ਨਾਲ ਨਵੇਂ ਰਸੂਖ਼, ਮਾਣ-ਸਨਮਾਨ ਦੀ ਦੌੜ ਲੱਗੀ ਹੋਈ ਹੈ ਪਰ ਇਸ ਦੇ ਬਾਜਵੂਦ ਕੁਸ਼ਤੀ ਦਾ ਸਦੀਆਂ ਪੁਰਾਣਾ ਰੁਤਬਾ ਤੇ ਖਿੱਚ ਕਾਇਮ ਹੈ। ਇਨਾਂ ਵਿਚੋਂ ਕੁਝ ਨਾਂ ਅੱਜ ਨਾਗਵਾਰ ਜਾਂ ਮਾੜੇ ਲੱਗ ਸਕਦੇ ਹਨ, ਪਰ ਇਨਾਂ ਛੋਟੇ-ਛੋਟੇ ਨਾਵਾਂ ਨਾਲ ਸਬੰਧਤ ਪਹਿਲਵਾਨ ਦਾ ਇਤਿਹਾਸ ਤੇ ਉਸ ਦੇ ਕਾਰਨਾਮੇ ਜੁੜੇ ਹੋਏ ਹਨ। ਮਿਸਾਲ ਵਜੋਂ ਅਖਾੜਾ ਪੱਪੂ ਪਹਿਲਵਾਨ ਚੜਦਾ ਸੂਰਜ ਹੁਣ ਪੱਪੂ ਰੈਸਲਿੰਗ ਕਲੱਬ ਬਣ ਚੁੱਕਾ ਹੈ। ਕੋਈ ਵਕਤ ਸੀ ਜਦੋਂ ਇਸ ਦਾ ਬਾਨੀ ਪੱਪੂ ਪਹਿਲਵਾਨ ਆਖਦਾ ਹੁੰਦਾ ਸੀ ਕਿ ਉਹ ਗਾਮੇ ਤੇ ਭੋਲੂ ਪਹਿਲਵਾਨਾਂ ਦੇ ਭਰਾਵਾਂ ਨੂੰ ਵੰਗਾਰ ਸਕਦਾ ਹੈ। ਇੰਨਾ ਹੀ ਨਹੀਂ, ਉਸ ਨੇ ਇਕ ਬੜੇ ਮਕਬੂਲ ਮੁਕਾਬਲੇ ਵਿਚ ਅਸਲਮ ਨੂੰ 'ਚਿੱਤ' ਵੀ ਕੀਤਾ, ਪਰ ਦੁਬਾਰਾ ਹੋਏ ਮੁਕਾਬਲੇ ਵਿਚ ਉਹ ਹਾਰ ਗਿਆ।



ਲਾਹੌਰ ਦੇ ਰਵਾਇਤੀ ਪਹਿਲਵਾਨ ਸਿਰੇ ਦੀ ਖੇਡ ਭਾਵਨਾ ਵਾਲੇ ਹੁੰਦੇ ਸਨ, ਜੋ ਨਾ ਸਿਰਫ਼ ਮੁਆਫ਼ ਕਰਨਾ ਜਾਣਦੇ ਸਨ ਸਗੋਂ ਕਮਜ਼ੋਰਾਂ ਦੀ ਰਾਖੀ ਵੀ ਕਰਦੇ ਸਨ। ਅਜਿਹਾ ਕਰ ਕੇ ਉਨਾਂ ਨੂੰ ਬਹੁਤ ਮਾਣ ਮਹਿਸੂਸ ਹੁੰਦਾ। ਆਪਣੀ ਸਿਹਤ ਤੇ ਜੁੱਸਾ ਉਨਾਂ ਲਈ ਸਭ ਕੁਝ ਹੁੰਦਾ ਸੀ ਅਤੇ ਉਹ ਆਪਣੇ ਆਪ ਨੂੰ 'ਬੁਰੀ ਨਜ਼ਰ' ਤੋਂ ਬਚਾਉਣ ਲਈ ਪੁੰਨ-ਦਾਨ ਕਰਦੇ ਰਹਿੰਦੇ। ਪਰ ਜਿਉਂ-ਜਿਉਂ ਲਾਹੌਰ ਸ਼ਹਿਰ ਆਪਣੇ ਕੇਂਦਰੀ ਧੁਰੇ ਤੋਂ ਮੀਲਾਂ ਦੂਰ ਤੱਕ ਫੈਲਦਾ ਗਿਆ ਤਾਂ ਨਾਲ ਹੀ ਦੇਸੀ ਪਹਿਲਵਾਨਾਂ ਦੀ ਪੁਰਾਤਨ ਰਵਾਇਤੀ ਸਾਖ਼ ਧੁੰਦਲੀ ਪੈਂਦੀ ਗਈ। ਇਹ ਕਲਾ ਅਧੋਗਤੀ ਦਾ ਸ਼ਿਕਾਰ ਹੋ ਗਈ ਹੈ, ਪਰ ਇੰਗਲੈਂਡ ਵਿਚਲੇ ਪੰਜਾਬੀ ਇਸ ਖੇਡ ਨੂੰ ਮੁੜਸੁਰਜੀਤ ਕਰਨ ਵਿਚ ਕਾਮਯਾਬ ਰਹੇ ਹਨ। ਉਮੀਦ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਵੇਗਾ ਅਤੇ ਲਾਹੌਰ ਦਾ ਕੋਈ ਹੋਰ ਗਾਮਾ ਪਹਿਲਵਾਨ ਯੂਰਪ ਤੋਂ ਆਏ ਜ਼ਾਈਬਿਸਕੋ ਨੂੰ ਹਰਾਵੇਗਾ।

ਹਜ਼ਾਰਾਂ ਸਾਲਾਂ ਤੋਂ ਕੁਸ਼ਤੀ ਇਕ ਸ਼ਾਹੀ ਖੇਡ ਰਹੀ ਹੈ ਅਤੇ ਬੀਤੀਆਂ ਸਦੀਆਂ ਦੌਰਾਨ ਬਿਹਤਰੀਨ ਪਹਿਲਵਾਨ ਹੀ ਬਿਹਤਰੀਨ ਜਰਨੈਲ ਵੀ ਬਣੇ। ਪ੍ਰਾਚੀਨ ਯੂਨਾਨ ਹੋਵੇ, ਰੋਮਨ ਸਾਮਰਾਜ ਹੋਵੇ, ਕਲਿਓਪੈਟਰਾ ਦਾ ਮਿਸਰ, ਇਰਾਨ ਜਾਂ ਭਰਤ-ਪਾਕਿਸਤਾਨ ਬਰ-ਏ-ਸ.ਗੀਰ, ਹਰ ਥਾਂ ਕੁਸ਼ਤੀ ਹਮੇਸ਼ਾ ਹੀ ਕੌਮੀ ਜੀਵਨ ਦਾ ਹਿੱਸਾ ਰਹੀ ਹੈ। ਇਥੋਂ ਤੱਕ ਕਿ ਅਜੋਕੇ ਦੌਰ ਵਿਚ ਵੀ ਲਾਹੌਰ ਕਿਲੇ ਨੇੜਲੇ ਕੁਸ਼ਤੀ ਸਟੇਡੀਅਮ ਵਿਚ ਕਰਵਾਏ ਜਾਂਦੇ 'ਆਲ-ਪੰਜਾਬ ਦੰਗਲ' ਮੁਕਾਬਲੇ ਵਿਚ ਪੰਜਾਬ ਭਰ ਦੇ ਪਿੰਡਾਂ ਤੋਂ ਬਿਹਤਰੀਨ ਨੌਜਵਾਨ ਹਿੱਸਾ ਲੈਣ ਪੁੱਜਦੇ ਹਨ। ਜਿਸਮਾਨੀ ਤਾਕਤ ਪ੍ਰਤੀ ਅੱਜ ਵੀ ਇੰਨੀ ਖਿੱਚ ਬਰਕਰਾਰ ਹੈ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ



# ਕਿਵ ਸਚਿਆਰਾ ਹੋਇਐ

- ਰਾਜਵਿੰਦਰ ਸਿੰਘ ਰਾਹੀ

ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਨੁਸਾਰ ਸੂਰਜ ਅਤੇ ਸਿੰਘ ਗੁਰੂ ਨਾਨਕ ਦੇ ਦ੍ਰਿਸ਼ ਵਿਚ ਹੀ ਅਭੇਦ ਹਨ। ਭਾਈ ਗੁਰਦਾਸ ਦੇ ਸੂਰਜ ਵਿਚ ਦਰਸ਼ਨ , ਮਜ਼ਬ ਅਤੇ ਕਾਵਿ ਦੇ ਸਭ ਜਾਵੀਏ ਇੱਕ ਪਛਾਣ ਤੱਕ ਆ ਜਾਂਦੇ ਹਨ। .....ਇਹ ਸੂਰਜ ਕੋਈ ਅਲੰਕਾਰ ਨਹੀਂ, ਭਾਈ ਜੀ ਨੂੰ ਗੁਰੂ ਦੀਦਾਰ ਦੀ ਪ੍ਰਤੱਖ ਪ੍ਰਤੀਤੀ ਹੈ।

ਗੁਰੂ ਨਾਨਕ ਸਾਹਿਬ ਲਈ ਸਾਖੀਆਂ 'ਚ 'ਗੁਰ ਪ੍ਰਮੇਸਰ' ਪਦ ਵਰਤਿਆ ਗਿਆ ਹੈ। ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਗੁਰੂ ਅਰਜਨ ਜੀ ਵੀ ਗੁਰੂ ਨਾਨਕ ਸਾਹਿਬ ਨੂੰ ਪਰਮੇਸ਼ਰ ਦਾ ਦਰਜਾ ਹੀ ਦਿੰਦੇ ਹਨ :

ਸਭ ਤੇ ਵਡਾ ਸਤਿਗੁਰੂ ਨਾਨਕੁ
ਜਿਨਿ ਕਲ ਰਾਖੀ ਮੇਰੀ ॥
(ਗੁਰੂ ਗ੍ਰੰਥ ਸਾਹਿਬ, ਅੰਗ 749)

ਭੱਟ ਭਾਈ ਕੱਲ ਜੀ ਅਨੁਸਾਰ :
ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ
ਨਿਰਗੁਣ ਸਮ ਜਾਣਿਓ ॥
(ਗੁਰੂ ਗ੍ਰੰਥ ਸਾਹਿਬ, ਅੰਗ 576)

ਭਾਈ ਗੁਰਦਾਸ ਜੀ ਗੁਰੂ ਸਾਹਿਬ ਨੂੰ ਅਕਾਲ ਪੁਰਖ ਦਾ ਦਰਜਾ ਦਿੰਦੇ ਹਨ :

ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ

ਗੁਰੂ ਨਾਨਕ ਸਾਹਿਬ ਦੇ ਅਕਾਲ ਰੂਪ ਨੂੰ ਸਭ ਤੋਂ ਪਹਿਲਾਂ ਰਾਏ ਕੀ ਤਲਵੰਡੀ ਦੇ ਜਗੀਰਦਾਰ ਰਾਏ ਬੁਲਾਰ ਭੱਟੀ ਨੇ ਪਛਾਣਿਆ ਸੀ।

## ਜਨਮ ਸਾਖੀਆਂ ਅਨੁਸਾਰ

ਜਦ ਸੱਚੇ ਸੌਦੇ ਵਿਚ ਪੈਸੇ 'ਬਰਬਾਦ' ਕਰਨ ਤੋਂ ਬਾਦ ਪਿਤਾ ਸ੍ਰੀ ਕਾਲੂ ਜੀ ਨਾਨਕ 'ਤੇ ਖਿਝ ਰਹੇ ਸਨ ਤਾਂ ਰਾਏ ਬੁਲਾਰ ਨੇ ਕਿਹਾ ਸੀ : " ਕਾਲੂ ਤੈਨੂੰ ਖਬਰਿ ਨਾਹੀ। ਜਿਹੜੀ ਦੁਨਿਆਂ ਅੰਦਰ ਦਉਲਤ ਹੈ ਸਭਨਾ ਦਾ ਨਾਨਕ ਖਾਵੰਦ ਹੈ। ਅਸੀ ਇਸ ਦਾ ਦਿਤਾ ਖਾਂਦੇ ਹਾਂ। "

ਜਿਵੇਂ ਯਹੂਦੀ, ਇਸਾਈ ਅਤੇ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਦਾ ਵਿਸ਼ਵਾਸ ਹੈ ਕਿ ਉਹਨਾਂ ਦੇ ਧਰਮ , ਉਹਨਾਂ ਦੇ ਪੈਗੰਬਰਾਂ 'ਤੇ ਦੈਵੀ ਇਲਹਾਮ ਰਾਹੀਂ ਉਤਰੇ ਹਨ, ਉਸੇ ਤਰਾਂ ਸਿੱਖਾਂ ਦਾ ਵੀ ਵਿਸਵਾਸ਼ ਤੇ ਸਿਧਾਂਤ ਹੈ ਕਿ ਉਹਨਾਂ ਦਾ ਧਰਮ ਗੁਰੂ ਨਾਨਕ ਸਾਹਿਬ ਤੋਂ ਦੈਵੀ ਗਿਆਨ ਜਾਂ ਇਲਹਾਮ ਰਾਹੀਂ ਪ੍ਰਗਟ ਹੋਇਆ ਹੈ, ਨਾ ਕਿ ਕਿਸੇ ਪੁਰਬਲੇ ਵਿਰਸੇ ਦੀ ਉਪਜ ਹੈ।

ਜਿਸ ਵਕਤ ਗੁਰੂ ਨਾਨਕ ਸਾਹਿਬ ਦਾ ਆਗਮਨ ਹੋਇਆ ਸੀ, ਉਸ ਵਕਤ ਪੰਜਾਬ ਬਹੁਤ ਦੂਰ ਤੱਕ ਫੈਲਿਆ ਹੋਇਆ ਸੀ, ਜਮਨਾ ਪਾਰ ਦੇ ਇਲਾਕੇ ਨੂੰ ਪੂਰਬ ਜਾਂ ਹਿੰਦੁਸਤਾਨ ਕਿਹਾ ਜਾਂਦਾ ਸੀ। ਦਿੱਲੀ ਤੋਂ ਮੁਸਲਮਾਨ ਸੁਲਤਾਨਾਂ ਦਾ ਰਾਜ ਚੱਲਦਾ ਸੀ। ਦਿਲੀ ਦੇ ਤਖਤ ਤੋਂ ਬਹਿਲੋਲ ਲੋਧੀ (੧੪੫੧-੧੪੮੯ ਈ :) ਰਾਜ ਕਰਦਾ ਸੀ। ਸਿਕੰਦਰ ਲੋਧੀ ਦਿੱਲੀ ਦੇ ਤਖਤ 'ਤੇ ੧੪੮੯-੧੫੧੭ ਈ: ਤੱਕ ਬੈਠਾ ਸੀ। ਤੈਮੂਰ ਨੇ ਆਪਣੇ ਹਮਲੇ (੧੩੯੮-੧੩੯੯) ਦੇ ਦੌਰਾਨ ਉੱਤਰ-ਪੱਛਮੀ ਤੇ ਉੱਤਰੀ ਭਾਰਤ ਦੇ ਸ਼ਹਿਰਾਂ ਤੇ ਪੇਂਡੂ ਇਲਾਕਿਆ ਦੀ ਲੁੱਟ -ਮਾਰ ਕੀਤੀ ਤੇ ਉਹਨਾਂ ਨੂੰ ਤਬਾਹ ਕਰ ਦਿਤਾ । ਇਸ ਨੇ ਦਿੱਲੀ ਦੇ ਤੁਗਲਕ ਖਾਨਦਾਨ ਦੇ ਸੁਲਤਾਨਾਂ ਦੀ ਤਾਕਤ ਨੂੰ ਮਾਰੂ ਸੱਟ ਮਾਰੀ ਤੇ ਹਰ ਥਾਂ ਸਾਮੰਤੀ ਅਰਾਜਕਤਾ ਦਾ ਬੋਲ ਬਾਲਾ ਹੋ ਗਿਆ। ਇਸ ਤੋਂ ਮਗਰੋਂ ਫਿਰ ਕਦੀ ਵੀ ਸੁਲਤਾਨਸ਼ਾਹੀ ਆਪਣੀਆਂ ਪਹਿਲੀਆਂ ਹੱਦਾ ਤੱਕ ਨਾ ਜਾ ਸਕੀ। ਪੰਦਰਵੀ ਸਦੀ ਸਾਰੀ ਤੇ ਸੋਲਵੀ ਸਦੀ ਦੀ ਪਹਿਲੀ ਚੌਥਾਈ ਦੇ ਦੌਰਾਨ ਸੱਯਦ ਘਰਾਣੇ (੧੪੧੩-੧੪੫੧ਈ :) ਤੇ ਲੋਧੀ ਘਰਾਣੇ (੧੪੫੧-੧੫੨੬ ਈ :) ਦੇ ਸੁਲਤਾਨਾਂ ਦੇ ਕਬਜ਼ੇ ਹੇਠ ਸਿਰਫ ਦਿੱਲੀ ਦਾ ਇਲਾਕਾ, ਜਮਨਾ ਗੰਗਾ, ਦੁਆਬ, ਪੰਜਾਬ ਤੇ ਕੁੱਝ ਹੋਰ ਨਾਲ ਲੱਗਦਾ ਇਲਾਕਾ ਹੀ ਸੀ।"

(ਗੁਰੂ ਨਾਨਕ -ਲੇਖ ਸੰਗ੍ਰਹਿ, ਪ੍ਰਗਤੀ ਪ੍ਰਕਾਸ਼ਨ ਮਾਸਕੋ, ਪੰਨਾ- 16 )

ਦਿੱਲੀ ਦੇ ਤਖਤ 'ਤੇ 1517 ਤੋਂ 1526 ਈ. ਤੱਕ ਇਬਰਾਹਿਮ ਲੋਧੀ ਬੈਠਾ ਸੀ। ਲਾਹੌਰ ਦਾ ਗਵਰਨਰ ਦੌਲਤ ਖਾਨ ਸੀ। ਉਹਨਾਂ ਸਮਿਆਂ ਵਿਚ ਪੰਜਾਬ ਇੱਕ ਭੂਗੋਲਿਕ ਸੰਕਲਪ ਸੀ। ਵੱਖ ਵੱਖ ਖੰਡਾ ਦੀ ਹੀ ਪਛਾਣ ਸੀ। ਜਿਵੇਂ ਸੂਬਾ ਮੁਲਤਾਨ, ਸੂਬਾ ਲਹੌਰ, ਸੂਬਾ ਦੀਪਾਲਪੁਰ, ਸੂਬਾ ਜਲੰਧਰ ਆਦਿ।

(ਗੁਰੂ ਨਾਨਕ ਲੇਖ ਸੰਗ੍ਰਹਿ, ਪੰਨਾ-17)

ਪੰਦਰਵੀਂ, ਸੋਲਵੀ ਸਦੀ ਵਿਚ ਪੰਜਾਬ ਦੇ ਵੱਡੇ ਸਹਿਰ ਲਾਹੌਰ ਮੁਲਤਾਨ ਤੇ ਜਲੰਧਰ ਹੀ ਸਨ।

(J.S Grewal , Guru Nanak in history, Punjab university chandigarh p-1)

ਗੁਰੂ ਨਾਨਕ ਸਾਹਿਬ ਦੇ ਦੈਵੀ ਆਗਮਨ ਵਕਤ ਜਿਥੇ ਹਿੰਦੁਸਤਾਨ ਅੰਦਰ ਰਾਜਸੀ ਅਫਰਾ-ਤਫਰੀ ਵਾਲਾ ਮਾਹੌਲ ਬਣਿਆ ਹੋਇਆ ਸੀ, ਉਥੇ ਲੋਕਾਂ ਦਾ ਸਮਾਜਕ ਅਤੇ ਧਾਰਮਿਕ ਜੀਵਨ ਵੀ ਇਖਲਾਕੀ ਤੇ ਰੂਹਾਨੀ ਨਿਘਾਰ ਦਾ ਸ਼ਿਕਾਰ ਸੀ। ਬ੍ਰਾਹਮਣਵਾਦ ਨੇ ਜਿਥੇ ਹਿੰਦੂ ਸਮਾਜ ਨੂੰ ਸਦੀਆਂ ਤੋਂ ਜਾਤ-ਪਾਤੀ ਪ੍ਰਬੰਧ ਵਿਚ ਵੰਡ ਕੇ ਨਰਕ ਦਾ ਜੀਵਨ ਭੋਗਣ ਲਈ ਮਜਬੂਰ ਕੀਤਾ ਹੋਇਆ ਸੀ, ਉਥੇ ਮੁਸਲਮਾਨਾਂ ਦੀ ਆਮਦ ਨਾਲ ਸ਼ੁਰੂ ਹੋਏ ਇਸਲਾਮੀ ਜਬਰ ਨੇ ਲੋਕਾਂ ਨੂੰਅਸਲੋਂ ਹੀ ਸਾਹ ਸਤਹੀਣ ਕਰ ਛੱਡਿਆ ਸੀ। ਜਿਹੜੇ ਲੋਕ ਹਿੰਦੂ ਧਰਮ ਛੱਡ ਕੇ ਇਸਲਾਮ ਧਾਰਨ ਕਰ ਲੈਂਦੇ ਸਨ। ਉਹ ਜਾਤ-ਪਾਤੀ ਵਿਤਕਰੇ ਤੋਂ ਤਾਂ ਮੁਕਤ ਹੋ ਜਾਂਦੇ ਸਨ ਪਰ ਸਾਮਾਜਿਕ ਨਿਆਂ ਪੱਖੋਂ ਫਿਰ ਵੀ ਵਾਂਝੇ ਰਹਿ ਜਾਂਦੇ ਸਨ। ਕਾਜ਼ੀ ਅਤੇ ਮੁਕੱਦਮ (ਸਿਪਾਹੀ/ਫੌਜੀ) ਇਸਲਾਮੀ ਸ਼ਾਸਨ ਦਾ ਧੁਰਾ ਸਨ, ਜੋ ਲੋਕਾਂ ਨਾਲ ਸਰੀਹਣ ਧੱਕੇਸ਼ਾਹੀ ਕਰਦੇ ਸਨ। ਸਿਪਾਹੀ/ਫੌਜੀ ਨੀਵੀਂ ਜਾਤੀ ਦੇ ਲੋਕਾਂ ਕੋਲੋਂ ਜਿਥੇ ਜਬਰੀ ਵਾਗਾਰ ਕਰਵਾਉਂਦੇ ਸਨ, ਉਥੇ ਕਿਸਾਨਾਂ ਦਾ ਦਾਣਾ, ਫੱਕਾ, ਪੈਸਾ ਧੇਲਾ ਤੇ ਘਿਉ ਦੁੱਧ ਆਦਿ ਵੀ ਲੁੱਟ ਕੇ ਲੈ ਜਾਂਦੇ ਸਨ। ਸ਼ਿਕਾਇਤ ਕਾਜ਼ੀ ਦੀ ਅਦਾਲਤ ਵਿਚ ਕਰਨੀ ਪੈਂਦੀ ਸੀ ਤੇ ਅਗਾਂਹ ਕਾਜ਼ੀ ਰਿਸ਼ਵਤ ਲੈ ਕੇ ਫੈਸਲਾ ਜ਼ੋਰਾਵਰਾਂ ਦੇ ਹੱਕ ਵਿਚ ਹੀ ਕਰ ਦਿੰਦੇ ਸਨ। ਇਸ ਅਨਿਆਂ ਬਾਰੇ ਗੁਰੂ ਨਾਨਕ ਸਾਹਿਬ ਨੇ ਇੰਝ ਵਿਅੰਗ ਕੀਤਾ ਹੈ:

ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥
(ਗੁਰੂ ਗ੍ਰੰਥ ਸਾਹਿਬ, ਅੰਗ 951)

ਸਮਾਜ ਵਿਚ ਫਕੀਰਾਂ, ਨਾਥਾਂ, ਜੋਗੀਆਂ ਤੇ ਸਿੱਧਾ ਦੀਆਂ ਹੇੜਾਂ ਦੀਆਂ ਹੇੜਾਂ ਫਿਰਦੀਆਂ ਸਨ। ਖੇਤੀਬਾੜੀ ਦੇ ਸਖਤ ਜਾਨ ਧੰਦੇ ਤੋਂ ਅੱਕੇ ਅਤੇ ਸਮਾਜਕ ਜੀਵਨ ਤੋਂ ਉਪਰਾਮ ਹੋਏ ਪਿੰਡਾਂ ਦੇ ਨੌਜਵਾਨ ਗੇਰੂਏ ਬਸਤਰ ਪਾ ਕੇ ਕੰਨ ਪੜਵਾ ਕੇ ਨਾਥਾਂ, ਜੋਗੀਆਂ ਨਾਲ ਰਲ ਜਾਂਦੇ ਸਨ। ਅਗਿਆਨ ਕਾਰਨ ਵਹਿਮਾਂ ਭਰਮਾਂ ਵਿੱਚ ਫਸੇ ਲੋਕ ਇਹਨਾਂ ਵਿਹਲੜ ਜੋਗੀਆਂ ਦਾ ਭੈਅ ਮੰਨਦੇ ਸਨ ਤੇ ਚੀਜ਼ਾਂ ਵਸਤਾਂ ਲੈ ਕੇ ਇਹਨਾਂ ਦੇ ਪੈਰਾ 'ਤੇ ਡਿਗਦੇ ਸਨ। ਗੁਰੂ ਸਾਹਿਬ ਨੇ ਇਹਨਾਂ ਵਿਹਲੜਾਂ ਨੂੰ ਫਿਟਕਾਰਾਂ ਪਾਈਆਂ ਤੇ ਜਿਥੇ ਇਹਨਾਂ ਨੂੰ ਹੱਥੀ ਕਿਰਤ ਕਰਨ ਲਈ ਕਿਹਾ ਉਥੇ ਲੋਕਾਂ ਨੂੰ ਵੀ ਸੱਦਾ ਦਿਤਾ ਕਿ ਇਹਨਾਂ ਕੰਮ ਚੋਰ ਵਿਹਲੜਾਂ ਦੇ ਚਰਨੀ ਨਾ ਪਿਆ ਜਾਵੇ :

ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥
(ਗੁਰੂ ਗ੍ਰੰਥ ਸਾਹਿਬ, ਅੰਗ 1245)

ਗੁਰੂ ਸਾਹਿਬ ਨੇ ਸਮਾਜ ਨਾਲ ਪੱਕੀ ਗੰਢ ਪਾਉਣ ਲਈ ਸਭ ਤੋਂ ਵੱਧ ਜ਼ੋਰ ਗ੍ਰਹਿਸਤ 'ਤੇ ਦਿੱਤਾ ਜੋ ਭਾਰਤੀ ਧਰਮ ਪਰੰਪਰਾ ਤੋਂ ਮੁਕੰਮਲ ਤੋੜ ਵਿਛੋੜਾ ਸੀ। ਉਹਨਾਂ ਨੇ ਵਿਅਕਤੀ ਤੇ ਸਮਾਜ ਦੀ ਇਕਜੁੱਟਤਾ ਕਾਇਮ ਕੀਤੀ। ਉਸ ਸਮੇਂ ਰਾਜੇ ਕਸਾਈ ਬਣੇ ਹੋਏ ਸਨ ਕਾਜ਼ੀ ਤੇ ਮੁਕੱਦਮ ਨਿਆਂ ਦੇ ਮਾਲਕ ਬਣੇ ਬੈਠੇ ਸਨ, ਉਥੇ ਹੋਮ ਯੱਗ ਕਰਵਾਉਣ ਵਾਲੇ ਕਰਮਕਾਂਡੀ ਬ੍ਰਾਹਮਣ ਤੇ ਰਿੱਧੀਆਂ ਸਿੱਧੀਆਂ ਰਾਹੀਂ ਸਮਾਜ ਨੂੰ ਡਰਾਉਣ ਵਾਲੇ ਜੋਗੀ ਸਮਾਜ 'ਤੇ ਭਾਰ ਬਣੇ ਹੋਏ ਸਨ। ਹਿੰਦੂ ਧਰਮ ਦੇ ਅਵਤਾਰ ਤੇ ਵੇਦ ਗਰੰਥ ਲੋਕਾਂ ਨੂੰ ਇਸ ਜਿੱਲਣ ਵਿਚੋਂ ਪਾਰ ਲੰਘਾਉਣ ਤੋਂ ਅਸਮਰੱਥ ਸਨ। ਹਿੰਦੂ ਧਰਮ ਪੂਰੀ ਤਰਾਂ ਬੇਜਾਨ ਹੋ ਕੇ ਰਹਿ ਗਿਆ ਸੀ। ਗੁਰੂ ਸਾਹਿਬ ਅਨੁਸਾਰ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥
(ਗੁਰੂ ਗ੍ਰੰਥ ਸਾਹਿਬ, ਅੰਗ 145)

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਪੂਰਬ ਵਿਚ ਭਗਤੀ ਲਹਿਰ ਤੇ ਪੱਛਮ ਵਾਲੇ ਪਾਸੇ ਸੂਫੀ ਲਹਿਰਾਂ ਚੱਲੀਆਂ ਸਨ। ਪੂਰਬ ਵਾਲੇ ਪਾਸੇ ਭਗਤੀ ਲਹਿਰ ਦੇ ਮੋਢੀ ਭਗਤ ਕਬੀਰ, ਭਗਤ ਰਵਿਦਾਸ ਆਦਿ ਸਨ। ਜਿੰਨਾਂ ਨੇ ਬ੍ਰਾਹਮਣਵਾਦ ਵਲੋਂ ਸਥਾਪਤ ਕੀਤੇ ਗਏ ਜਾਤ-ਪਾਤੀ ਪ੍ਰਬੰਧ ਨੂੰ ਵੱਡੀ ਚੁਣੌਤੀ ਦੇ ਕੇ ਸ਼ੂਦਰ ਅਤੇ ਅਛੂਤ ਲੋਕਾਂ ਦੇ ਮਨੁੱਖੀ ਗੌਰਵ ਨੂੰ ਉਚਾ ਕੀਤਾ ਸੀ। ਪੱਛਮ ਵਾਲੇ ਪਾਸੇ ਬਾਬਾ ਫਰੀਦ ਵਲੋਂ ਸ਼ੁਰੂ ਕੀਤੀ ਸੂਫੀ ਲਹਿਰ ਦੇ ਪ੍ਰਭਾਵ ਹੇਠ ਲੱਖਾ ਸ਼ੂਦਰਾਂ ਨੇ ਹਿੰਦੂ ਧਰਮ ਛੱਡ ਕੇ ਇਸਲਾਮ ਧਾਰਨ ਕਰ ਲਿਆ ਸੀ। ਬਹੁਤ ਸਾਰੇ ਵਿਦਵਾਨ ਸੂਫੀਵਾਦ ਅਤੇ ਭਗਤੀ ਲਹਿਰ ਦੀ ਇਸ ਗੱਲੋਂ ਬੜੀ ਪ੍ਰਸ਼ੰਸਾ ਕਰਦੇ ਹਨ ਕਿ ਇਹਨਾਂ ਲਹਿਰਾਂ ਨੇ ਸਮਾਜ ਵਿਚ ਇਕਸੁਰਤਾ ਤੇ ਭਾਈਚਾਰੇ ਦੀ ਭਾਵਨਾ ਪੈਦਾ ਕਰ ਦਿੱਤੀ ਸੀ। ਪਰ ਇਹ ਸੱਚ ਨਹੀਂ ਹੈ। ਬ੍ਰਾਹਮਣ ਜਿਹਨਾਂ ਨੇ ਹਜ਼ਾਰਾ ਸਾਲਾ ਤੋਂ ਸਮਾਜ ਨੂੰ ਜਾਤਾਂ-ਪਾਤਾਂ ਵਿਚ ਵੰਡ ਕੇ ਰੱਖਿਆ ਹੋਇਆ ਸੀ, ਇਹ ਕਿਵੇ ਬਰਦਾਸ਼ਤ ਕਰ ਸਕਦੇ ਸਨ ਕਿ ਲੋਕ ਉਹਨਾਂ ਦੀ ਗੁਲਾਮੀ ਦੇ ਜੂਲੇ ਵਿੱਚੋਂ ਨਿਕਲ ਕੇ ਇਸਲਾਮ ਧਾਰਨ ਕਰ ਲੈਣ ਅਤੇ ਭਗਤੀ ਲਹਿਰ ਦੇ ਪ੍ਰਭਾਵ ਹੇਠ ਸਿਰ ਉਚਾ ਕਰਕੇ ਚੱਲਣ। ਲੱਗਦਾ ਹੈ ਕਿ ਉਸ ਸਮੇਂ ਮੁਲਾਣਿਆਂ ਅਤੇ ਬ੍ਰਾਹਮਣਾਂ ਵਿਚ ਸ਼ਾਸਤਾਰਥ ਨਹੀਂ ਸ਼ਰੀਕੇ ਵਾਲਾ ਖਹਿ ਭੇੜ ਚੱਲ ਰਿਹਾ ਸੀ। ਮੁਲਾਣੇ ਜ਼ੋਰ ਜਬਰ ਨਾਲ ਵੀ ਲੋਕਾਂ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਂਦੇ ਹੋਣਗੇ ਤੇ ਬ੍ਰਾਹਮਣ ਉਹਨਾਂ ਨੂੰ ਰੋਕਣ ਦੀ ਕੋਸ਼ਿਸ ਕਰਦੇ ਹੋਣਗੇ। ਇਸ ਖਿੱਚੋਤਾਣ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :

ਚਾਰਿ ਵਰਨਿ ਚਾਰ ਮਜ਼ਹਬਾਂ
ਜਗ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲਿ ਤਕਬਰੀ
ਖਿੱਚੋਤਾਣਿ ਕਰੇਨਿ ਧਿਙਾਣੇ ॥
ਗੰਗ ਬਨਾਰਸਿ ਹਿੰਦੂਆਂ
ਮਕਾ ਕਾਬਾ ਮੁਸਲਮਾਣੇ ॥
ਸੁੰਨਤਿ ਮੁਸਲਮਾਨ ਦੀ
ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਇਦੇ
ਇਕੁ ਨਾਮੁ ਦੁਇ ਰਾਹ ਭੁਲਾਣੇ ॥
ਬੇਦ ਕਤੇਬ ਭੁਲਾਇ ਕੈ
ਮੋਹ ਲਾਲਚ ਦੁਨੀ ਸੈਤਾਣੇ ॥
ਸਚੁ ਕਿਨਾਰੇ ਰਹਿ ਗਿਆ
ਖਹਿ ਮਰਦੇ ਬਾਮਣਿ ਮਉਲਾਣੇ ॥
ਸਿਰੋ ਨ ਮਿਟੇ ਆਵਣਿ ਜਾਣੈ ॥

ਜਦ ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਵੇਈਂ ਨਦੀ ਵਿਚ ਤਿੰਨ ਦਿਨ ਦੀ ਟੁੱਭੀ ਲਗਾਈ ਸੀ ਤਾਂ ਉਹ ਬਹੁਤ ਹੀ ਫੈਸਲਾਕੁੰਨ ਘੜੀਆਂ ਸਨ। ਸਮਾਜਕ ਪੱਖੋਂ ਬਾਬਾ ਜੀ 'ਤੇ ਪਰਿਵਾਰ ਦੀ ਬੜੀ ਜ਼ਿੰਮੇਵਾਰੀ ਸੀ। ਦੋ ਪੁੱਤਰ ਤੇ ਸੁਪਤਨੀ ਸੁਲੱਖਣੀ ਜੀ ਸਨ, ਮਾਤਾ ਤ੍ਰਿਪਤਾ ਜੀ ਤੇ ਪਿਤਾ ਕਾਲੂ ਜੀ ਬੁੱਢੇ ਹੋ ਚੁੱਕੇ ਸਨ। ਇਹ ਪਰਿਵਾਰਕ ਜ਼ਿੰਮੇਵਾਰੀ ਨਿਭਾਉਂਦਿਆਂ, ਦੁਖੀ ਲੋਕਾਈ ਦਾ ਉਦਾਰ ਨਹੀਂ ਹੋ ਸਕਦਾ ਸੀ। ਇਹ ਦੁੱਖੀ ਲੋਕਾਈ ਕਿਸੇ ਪਿੰਡ ਪੱਧਰ ਜਾਂ ਇਲਾਕੇ ਪੱਧਰ ਤੱਕ ਸੀਮਤ ਨਹੀਂ ਸੀ, ਨਜ਼ਰ ਮਾਰਿਆਂ ਸਾਰੀ ਧਰਤੀ ਹੀ ਦੁਖੀ ਨਜ਼ਰ ਆ ਰਹੀ ਸੀ। ਭਾਈ ਗੁਰਦਾਸ ਜੀ ਅਨੁਸਾਰ :

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥
ਬਾਝੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥

ਜਿਵੇਂ ਕਾਰਲ ਮਾਰਕਸ ਕਹਿੰਦਾ ਹੈ ਕਿ ਫਿਲਾਸਫਰਾਂ ਨੇ ਦੁਨੀਆ ਦੀ ਵਿਆਖਿਆ ਤਾਂ ਬਹੁਤ ਕੀਤੀ ਹੈ ਪਰ ਸੁਆਲ ਇਸ ਨੂੰ ਬਦਲਣ ਦਾ ਹੈ। ਉਸੇ ਤਰਾਂ ਗੁਰੂ ਨਾਨਕ ਸਾਹਿਬ ਸਾਹਮਣੇ ਵੀ ਸੁਆਲ ਆ ਖੜਿਆ ਸੀ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
(ਗੁਰੂ ਗ੍ਰੰਥ ਸਾਹਿਬ, ਅੰਗ 1)

ਝੂਠ, ਪਖੰਡ ਅਤੇ ਬੇਇਨਸਾਫੀ ਦੀ ਦੀਵਾਰ ਤੋੜਨ ਲਈ ਘਰ ਘਾਟ ਛੱਡਣਾ ਪੈਣਾ ਸੀ। ਮਾਂ-ਬਾਪ, ਭੈਣ-ਭਰਾ, ਪਤਨੀ ਅਤੇ ਔਲਾਦ ਦਾ ਮੋਹ ਤਿਆਗਣਾ ਪੈਣਾ ਸੀ। ਇਹ ਰਸਤਾ ਕੁਰਬਾਨੀ ਦਾ ਰਸਤਾ ਸੀ। ਸੱਚ ਦੀ ਪਸਾਰੇ ਲਈ ਕੀਮਤ ਤਾਰਨੀ ਪੈਂਦੀ ਹੈ। ਗੁਰੂ ਸਾਹਿਬ ਨੇ ਇਸ ਰਸਤੇ 'ਤੇ ਚੱਲਣ ਦੀ ਸ਼ਰਤ ਹੀ ਪਹਿਲਾਂ ਇਹ ਲਗਾਈ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
(ਗੁਰੂ ਗ੍ਰੰਥ ਸਾਹਿਬ, ਅੰਗ 1412)

ਇਹ ਫੈਸਲਾ ਕਰਕੇ ਗੁਰੂ ਨਾਨਕ ਸਾਹਿਬ ਭਾਈ ਮਰਦਾਨੇ ਨੂੰ ਨਾਲ ਲੈ ਕੇ ਉਦਾਸੀਆਂ 'ਤੇ ਨਿਕਲ ਪਏ ਸਨ। ਜਦ ਗੁਰੂ ਸਾਹਿਬ, ਗ੍ਰਹਿਸਤੀ ਜੀਵਨ ਤੋਂ ਭੱਜ ਕੇ ਪਰਬਤਾਂ ਵਿਚ ਬੈਠੇ ਸਿੱਧਾਂ ਕੋਲ ਪਹੁੰਚਦੇ ਹਨ ਤਾਂ ਉਹਨਾਂ ਦੇ ਪੁੱਛਣ 'ਤੇ ਵੀ ਉਹ ਸਮਾਜ ਦਾ ਹਾਲ ਇਉਂ ਬਿਆਨ ਕਰਦੇ ਹਨ, ਜੋ ਭਾਈ ਗੁਰਦਾਸ ਜੀ ਨੇ ਕੀਤਾ ਹੈ :

ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ ॥
ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ ॥
ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾ ਕੂੜੁ ਅੰਧਾਰਾ ॥
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜਿਆ ਸੰਸਾਰਾ ॥
ਸਿਧ ਛਪਿ ਬੈਠੇ ਪਰਬਤੀ ਕਉਣ ਜਗਤਿ ਕਉ ਪਾਰਿ ਉਤਾਰਾ ॥
ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗ ਲਗਾਏ ਛਾਰਾ ॥
ਬਾਝੁ ਗੁਰੂ ਡੁਬਾ ਜਗੁ ਸਾਰਾ ॥

ਗੁਰੂ ਸਾਹਿਬ ਜੋਗੀਆਂ ਨੂੰ ਵੀ ਗਿਆਨ ਵਿਹੂਣੇ ਕਹਿ ਕੇ ਝਾੜ ਪਾਉਂਦੇ ਹਨ ਕਿ ਉਹ ਤਾਂ ਆ ਕੇ ਪਰਬਤਾਂ ਵਿਚ ਛੁਪ ਬੈਠੇ ਹਨ, ਜਗਤ ਦਾ ਪਾਰ ਉਤਾਰਾ ਕੌਣ ਕਰੇਗਾ ?

## ਸਮਕਾਲੀ ਸਮਾਜ ਦੀ ਤਸਵੀਰ

ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚੋਂ ਉਸ ਸਮੇਂ ਦੇ ਸਮਾਜ, ਧਰਮ , ਰਾਜਨੀਤੀ ਤੇ ਆਰਥਿਕਤਾ ਦੀ ਜੋ ਤਸਵੀਰ ਉਭਰਦੀ ਹੈ ਉਹ ਬਹੁਤ ਹੀ ਕਰੂਪ ਹੈ। ਜਿਸ ਵਿੱਚੋਂ ਬ੍ਰਾਹਮਣਾਂ ਦਾ ਦੰਭੀ ਚਿਹਰਾ ਵੀ ਪੂਰੀ ਤਰਾਂ ਉਘੜ ਕੇ ਸਾਹਮਣੇ ਆਉਂਦਾ ਹੈ। ਇਕ ਪਾਸੇ ਤਾਂ ਬ੍ਰਾਹਮਣਾ ਨੇ ਸ਼ੂਦਰਾਂ ਨੂੰ ਗੁਲਾਮ ਬਣਾ ਕੇ ਰੱਖਿਆ ਹੋਇਆ ਸੀ ਤੇ ਜਦ ਉਹ ਉਹਨਾਂ ਦੇ ਜ਼ੁਲਮਾਂ ਤੋਂ ਮੁਕਤ ਹੋਣ ਲਈ ਇਸਲਾਮ ਧਾਰਨ ਕਰਦੇ ਸਨ, ਤਾਂ ਬ੍ਰਾਹਮਣ ਕਾਜ਼ੀਆਂ, ਮੁਲਾਣਿਆਂ ਨਾਲ ਝਗੜਦੇ ਸਨ। ਦੂਜੇ ਪਾਸੇ ਆਪਣੀ ਨਿੱਜੀ ਖੁਦਗਰਜੀ ਤੇ ਸੁਆਰਥ ਦੀ ਪੂਰਤੀ ਲਈ ਰਾਜ ਸੱਤਾ (ਜੋ ਉਦੋਂ ਮੁਸਲਮਾਨਾਂ ਦੇ ਹੱਥ ਸੀ) ਨਾਲ ਸਮਝੌਤਾ ਕਰਕੇ ਚੱਲ ਰਹੇ ਸਨ, ਕਾਜ਼ੀਆਂ, ਮੁਲਾਣਿਆਂ ਦੀ ਖੁਸ਼ਾਮਦ ਕਰਦੇ ਸਨ, ਉਹ ਨੀਲੇ ਬਸਤਰ ਪਹਿਨ ਕੇ ਉਹਨਾਂ ਵਾਂਗ ਹੀ ਲੋਕਾਂ ਵਿੱਚ ਤੁਰਕ ਹੋਣ ਦਾ ਢੌਂਗ ਰਚਦੇ ਸਨ। ਮੁਸਲਮਾਨਾਂ ਦਾ ਹਲਾਲ ਕੀਤਾ ਬੱਕਰੇ ਦਾ ਮਾਸ ਵੀ ਖਾ ਲੈਂਦੇ ਸਨ, ਪਰ ਲੋਕਾਂ ਵਿਚ ਕਰਮ ਕਾਂਡ ਕਰਕੇ ਜੀਵ ਹੱਤਿਆ ਦੇ ਵਿਰੁੱਧ ਬੋਲਦੇ ਸਨ। ਉਸ ਵਕਤ ਇਸਲਾਮ ਦਾ ਰੂਹਾਨੀ ਜਲੌਅ ਵੀ ਮੱਧਮ ਪੈ ਗਿਆ ਸੀ, ਕਾਜੀ ਮੁਲਾਣੇ ਵੱਢੀ ਖੋਰ ਤੇ ਹਰਾਮ ਦੀ ਕਮਾਈ ਖਾ ਰਹੇ ਸਨ :

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥
ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥
(ਗੁਰੂ ਗ੍ਰੰਥ ਸਾਹਿਬ, ਅੰਗ 471-472)

ਸੋਚ ਕੇ ਦੇਖੋ! ਸਾਡੇ ਅੱਜ ਦੇ ਭਾਈਆਂ ਗ੍ਰੰਥੀਆਂ ਦੀ ਹਾਲਤ ਵੀ ਉਹਨਾਂ ਬ੍ਰਾਹਮਣਾਂ ਵਰਗੀ ਹੀ ਹੈ ਜਿਹੜੇ ਮਾਇਆ ਦੇ ਲਾਲਚ ਵੱਸ, ਰਿਸ਼ਵਤ ਖੋਰ , ਪੁਲਸ ਅਫਸਰਾਂ , ਪਟਵਾਰੀਆਂ , ਇਥੋਂ ਤੱਕ ਕੇ.ਪੀ.ਐਸ ਗਿੱਲ ਵਰਗੇ ਬੁੱਚੜਾਂ ਦੀਆਂ ਅਰਦਾਸਾਂ ਮੌਕੇ ਵੀ ਆਖਣਾ ਨਹੀਂ ਭੁੱਲਦੇ ਕਿ "....ਦਸਾਂ ਨਹੁੰਆਂ ਦੀ ਨੇਕ ਕਮਾਈ ਵਿੱਚੋਂ ਸੁੰਦਰ ਰੁਮਾਲੇ ਭੇਟ ਕੀਤੇ ਹਨ, ਅੰਗੀਕਾਰ ਕਰਨਾ। ਜਿਹੜੇ ਖਜ਼ਾਨਿਆਂ ਵਿੱਚੋਂ ਮਾਇਆ ਆਈ ਹੈ, ਖਜ਼ਾਨੇ ਭਰਪੂਰ ਰੱਖਣਾ।" ਜਾਂ "ਆਪਣੇ ਚਰਨਾਂ ਵਿਚਨਿਵਾਸ ਬਖਸ਼ਣ।"

ਗੁਰੂ ਨਾਨਕ ਸਾਹਿਬ ਨੂੰ ਉਸ ਸਮੇਂ ਦਾ ਸਮਾਜ ਬਿਲਕੁਲ ਹੀ ਰਹਿਣ ਯੋਗ ਨਹੀਂ ਲੱਗਦਾ। ਇਹ ਇਖਲਾਕੀ, ਸਦਾਚਾਰਕ ਅਤੇ ਨੈਤਿਕ ਪੱਖੋਂ ਵੀ ਪੂਰੀ ਤਰਾਂ ਗਲ ਸੜ ਚੁੱਕਿਆ ਹੈ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥
(ਗੁਰੂ ਗ੍ਰੰਥ ਸਾਹਿਬ, ਅੰਗ 469)

ਗੁਰੂ ਨਾਨਕ ਸਾਹਿਬ ਨੇ ਕਾਜ਼ੀ , ਬ੍ਰਾਹਮਣ ਅਤੇ ਜੋਗੀ ਨੂੰ ਇਕੋ ਸ਼੍ਰੇਣੀ ਵਿਚ ਰੱਖਿਆ ਹੈ :

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥
(ਗੁਰੂ ਗ੍ਰੰਥ ਸਾਹਿਬ, ਅੰਗ 662)

ਅੱਜ ਦੇ ਸਿਆਸੀ ਲੀਡਰਾਂ ਵਾਂਗ ਉਸ ਵਕਤ ਦੇ ਧਾਰਮਿਕ ਅਤੇ ਸਮਾਜਕ ਆਗੂ ਵੀ ਲੋਕਾਂ ਨੂੰ ਝੂਠ ਬੋਲ ਕੇ ਮਗਰ ਲਾਉਂਦੇ ਸਨ :

ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥
ਨਾਨਕ ਐਸਾ ਆਗੂ ਜਾਪੈ ॥
(ਗੁਰੂ ਗ੍ਰੰਥ ਸਾਹਿਬ, ਅੰਗ 140)

ਬਾਕੀ ਅਗਲੇ ਅੰਕ ਵਿੱਚ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 2**

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਅਜੇ ਵੀ ਵੇਲਾ ਜੇ ਨਾ ਭੱਜੋ ਤਾਂ ਠੀਕ ਆ ਪਰ ਮੇਰੇ ਆਖੇ ਲੱਗ ਕੇ ਇੱਕ ਵਾਰ ਵੱਡੇ ਸਾਬ੍ਹ ਨੂੰ ਮਿਲ ਲੋ! ਨਾਲ ਮੈਂ ਚਲਦਾਂ!' ਸੂਬੇਦਾਰ ਨੇ ਤਰਲਾ ਮਾਰ ਕੇ ਕਿਹਾ।

'ਵੱਡੇ ਸਾਬ੍ਹ ਨੇ ਕੀ ਕਰਨਾ, ਦੋ ਦਿਨ ਹੋਗੇ ਅਫਸਰਾਂ ਦੇ ਗੰਦੇ ਛੋਕਰੇ ਸਾਡੀਆਂ ਬੈਰਕਾਂ ਦੇ ਸਾਮ੍ਹਣੇ ਸੈਕਲਾਂ ਤੇ ਘੁੰਮਦਿਆਂ ਤੇ ਰੌਲਾ ਪਾਉਂਦਿਆਂ ਨੂੰ'

'ਕੀ ਰੌਲਾ ਪੌਂਦੇ ਸੀ'

'ਏਹੀ ਕਿ ਅਬ ਸਿੱਖੋਂ ਕੋ ਨਹੀਂ ਛੋੜੇਂਗੇ'

'ਹੈਂ ਏਹ ਅਫਸਰਾਂ ਦੇ ਲੌਂਡੇ ਇਉਂ ਕ੍ਹੈਂਦੇ ਆ ਪਰ ਆਪਾਂ ਏਨਾਂ ਬਾਂਦਰਾਂ ਦਾ ਕੀ ਵਿਗਾੜਿਐ?' ਸੂਬੇਦਾਰ ਨੇ ਹੈਰਾਨ ਹੋ ਕੇ ਪੁੱਛਿਆ ਕਿਉਂਕਿ ਉਸਨੂੰ ਪਤਾ ਨਹੀਂ ਸੀ। ਸੋਚੀ ਸਮਝੀ ਚਾਲ ਮੁਤਾਬਿਕ ਅਫਸਰਾਂ ਦੇ ਮੁੰਡੇ ਸੂਬੇਦਾਰਾਂ ਦੇ ਕਮਰਿਆਂ ਵੱਲ ਨਹੀਂ ਸਨ ਜਾਂਦੇ ਸਿਰਫ ਜੁਆਨਾ ਨੂੰ ਹੀ ਚਿੜਾਉਂਦੇ ਸਨ ਕਿ-

'ਅਬ ਸਿੱਖੋਂ ਕੋ ਨਹੀਂ ਛੋੜੇਂਗੇ ਖਤਮ ਕਰ ਦੇਂਗੇ ਸਾਲੋਂ ਕੋ!' ਇਸ ਗੱਲ ਦਾ ਸੂਬੇਦਾਰ ਨੂੰ ਨਹੀਂ ਸੀ ਪਤਾ ਪਰ ਪੰਜਾਬ ਦੇ ਹਾਲਾਤਾਂ ਬਾਰੇ ਉਹ ਜਾਣੂੰ ਸੀ ਕਿਉਂਕਿ ਬੀ ਬੀ ਸੀ ਲੰਡਨ ਤੋਂ ਖ਼ਬਰਾਂ ਸੁਣਦਾ ਹੁੰਦਾ ਸੀ।

'ਹਾਂ ਇਓਂ ਕ੍ਹੈਂਦੇ ਸੀ ਏਹ ਭਈਆਂ ਦੀ ਲਾਦ'!

'ਪਰ ਫੇਰ ਵੀ ਤੁਸੀਂ ਚਾਰ ਪੰਜ ਜੁਆਨ ਜਾ ਕੇ ਦਾਦ ਫਰਿਆਦ ਤਾਂ ਕਰੋ'

'ਸਾਡਾ ਜੀਅ ਨੀ ਕਰਦਾ ਜੇ ਸਾਡਾ ਸਾਨੂੰ ਅਵਾ ਤਵਾ ਬੋਲਿਆ ਸਾਨੂੰ ਕਿਤੇ ਉੱਥੇ ਈ ਨਾਂ ਓਦਾ ਸੋਧਾ ਲੌਂਣਾ ਪਵੇ ਤੇ ਅਸੀਂ ਰੈਹ ਜੀਏ ਐਥੋਂ ਜੋਗੇ'!

'ਪਰ ਇੱਕ ਵਾਰ ਜਾਵੋ ਬਾਬੇ ਨਾਨਕ ਨੇ ਵਲੀ ਕੰਧਾਰੀ ਕੋਲ ਮਰਦਾਨੇ ਨੂੰ ਤਿੰਨ ਵਾਰ ਭੇਜਿਆ ਸੀ, ਤੁਸੀਂ ਮੇਰੇ ਕ੍ਹੈਣ ਤੇ ਇੱਕ ਵਾਰ ਤਾਂ ਜਾਵੋ'!

'ਠੀਕ ਆ ਪਰ ਸਾਬ੍ਹ ਪੱਲੇ ਕੁਸ਼ ਨੀ ਪੈਣਾ!'

'ਜੇ ਮੁੱਲਾਂ ਸਬਕ ਨਾ ਦੇਊ ਤਾਂ ਘਰ ਵੀ ਨਾ ਔਣ ਦੇਊ'

'ਏਹ ਕਹਾਵਤ ਏਥੇ ਲਾਗੂ ਨੀ ਹੁੰਦੀ ਸਾਬ੍ਹ, ਹੁਣ ਤਾਂ ਜਾਂ ਸਬਕ ਦੇਣ ਵਾਲਾ ਹੈਨੀ ਤੇ ਜਾਂ ਸਬਕ ਲੈਣ ਵਾਲਾ ਹੈਨੀ' ਹਰਨਾਮ ਨੇ ਕਿਹਾ।

'ਜਾਵੋ ਪਰ ਮਾਰਾ ਮਾਰੀ ਨੀ ਕਰਨੀ' ਸੂਬੇਦਾਰ ਮੇਜਰ ਨੇ ਫਿਰ ਮਿੰਨਤ ਕੀਤੀ।

'ਚੰਗਾ ਸਾਬ੍ਹ' ਆਖਕੇ ਸ਼ਿੰਗਾਰਾ ਸਲੂਟ ਮਾਰ ਕੇ ਚਲਾ ਗਿਆ ਮੀਕਾ, ਹਰਨਾਮ, ਕੇਵਲ, ਨੰਦਾ ਤੇ ਜਗੀਰ ਪੰਜੇ ਇੱਕ ਗੱਡੀ ਵਿੱਚ ਬੈਠ ਗਏ ਡਰਾਈਵਰ ਨੂੰ ਬ੍ਰਿਗੇਡੀਅਰ ਦੇ ਬੰਗਲੇ ਜਾਣ ਨੂੰ ਕਿਹਾ। ਉਹ ਪੰਜਾਂ ਮਿੰਟਾਂ 'ਚ ਬ੍ਰਗੇਡੀਅਰ ਦੇ ਘਰ ਲੈ ਗਿਆ, ਗੱਡੀ ਪਾਰਕ ਕੀਤੀ ਤੇ ਸਾਰੇ ਆਪੋ ਆਪਣੇ ਹਥਿਆਰ ਗੱਡੀ ਵਿੱਚ ਰੱਖਕੇ ਤੇ ਡਰਾਈਵਰ ਨੂੰ ਗੱਡੀ ਕੋਲ ਛੱਡ ਕੇ ਬ੍ਰਗੇਡੀਅਰ ਦੇ ਬੰਗਲੇ ਵਿੱਚ ਵੜ ਗਏ। ਬੰਗਲਾ ਕਿੱਲੇ ਤੋਂ ਵੱਧ ਜ਼ਮੀਨ ਵਿੱਚ ਸੀ। ਛੁੱਟੀ ਹੋਣ ਕਰਕੇ ਘਰੇ ਕੋਈ ਕੰਮ ਕਰਨ ਵਾਲਾ ਨਹੀਂ ਸੀ। ਸਿਰਫ ਮਾਲੀ ਫੁੱਲਾਂ ਨੂੰ ਪਾਣੀ ਦੇ ਰਿਹਾ ਸੀ। ਬਰਾਂਡੇ ਵਿੱਚ ਇੱਕ ਬੈਠੀ ਮੋਟੀ ਜਿਹੀ ਅਧਖੜ ਜਨਾਨੀ ਅਖ਼ਬਾਰ ਪੜ੍ਹ ਰਹੀ ਸੀ ਜੋ ਕਿ ਬ੍ਰਗੇਡੀਅਰ ਦੇ ਘਰਵਾਲੀ ਸੀ। ਚਾਰ ਪੰਜ ਫੌਜੀ ਆਉਂਦੇ ਦੇਖਕੇ ਅਖਬਾਰ ਰੱਖ ਦਿੱਤਾ।

'ਸਾਸਰੀ ਕਾਲ ਮੇਮ ਸਾਬ' ਸ਼ਿੰਗਾਰੇ ਨੇ ਅੱਗੇ ਹੋ ਕੇ ਅਦਬ ਨਾਲ ਸਾਸਰੀ ਕਾਲ ਬੁਲਾਈ।

'ਸਤਿ ਸ੍ਰੀ ਅਕਾਲ' ਉਸਨੇ ਜਵਾਬ ਦਿੱਤਾ।

'ਸਾਬ੍ਹ ਘਰ ਨੇ' ਸ਼ਿਗਾਰੇ ਨੇ ਪੁੱਛਿਆ।

'ਹਾਂ ਕੀ ਕੰਮ ਏ'

'ਬੱਸ ਥੋੜੀ ਜੀ ਗੱਲ ਕਰਨੀ ਆ ਜੇ ਕਰਵਾ ਦਿਓ ਤਾਂ'

'ਠੀਕ ਏ' ਆਖਕੇ ਉਹ ਕਮਰੇ ਵਿੱਚ ਚਲੀ ਗਈ, ਥੋੜੇ ਚਿਰ ਬਾਅਦ ਬ੍ਰਗੇਡੀਅਰ ਲੰਮਾਂ ਸਾਰਾ ਗਾਊਨ ਪਾਕੇ ਬਾਹਰ ਆ ਗਿਆ। ਉਸਦੇ ਇੱਕ ਹੱਥ ਵਿੱਚ ਅਖ਼ਬਾਰ ਤੇ ਦੂਜੇ ਵਿੱਚ ਸਿਗਾਰ ਸੀ। ਪਰ ਸਿੱਖਾਂ ਨੂੰ ਦੇਖਕੇ ਸਿਗਾਰ ਥੱਲੇ ਸਿੱਟਕੇ ਪੈਰ ਨਾਲ ਮਸਲ ਕੇ ਸਿੱਖਾਂ ਕੋਲ ਆਕੇ ਇੱਕ ਵੱਡੇ ਸਾਰੇ ਮੂਹੜੇ ਤੇ ਬੈਠ ਗਿਆ।

'ਹਾਂ ਵਈ ਜੁਆਨੋ ਕੀ ਗੱਲ ਆ' ਬ੍ਰਗੇਡੀਅਰ ਅਖ਼ਬਾਰ ਪਾਸੇ ਰੱਖਕੇ ਤੇ ਮੁੱਛਾਂ ਤੇ ਹੱਥ ਫੇਰਕੇ ਕਿਹਾ।

'ਪ੍ਹੈਲੀ ਗੱਲ ਤਾਂ ਏਹ ਆ ਕਿ ਸ਼ੈਦ ਥੋਨੂੰ ਪਤਾ ਨੀ ਹੋਣਾ ਕਿ ਦੋ ਦਿਨ ਹੋਗੇ ਅਫਸਰਾਂ ਦੇ ਮੁੰਡਿਆਂ ਨੂੰ ਸਾਡੀ ਬੇਜ਼ਤੀ ਕਰਦਿਆਂ' ਸਿੰਘ ਨੇ ਨਿਮਰਤਾ ਨਾਲ ਕਿਹਾ। ਅਤੇ ਸਾਰੀ ਗੱਲ ਦੱਸ ਦਿੱਤੀ ਤੇ ਇਹ ਵੀ ਪੁੱਛ ਲਿਆ ਕਿ ਤੁਸੀਂ ਓਨਾਂ ਨੂੰ ਹਟਾਉਣਾ ਕਿ ਨਹੀਂ। ਵੈਸੇ ਭੱਜਣ ਦੀ ਤਿਆਰੀ ਕਰ ਲਈ ਸੀ ਪਰ ਇਹ ਸਿਰਫ ਸੂਬੇਦਾਰ ਦੇ ਕਹਿਣ ਤੇ ਬ੍ਰਗੇਡੀਅਰ ਦਾ ਮੂੰਹ ਸੁੰਘਣ ਆਏ ਸਨ ਕੋਈ ਮਾਰਨ ਦਾ ਇਰਾਦਾ ਲੈਕੇ ਨਹੀਂ ਸਿਰਫ ਫ਼ਰਿਆਦ ਕਰਨ!

'ਬੱਚੇ ਆ ਬੱਚਿਆਂ ਦਾ ਕੀ ਕਰੀਏ ਏਹ ਕ੍ਹੇੜਾ ਆਖੇ ਲਗਦੇ ਆ' ਬ੍ਰਗੇਡੀਅਰ ਨੇ ਜਵਾਬ ਦਿੱਤਾ।

'ਸਾਬ੍ਹ ਆਖੇ ਤਾਂ ਅਸੀਂ ਮਿੰਟਾਂ 'ਚ' ਲਾ ਲਾਂਗੇ' ਨੰਦੇ ਨੇ ਆਵਦੀਆਂ ਕੁੰਢੀਆਂ ਮੁੱਛਾਂ ਨੂੰ ਵੱਟ ਦੇ ਕੇ ਕਿਹਾ। ਨੰਦੇ ਦੀ ਗੱਲ ਸੁਣਕੇ ਬ੍ਰਗੇਡੀਅਰ ਨੂੰ ਗੁੱਸਾ ਆ ਗਿਆ। ਗੁੱਸਾ ਤਾਂ ਸਿੱਖਾਂ ਨੂੰ ਦੇਖਕੇ ਹੀ ਆ ਗਿਆ ਸੀ ਮੇਰੇ ਕੋਲ ਸਿੱਧੇ ਕਿਉਂ ਆਏ ਆ। ਪਹਿਲਾਂ ਮੇਜਰ ਜਾ ਕਰਨਲ ਕੋਲ ਜਾਂਦੇ ਫਿਰ ਉਹ ਮੇਰੇ ਕੋਲ ਆਉਂਦਾ, ਪਰ ਇੱਹ ਸਿੱਧੇ ਮੂੰਹ ਚੱਕ ਕੇ ਮੇਰੇ ਕੋਲ ਆ ਗਏ ਜਿਵੇਂ ਪਿਓ ਦਾ ਰਾਜ ਹੁੰਦਾ। ਲੋਹਾ ਲਾਖਾ ਤਾਂ ਸਿੱਖਾਂ ਨੂੰ ਦੇਖਕੇ ਹੀ ਹੋ ਗਿਆ ਸੀ ਕਿ ਇਹ ਕਰਦੇ ਕੀ ਆ!

'ਤੁਸੀਂ ਕੀ ਬਕਵਾਸ ਕਰਦੇ ਓ ਸਾਡੇ ਬੱਚਿਆਂ ਵੱਲ ਉਂਗਲੀ ਕਰੋ ਥੋਡੀ ਏਹ ਹਿੰਮਤ?' ਬ੍ਰਗੇਡੀਅਰ ਨੂੰ ਆਵਦੇ ਜੁਆਕਾਂ ਬਾਰੇ ਸੁਣਕੇ ਗੁੱਸਾ ਆ ਗਿਆ।




'ਸਾਬ੍ਹ ਫੌਜੀ ਪੰਜਾਬ 'ਚ' ਸਾਡੇ ਸਕੂਲ ਜਾਂਦੇ ਮਸੂਮ ਬੱਚਿਆਂ ਦੀਆਂ ਬਾਹਵਾਂ ਪਿੱਛੇ ਬੰਨ ਕੇ ਮਾਰੀ ਜਾਂਦੇ ਆ ਉਹ ਕਿਸੇ ਦੇ ਬੱਚੇ ਨੀ?' ਸਾਰਿਆਂ ਨੇ ਕਿਹਾ।

'ਅੱਤਵਾਦੀਆਂ ਦਾ ਏਹੋ ਹਾਲ ਹੁੰਦਾ'

'ਕੀ ਅਸੀਂ ਅੱਤਵਾਦੀ ਆਂ ਜੋ ਥੋਡੇ ਛੋਕਰੇ ਸਾਨੂੰ ਮੂੰਹ ਚੜੌਂਦੇ ਆ?'

'ਕੀ ਕਰਲੋ ਗੇ ਤੁਸੀਂ? ਦੇਖੀ ਜਾਇਓ ਅਸੀਂ ਥੋਡੇ ਅਕਾਲ ਅਖਤ ਦਾ ਕੀ ਹਾਲ ਕਰਦੇ ਆਂ'

'ਸਾਬ੍ਹ ਅੱਗੇ ਕੁਸ਼ ਹੋਰ ਨਾ ਬੋਲਿਓ' ਮੀਕੇ ਨੇ ਕਿਹਾ ਉਸਨੂੰ ਅਕਾਲ ਤਖਤ ਦੇ ਨਾ ਤੇ ਗੁੱਸਾ ਆ ਗਿਆ।

'ਮੈਂ ਕ੍ਹੈਨਾ ਤੁਸੀਂ ਹੋਰ ਨਾ ਬੋਲਿਓ ਨਈਂ ਤਾਂ ਸਿੱਧੇ ਕੁਆਟਰ ਗਾਰਡ ਭੇਜ ਦੂੰਗਾ ਮੈਂ ਥੋਡੀਆਂ ਦਾੜ੍ਹੀਆਂ ਦੀ ਸ਼ਰਮ ਖਾਨਾ, ਥੋਨੂੰ ਪਤਾ ਤੁਸੀਂ ਕ੍ਹੀਦੇ ਨਾ ਗੱਲ ਕਰਦੇ ਓ'!

'ਹਾਂ ਜੀ ਪਤੈ, ਪਰ ਦੱਸੋ ਤੁਸੀਂ ਸਾਡੀਆਂ ਬੈਰਕਾਂ ਅੱਗੇ ਸਾਡੇ ਉਲਟ ਨਾਹਰੇ ਲੌਣੋਂ ਮੁੰਡਿਆਂ ਨੂੰ ਹਟੌਣਾਂ ਕਿ ਨਹੀਂ' ਹਰਨਾਮ ਨੇ ਪੁੱਛਿਆ।

'ਨਹੀਂ ਹਟੌਣਾ ਕਰਲੋ ਕੀ ਕਰਨੈ! ਸਗੋਂ ਦੋ ਚਾਰ ਬੱਚੇ ਹੋਰ ਭੇਜਾਂਗੇ, ਜਾਓ ਭੱਜ ਜੋ ਇੱਥੋਂ' ਬ੍ਰਗੇਡੀਅਰ ਆਖਕੇ ਕਮਰੇ ਵਿੱਚ ਚਲਾ ਗਿਆ ਤੇ ਜਾ ਕੇ ਫੂਨ ਚੱਕ ਲਿਆ।

ਸਾਰਿਆਂ ਨੇ ਅੱਖਾਂ ਮਿਲਾਈਆਂ ਤੇ ਜਾਣ ਵਾਸਤੇ ਇਸ਼ਾਰਾ ਕੀਤਾ। ਸੋਚਿਆ ਕਿ ਕਿਤੇ ਹੋਰ ਯੂਨਿਟ ਦੀ ਫੌਜ ਮੰਗਵਾ ਕੇ ਐਥੇ ਹੀ ਕੈਦ ਨਾ ਕਰਵਾ ਦੇਵੇ ਅਜੇ ਕੁਛ ਕੀਤਾ ਵੀ ਨਹੀਂ ਤੇ ਖਾਹ ਮਖਾਹ ਜੇਲ੍ਹ ਜਾਈਏ 'ਨਾ ਖੁਦਾ ਹੀ ਮਿਲਾ ਨਾ ਵਸਲੇ ਸਨਮ ਨਾ ਇਧਰ ਕੇ ਰਹੇ ਨਾ ਉਧਰ ਕੇ' ਸੋਚ ਕੇ ਗੱਡੀ ਵਿੱਚ ਬੈਠ ਗਏ।

'ਸਾਲੇ ਕਮੀਨੇ ਨਾ ਹੋਣ ਤਾਂ ਏ੍ਹਨਾ ਨੂੰ ਰੋਟੀ ਨੀ ਹਜ਼ਮ ਹੁੰਦੀ, ਐਵੇਂ ਤਾ ਨੀ ਸਿਆਣੇ ਕਹਿੰਦੇ "ਕੁੱਤੇ ਨੂੰ ਖੀਰ ਤੇ ਕਮੀਨੇ ਨੂੰ ਰਿਜ਼ਕ ਨੀ ਪਚਦਾ" ਬ੍ਰਗੇਡੀਅਰ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ।

'ਹੁਣ ਕੀ ਹੁਕਮ ਆ ਸਰਕਾਰ' ਅਮਲੀ ਡਰਾਈਵਰ ਨੇ ਪੁੱਛਿਆ।

'ਹੁਣ ਚੱਲ ਕਰਨਲ ਹਰਦੇਵ ਦੇ ਬੰਗਲੇ' ਕੁਛ ਚਿਰ ਬਾਅਦ ਗੱਡੀ ਕਰਨਲ ਹਰਦੇਵ ਦੇ ਬੰਗਲੇ ਅੱਗੇ ਜਾ ਕੇ ਰੁਕੀ ਸਾਰੇ ਗੱਡੀ ਵਿੱਚੋਂ ਉੱਤਰ ਕੇ ਕਰਨਲ ਹਰਦੇਵ ਸਿੰਘ ਕੋਲ ਗਏ। ਉਹ ਅਰਾਮ ਕੁਰਸੀ ਤੇ ਸਿਰ ਸਿੱਟੀ ਪਿਆ ਸੀ। ਉਸਦੇ ਮੇਜ਼ ਤੇ ਖਿੱਲਰੇ ਹੋਏ ਅਖਬਾਰ ਪਏ ਸਨ। ਕੋਲ ਮਿੱਟੀ ਨਾਲ ਭਰਿਆ ਟੈਲੀਫੂਨ ਪਿਆ ਸੀ। ਮੇਜ ਕੋਲ ਪੰਜ ਛੇ ਕੁਰਸੀਆਂ ਪਈਆਂ ਸਨ। ਘਰ ਇੱਕ ਸੇਵਾਦਾਰ ਜੋ ਕਿ ਸਿੱਖ ਹੀ ਸੀ ਬਾਹਰ ਸਾਫ ਸਫਾਈ ਨੂੰ ਹੱਥ ਪੱਲਾ ਮਾਰ ਰਿਹਾ ਸੀ। ਸਾਰਿਆਂ ਨੇ ਜਾ ਕੇ ਸਲੂਟ ਮਾਰਿਆ। ਹਰਦੇਵ ਨੇ ਸਲੂਟ ਦਾ ਜਵਾਬ ਦਿੱਤਾ ਤੇ ਕੁਰਸੀਆਂ ਤੇ ਬੈਠਣ ਦਾ ਇਸ਼ਾਰਾ ਕੀਤਾ।

'ਹਾਂ ਵਈ ਕਿਵੇਂ ਔਣਾ ਹੋਇਆ ਸੁੱਖ ਆ' ਕਰਨਲ ਹਰਦੇਵ ਨੇ ਟੁੱਟੇ ਹੋਏ ਦਿਲ ਨਾਲ ਪੱਛਿਆ।

'ਥੋਨੂੰ ਪਤਾ ਈ ਸਾਬ ਕੀ ਦੱਸੀਏ ਇੱਕ ਤਾਂ ਦਰਬਾਰ ਸਾਬ੍ਹ ਤੇ ਫੌਜ ਨੇ ਹਮਲਾ ਕਰ ਦਿੱਤਾ ਤੇ ਦੂਜਾ ਏਹ ਅਫਸਰਾਂ ਦੇ ਛੋਕਰੇ ਆਖ ਰਹੇ ਆ ਕਿ "ਕਿ ਅਬ ਸਿੱਖੋਂ ਕੋ ਖਤਮ ਕਰਕੇ ਰਹੇਂਗੇ" ਅਸੀਂ ਏਨ੍ਹਾ ਦਾ ਕੀ ਵਿਗਾੜਿਐ?'

'ਮੈਨੂੰ ਸਾਰੀ ਗੱਲ ਦਾ ਪਤੈ, ਪਰ ਜਵਾਨੋ ਮੈਂ ਵੀ ਮਜਬੂਰ ਆਂ' ਕਰਨਲ ਨੇ ਮੂੰਹ ਨੀਵਾਂ ਕਰਕੇ ਕਿਹਾ। ਚਾਹ ਤੇ ਪਾਣੀ ਲੈ ਕੇ ਆ ਗਿਆ ਸਾਰਿਆਂ ਨੇ ਪਾਣੀ ਪੀਤਾ ਕਿਉਂਕਿ ਸਾਰਿਆਂ ਦਾ ਗਲ ਖੁਸ਼ਕ ਹੋ ਚੁੱਕਿਆ ਸੀ। ਬ੍ਰਗੇਡੀਅਰ ਨੇ ਤਾਂ ਪਾਣੀ ਦੀ ਸੁਲ੍ਹਾ ਵੀ ਨਹੀਂ ਮਾਰੀ।

'ਥੋਡੇ ਕੋਲੋਂ ਕੀ ਲੁੱਕ ਆ ਸਾਬ੍ਹ ਅਸੀਂ ਤਾਂ ਹਥਿਆਰ ਲੈ ਕੇ ਅੰਬਰਸਰ ਜਾ ਕੇ ਫ਼ੌਜ ਦਾ ਮੁਕਾਬਲਾ ਕਰਨਾ' ਹਰਨਾਮ ਨੇ ਗੁੱਸੇ ਨਾਲ ਕਿਹਾ।

'ਐਡੀ ਵੱਡੀ ਨਫ਼ਰੀ ਨਾਲ ਤੁਸੀਂ ਕਿਵੇਂ ਮੁਕਾਬਲਾ ਕਰੋਗੇ?' ਕਰਨਲ ਨੇ ਢਿੱਲਾ ਜਿਹਾ ਮੂੰਹ ਬਣਾ ਕਿਹਾ ਜਿਹੜਾ ਹਰੀ ਸਿੰਘ ਨਲੂਏ, ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਦੇ ਕਿੱਸੇ ਸੁਣਾਉਂਦਾ ਹੁੰਦਾ ਸੀ ਕਿਤੇ ਸਾਡਾ ਬਾਪੂ ਕਹਿੰਦਾ ਹੁੰਦਾ ਸੀ

'ਸਵਾ ਲਾਖ ਸੇ ਏਕ ਲੜਾਂਊਂ'

ਪਰ ਅੱਜ ਭਾਰਤੀ ਗੌਰਮਿੰਟ ਅੱਗੇ ਸਿਰ ਸਿੱਟੀ ਬੈਠਾ ਸੀ। ਕਰਦਾ ਵੀ ਕੀ ਐਡੀ ਵੱਡੀ ਫ਼ੌਜ ਜੋ ਕਿ ਚੀਨ ਪਾਕਿਸਤਾਨ ਨੂੰ ਅੱਗੇ ਲਾ ਲਵੇ ਇਹਦੇ ਅੱਗੇ ਦੋ ਚਾਰ ਹਜ਼ਾਰ ਫੌਜੀ ਕੀ ਮਾਇਨੇ ਰੱਖਦੇ ਸਨ।

'ਕੁਸ਼ ਵੀ ਹੋਵੇ ਅਸੀਂ ਨੀ ਹੁਣ ਹਟਣਾ ਇੱਟ ਦਾ ਜਵਾਬ ਪੱਥਰ 'ਚ' ਦੇਣਾ' ਮੀਕੇ ਨੇ ਕਿਹਾ।

'ਜਾਹ ਤੂੰ ਸੀਨੀਅਰ ਸੂਬੇਦਾਰ ਨੂੰ ਬੁਲਾ ਕੇ ਲਿਆ' ਕਰਨਲ ਨੇ ਆਵਦੇ ਸੇਵਾਦਾਰ ਨੂੰ ਕਿਹਾ ਉਹ ਸਕੂਟਰ ਲੈਕੇ ਚਲਾ ਗਿਆ।

'ਦੇਖੋ ਹੁਣ ਥੋਡਾ ਨਵਾਂ ਖੂਨ ਆ ਜੇ ਤੁਸੀਂ ਮਰਗੇ ਜਾਂ ਅੰਦਰ ਹੋਗੇ ਕਿਸੇ ਨੇ ਬਾਤ ਨੀ ਪੁੱਛਣੀ' ਕਰਨਲ ਨੇ ਠਰੰਮੇ ਨਾਲ ਕਿਹਾ।

'ਸਾਬ੍ਹ ਕੀ ਕਰੀਏ! ਅੱਜ ਤਾਂ ਪੰਜਾਬ ਦੇ ਮੰਤਰੀ ਨੇ ਵੀ ਬੀ ਬੀ ਸੀ ਤੋਂ ਐਲਾਣ ਕਰਤਾ ਕਿ ਫ਼ੌਜੀ ਬੈਰਕਾਂ ਛੱਡ ਕੇ ਅੰਬਰਸਰ ਆ ਕੇ ਫ਼ੌਜ ਦਾ ਮੁਕਾਬਲਾ ਕਰਨ' ਮੀਕੇ ਨੇ ਕਿਹਾ।

'ਓ ਭਲਿਓ ਲੋਕੋ ਤਾਂਹੀ ਤਾ ਫ਼ੌਜੀਆਂ ਬਾਰੇ ਲੋਕ ਕ੍ਹੈਂਦੇ ਆ ਕਿ ਫ਼ੌਜੀਆਂ ਦਾ ਦਿਮਾਗ ਨੀ ਹੁੰਦਾ'

'ਕਿਉਂ ਨੀ ਹੁੰਦਾ ਡਮਾਕ ਜਦੋਂ ਮੰਤਰੀ ਨੇ ਕਿਹਾ'

'ਓ ਫ਼ੌਜੀਓ ਆਪਾਂ ਹੁੰਨੇ ਆ ਸਾਫ ਦਿਲ ਦੇ ਭਲਾ ਸੱਪ, ਪੁਲੀਸ ਜਾਂ ਲੀਡਰ ਦਾ ਵੀ ਕੋਈ ਯਕੀਨ ਹੁੰਦੈ' ਏਹ ਤਾਂ ਕੁਰਸੀ ਮਾਰੇ ਆਵਦੇ ਮੁੰਡਾ ਜਾਂ ਕੁੜੀ ਨੂੰ ਵੀ ਮਰਵਾ ਦਿੰਦੇ ਆ'

'ਪਰ ਸਾਬ੍ਹ ਸਾਡੇ ਦਿਲ ਬੁਰੀ ਤਰ੍ਹਾਂ ਵਲੂੰਧਰੇ ਗਏ ਆ'

'ਬ੍ਹੌਤ ਮਾੜੀ ਗੱਲ ਆ ਠੰਢੇ ਦਿਮਾਗ ਨਾਲ ਕੋਈ ਰਾਹ ਕੱਢੋ ਭੱਜਣਾ ਬੇਵਕੂਫੀ ਆ

ਮੈਨੂੰ ਪਤਾ! ਪੰਜਾਬ ਦੇ ਮੋਢੀਆਂ ਨੇ ਫ਼ੌਜੀਆਂ ਨੂੰ ਬੈਰਕਾਂ ਛੱਡਣ ਵਾਸਤੇ ਕਿਹਾ, ਪਰ ਭੱਜਣ ਤੋਂ ਬਾਦ ਏਨ੍ਹਾ ਬਾਤ ਨੀ ਪੁੱਛਣੀ ਹੁਣ ਲੀਡਰ ਬਾਰੇ ਸੁਣ ਲੋ-

'ਲੀਡਰ ਦਾ ਮੁੰਡਾ ਆਵਦੇ ਪਿਓ ਨੂੰ ਕਹਿੰਦਾ ਡੈਡੀ ਮੈਂ ਵੀ ਲੀਡਰ ਬਣਨਾ ਮੈਨੂੰ ਕੋਈ ਨੁਖ਼ਸਾ ਦੱਸੋ। ਤਾਂ ਡੈਡੀ ਨੇ ਕਿਹਾ ਆਪਣੇ ਕੋਲ ਰੁਪਿਆ ਪੈਸਾ ਬਹੁਤ ਆ ਤੂੰ ਲੀਡਰ ਬਣਨ ਨੂੰ ਛੱਡ ਪਰ ਮੁੰਡਾ ਜ਼ਿਦ ਪੈ ਗਿਆ ਕਿ ਦੱਸੋ ਲੀਡਰ ਬਣਨ ਵਾਸਤੇ ਕੀ ਖੂਬੀ ਹੋਣੀ ਚਾਹੀਦੀ ਆ ਤਾਂ ਡੈਡੀ ਨੇ ਆਵਦੇ ਮੁੰਡੇ ਨੂੰ ਕਿਹਾ ਕਿ ਕੋਠੇ ਤੇ ਚੜ ਮੁੰਡਾ ਫਟਾ-ਫਟ ਕੋਠੇ 'ਤੇ ਚੜ ਗਿਆ। ਮੁੰਡੇ ਨੇ ਸੋਚਿਆ ਟੀਵੀ ਦਾ ਏਰੀਅਲ ਠੀਕ ਕਰਨਾ ਹੋਊ। ਮੁੰਡੇ ਨੇ ਕੋਠੇ 'ਤੇ ਚੜਕੇ ਪੁੱਛਿਆ ਹੁਣ ਕੀ ਹੁਕਮ ਆ ਤਾਂ ਡੈਡੀ ਨੇ ਕਿਹਾ ਹੁਣ ਕੋਠੇ ਤੋਂ ਛਾਲ ਮਾਰ! ਮੁੰਡਾ ਕਹਿੰਦਾ ਮੇਰੇ ਸੱਟ ਵੱਜੂਗੀ ਤਾਂ ਡੈਡੀ ਨੇ ਕਿਹਾ ਜਦੋਂ ਮੈਂ ਹੈਗਾਂ ਫੇਰ ਕਾਹਦਾ ਡਰ! ਮੈਂ ਬਚਾ ਲਵਾਂਗਾ! ਛੇਤੀ ਕਰ ਛਾਲ ਮਾਰ! ਮੁੰਡੇ ਨੇ ਛਾਲ ਮਾਰ ਦਿੱਤੀ। ਪਰ ਡੈਡੀ ਪਾਸੇ ਹਟ ਗਿਆ ਮੁੰਡੇ ਦੀਆਂ ਹੱਡੀਆਂ ਪੱਸਲੀਆਂ ਟੁੱਟ ਗਈਆਂ ਮੁੰਡਾ ਰੋਣ ਲੱਗ ਪਿਆ ਤਾਂ ਡੈਡੀ ਨੇ ਕਿਹਾ ਇਹ ਸੀ ਪਹਿਲਾ ਸਬਕ ਮੁੰਡੇ ਨੇ ਪੁੱਛਿਆ-

'ਕਿਵੇਂ?' ਤਾਂ ਡੈਡੀ ਨੇ ਕਿਹਾ ਕਿ-

'ਰਾਜਨੀਤੀ ਵਿੱਚ ਸਕੇ ਬਾਪ' ਤੇ ਵੀ ਭਰੋਸਾ ਨੀ ਕਰਨਾ'

'ਸਾਬ੍ਹ ਜੀ ਸਾਰੇ ਲੀਡਰ ਤਾਂ ਨੀ ਇੱਕੋ ਜਿਹੇ ਹੁੰਦੇ ਨਾਲੇ ਕਾਲੀਆਂ ਦੀ ਸਰਕਾਰ ਆ'

'ਥੋਨੂੰ ਕੀ ਪਤਾ ਸ਼ੈਦ ਦਰਬਾਰ ਸਾਹਬ ਤੇ ਹਮਲਾ ਅਕਾਲੀਆਂ ਨੇ ਹੀ ਕਰਵਾਇਆ ਹੋਵੇ' ਕਰਨਲ ਨੇ ਕੋਚਰੀ ਨਿਗ੍ਹਾ ਨਾਲ ਸਾਰਿਆਂ ਵੱਲ ਦੇਖਕੇ ਦਬੀ ਜ਼ਬਾਨ ਨਾਲ ਕਿਹਾ।

'ਕਾਲੀ ਇਉਂ ਨੀ ਜੀ ਕਰ ਸਕਦੇ!'

'ਜਵਾਨੋ ਰਾਜਨੀਤੀ 'ਚ' ਸਭ ਚਲਦਾ, ਕੁਰਬਾਨੀਆਂ ਦੇਣ ਦਾ ਐਲਾਨ ਆਗੂ ਕਰਦੇ ਨੇ ਤੇ ਕੁਰਬਾਨੀਆਂ ਸਧਾਰਨ ਬੰਦੇ ਦਿੰਦੇ ਨੇ, ਔਹ ਸੂਬੇਦਾਰ ਸਾਹਬ ਵੀ ਆ ਗਏ' ਆਓ ਸਾਬ੍ਹ ਬੈਠੋ!' ਸੂਬੇਦਾਰ ਨੇ ਸਕੂਟਰ ਤੋਂ ਉੱਤਰ ਕੇ ਕਰਨਲ ਨੂੰ ਸਲੂਟ ਮਾਰੀ ਤੇ ਕੁਰਸੀ ਤੇ ਬੈਠ ਗਿਆ।

'ਸਾਹਬ ਏਨ੍ਹਾਂ ਨੂੰ ਸਮਝਾਵੋ ਗਲਤ ਰਾਹ 'ਤੇ ਜਾ ਰਹੇ ਨੇ!' ਕਰਨਲ ਨੇ ਸੂਬੇਦਾਰ ਨੂੰ ਕਿਹਾ।

'ਥੋਡਾ ਖਿਆਲ ਆ ਕਿ ਮੈਂ ਸਮਝਾਏ ਨੀ! ਬ੍ਹੌਤ ਸਮਝਾਏ ਆ, ਬੱਸ ਏਨ੍ਹਾ ਦੇ ਸਿਰ 'ਤੇ ਭੂਤ ਸਵਾਰ ਹੋ ਗਿਐ! ਹੁਣ ਨੀ ਏਹ ਰੁਕਦੇ ਕ੍ਹੈਂਦੇ ਅੰਬਰਸਰ ਜਾਣੈ! ਜਿਵੇਂ ਖੇਡ ਹੁੰਦੀ ਆ!'

'ਅੰਬਰਸਰ ਤਾਂ ਦੂਰ! ਏਨ੍ਹਾਂ ਨੂੰ ਤਾਂ ਬਿਹਾਰ ਨੀ ਲੰਘਣ ਦੇਣਾਂ'! ਕਰਨਲ ਨੇ ਕਿਹਾ! ਜਿਸਨੂੰ ਸਾਰਾ ਪਤਾ ਸੀ ਰਾਹ ਵਿੱਚ ਹੀ ਨਾਕਾਬੰਦੀ ਕਰਕੇ ਕੈਦ ਕਰ ਲੈਣੇ ਆਂ! ਬਾਅਦ ਵਿੱਚ ਫ਼ੌਜੀ ਛੱਡਣ ਜਾਂ ਮਾਰਨ। ਪਰ ਇਹ ਇਸ ਗੱਲ ਤੋਂ ਅਣਜਾਣ ਸਨ। ਕਿਸੇ ਦੀ ਸੁਣਦੇ ਵੀ ਨਹੀਂ ਸਨ। ਇਹਨਾਂ ਦੇ ਦਿਲਾਂ ਵਿੱਚ ਅੱਗ ਦੇ ਭਾਂਬੜ ਬਲ ਰਹੇ ਸਨ! ਇਹਨਾ ਅੰਦਰ ਅੰਬਰਸਰ ਦਰਬਾਰ ਸਾਹਿਬ ਵਿੱਚ ਅਥਾਹ ਸ਼ਰਧਾ ਸੀ ਬੱਸ ਦਿਲ ਵਿੱਚ ਏਹੋ ਗੁੱਸਾ ਸੀ ਕਿ ਹਮਲਾ ਕਿਉਂ ਕੀਤਾ?

'ਸਾਬ੍ਹ ਥੋਨੂੰ ਕੋਈ ਦਰਦ ਨੀਂ?'

'ਦਰਦ ਆ ਜਵਾਨੋ! ਪੂਰਾ ਦਰਦ ਆ! ਪਰ ਆਪਾਂ ਫ਼ੌਜ ਦਾ ਮੁਕਾਬਲਾ ਨੀਂ ਕਰ ਸਕਦੇ! ਥੋਨੂੰ ਪੈਲ੍ਹਾਂ ਵੀ ਕਿਹਾ'!

'ਚਲੋ ਸਾਰਾ ਕੁਸ਼ ਮੰਨਦੇ ਆਂ ਪਰ ਬ੍ਰਗੇਡੀਅਰ ਨੇ ਕਿਹਾ ਕਿ ਫ਼ੌਜ ਨੇ ਠੀਕ ਕੀਤਾ! ਏਹ ਆਖਕੇ ਸਾਡੇ ਜ਼ਖਮਾਂ ਤੇ ਹੋਰ ਨੂਣ ਭੁੱਕਿਆ! ਸਾਬ੍ਹ ਸਾਡੀ ਗੱਲ ਤਾਂ ਕੀ ਸੁਣਨੀ ਸੀ ਸਗੋਂ ਸਾਡੀ ਬੇਜ਼ਤੀ ਕੀਤੀ।'

'ਓ ਵੱਡੇ ਅਫਸਰ ਥੋਨੂੰ ਸਿਪਾਈਆਂ ਨੂੰ ਕੀ ਸਮਝਦੇ ਆ'

'ਸਾਬ੍ਹ ਕੌਣ ਵੱਡਾ ਕੌਣ ਛੋਟਾ ਏਹ ਤਾਂ ਮੌਕਾ ਦੱਸੂਗਾ' ਹਰਨਾਮ ਨੇ ਗੁੱਸੇ ਨਾਲ ਕਿਹਾ।

'ਚਲੋ ਹੁੱਣ ਮੈਂ ਥੋਡੇ ਨਾਲ ਬ੍ਰਗੇਡੀਅਰ ਸਾਬ੍ਹ ਕੋਲ ਚਲਦਾਂ!' ਸੂਬੇਦਾਰ ਨੇ ਕਿਹਾ।

'ਹਾਂ ਜੇ ਕਹੋ ਤਾਂ ਮੈਂ ਵੀ ਨਾਲ ਚਲਦਾਂ!' ਕਰਨਲ ਨੇ ਕਿਹਾ ਅਤੇ ਬ੍ਰਗੇਡੀਅਰ ਕੋਲ ਦਾਦ ਫਰਿਆਦ ਕਰਨ ਨੂੰ ਤਿਆਰ ਹੋ ਗਿਆ।

'ਸਾਬ੍ਹ ਅਸੀਂ ਆਵਦੀ ਬੇਜ਼ਤੀ ਤਾਂ ਜਰ ਲੀ ਪਰ ਜੇ ਥੋਡੀ ਬੇਜ਼ਤੀ ਕੀਤੀ ਤਾਂ ਅਸੀਂ ਨੀ ਜਰ ਸਕਦੇ ਫੇਰ ਹੋਰ ਦਾ ਹੋਰ ਬਣਜੂੰ' ਮੀਕੇ ਨੇ ਕਿਹਾ ਜਦੋਂ ਕਰਨਲ ਨੇ ਵੀ ਸਿਵਾਏ ਗੱਲਾਂ ਤੋਂ ਪੱਲੇ ਕੁਛ ਨਹੀਂ ਪਾਇਆ ਤਾਂ ਸਾਰੇ ਜਣੇ ਉੱਠਕੇ ਚਲੇ ਗਏ।

'ਲਿਆ ਹੁਣ ਮੋਟਰ ਸੈਕਲ ਲਿਆ' ਹਰਨਾਮ ਨੇ ਕੇਵਲ ਨੂੰ ਕਿਹਾ।

'ਕੀ ਗੱਲ?'

'ਗੱਲ ਨੀਂ ਪੁੱਛਣੀ ਬੱਸ ਛੇਤੀ ਕਰ' ਹਰਨਾਮ ਨੇ ਦੁਹਰਾਇਆ! ਥੋੜੇ ਫਾਸਲੇ ਤੇ ਮੋਟਰ ਸਾਈਕਲ ਸੀ ਕੇਵਲ ਨੇ ਕਿੱਕ ਮਾਰੀ ਤੇ ਲਿਆ ਕੇ ਹਰਨਾਮ ਕੋਲ ਆ ਗਿਆ! ਹਰਨਾਮ ਨੇ ਰੀਵਾਲਵਰ ਭਰ ਕੇ ਪੈਂਟ ਦੀ ਜੇਬ ਵਿੱਚ ਪਾ ਲਿਆ।

'ਚੱਲ ਵਈ ਰੱਬ ਦਾ ਨਾ ਲੈ ਕੇ!' ਮੋਟਰ ਸਾਈਕਲ ਤੇ ਬੈਠਦੇ ਹੋਏ ਹਰਨਾਮ ਨੇ ਕਿਹਾ। ਮੋਟਰ ਸਾਈਕਲ ਸਟਾਰਟ ਹੀ ਸੀ ਕੇਵਲ ਨੇ ਗੇਅਰ ਪਾਇਆ ਪੰਜਾਂ ਮਿੰਟਾਂ ਵਿੱਚ ਬ੍ਰਗੇਡੀਅਰ ਦੇ ਬੰਗਲੇ ਪਹੁੰਚ ਗਏ। ਗੇਟ ਤੇ ਕੋਈ ਸੰਤਰੀ ਨਹੀਂ ਸੀ। ਮੋਟਰ ਸਾਈਕਲ ਗੇਟ ਦੇ ਕੋਲ ਹੀ ਖੜ੍ਹਾ ਕਰ ਦਿੱਤਾ। ਕੇਵਲ ਨੂੰ ਚੌਕਸ ਰਹਿਣ ਵਾਸਤੇ ਕਿਹਾ। ਆਪ ਇਕੱਲਾ ਹੀ ਅੰਦਰ ਚਲਾ ਗਿਆ। ਬਾਹਰ ਮਾਲੀ ਫੁੱਲਾਂ ਨੂੰ ਪਾਣੀ ਦੇ ਰਿਹਾ ਸੀ। ਬਰਾਂਡੇ ਵਿੱਚ ਸੁੰਨ ਸਰਾਂ ਸੀ। ਕੱਟੇ ਜਿੱਡਾ ਕਾਲਾ ਕੁੱਤਾ ਸੌਂ ਰਿਹਾ ਸੀ।

'ਸਾਹਬ ਸੇ ਬਾਤ ਕਰਨੀ ਹੈ! ਏਕ ਜਰੂਰੀ ਮੈਸਜ ਹੈ!' ਕੇਵਲ ਨੇ ਮਾਲੀ ਨੂੰ ਕਿਹਾ! ਮਾਲੀ ਸੁਨੇਹਾ ਦੇ ਕੇ ਬਾਹਰ ਆ ਗਿਆ। ਹਰਨਾਮ ਬੇਤਾਬੀ ਨਾਲ ਬ੍ਰਗੇਡੀਅਰ ਨੂੰ ਉਡੀਕ ਰਿਹਾ ਸੀ।

'ਮੈਂ ਕੈਨ੍ਹੀ ਆਂ ਰੈਣ੍ਹ ਦੇਵੋ ਜਾਣ ਨੂੰ ਮੇਰੇ ਦਿਲ ਨੂੰ ਕੁਸ਼ ਹੋਈ ਜਾਂਦੈ!' ਬ੍ਰਗੇਡੀਅਰ ਦੀ ਘਰਵਾਲੀ ਨੇ ਕਿਹਾ।

'ਦੋ ਟਕੇ ਦਾ ਸਿਪਾਹੀ ਮੈਨੂੰ ਕੀ ਕਰ ਲੂ?' ਬ੍ਰਗੇਡੀਅਰ ਨੇ ਜਵਾਬ ਦਿੱਤਾ ਤੇ ਬਾਹਰ ਜਾਣ ਲੱਗਾ। ਉਸਦੀ ਘਰਵਾਲੀ ਨੇ ਫੂਨ ਚੱਕ ਲਿਆ।

'ਹੈਲੋ ਵਰਮਾ' ਇਹ ਡੋਗਰਾ ਕੈਪਟਨ ਸੀ ਬ੍ਰਗੇਡੀਅਰ ਦਾ ਰਿਸ਼ਤੇਦਾਰ।

'ਹਾਂ ਭੈਣ ਜੀ ਕੀ ਗੱਲ ਹੋਗੀ ਬਹੁਤ ਘਬਰਾਈ ਹੋਈ ਹੋ?'

'ਬ੍ਰਗੇਡੀਅਰ ਜੁਆਨਾ ਨਾਲ ਲੜੀ ਜਾਂਦਾ ਛੇਤੀ ਆਵੋ, ਮੇਰੇ ਦਿਲ ਨੂੰ ਕੁਸ਼ ਹੋਈ ਜਾਂਦਾ!' ਮੂੰਹ ਤੋਂ ਮੁੜਕਾ ਪੂੰਝਦੀ ਹੋਈ ਨੇ ਕਿਹਾ।

'ਮੈਂ ਹੁਣੇ!' ਉਸਨੇ ਕਿਹਾ ਤੇ ਫੂਨ ਰੱਖ ਦਿੱਤਾ। ਉਸਦਾ ਨਾਲ ਹੀ ਘਰ ਸੀ। ਬ੍ਰਗੇਡੀਅਰ ਦੀ ਪਤਨੀ ਕਿਸੇ ਹੋਰ ਨੂੰ ਫੂਨ ਲਾ ਰਹੀ ਸੀ।

ਬ੍ਰਗੇਡੀਅਰ ਨੇ ਬਾਹਰ ਆਕੇ ਪੁੱਛਿਆ।

'ਕੀ ਗੱਲ ਹੈ ਜਵਾਨ?'

'ਸਾਬ੍ਹ ਗੱਲ ਦਾ ਤਾਂ ਥੌਨੂੰ ਪਤੈ!'

'ਕੀ?'

'ਅਸੀਂ ਜੀ ਥੋਡੇ ਕੋਲ ਅਰਜੋਈ ਜੋਦੜੀ ਕਰਨ ਆਏ ਸੀ ਤੁਸੀਂ ਸਾਡੀ ਫਰਿਆਦ ਤਾਂ ਕੀ ਸੁਣਨੀ ਸੀ ਉੱਤੋਂ ਤੁਸੀਂ ਸਾਡੀ ਬੇਜਤੀ ਕਰਤੀ!'

'ਹੂੰ ਬੇਜ਼ਤੀ ਉਸਦੀ ਹੁੰਦੀ ਆ ਜਿਸਦੀ ਇੱਜ਼ਤ ਹੋਵੇ'

'ਅਸੀਂ ਬੇਇਜ਼ਤੇ ਤੁਰੇ ਫਿਰਦੇ ਆਂ?' ਬ੍ਰਗੇਡੀਅਰ ਦੀ ਗੱਲ ਨੇ ਬਲਦੀ ਉੱਤੇ ਤੇਲ ਪਾ ਦਿੱਤਾ! ਹਰਨਾਮ ਦੇ ਡੌਲੇ ਫਰਕਣ ਲੱਗੇ।

'ਬਿਲਕੁੱਲ ਇਕ ਸਿਪਾਈ ਦੀ ਵੁੱਕਤ ਹੀ ਕੀ ਹੁੰਦੀ ਆ!'

'ਸਾਬ੍ਹ ਜਰਾ ਸੋਚ ਕੇ ਗੱਲ ਕਰੋ' ਹਰਨਾਮ ਨੇ ਗੁੱਸੇ ਨਾਲ ਕਿਹਾ।

'ਓਏ ਤੂੰ ਮੈਨੂੰ ਅੱਖਾਂ ਦਿਖੌਂਨੈ ਤੇਰੀ ਏਹ ਹਿੰਮਤ!' ਬ੍ਰਗੇਡੀਅਰ ਨੂੰ ਅੱਗ ਲੱਗ ਗਈ ਕਿ ਇੱਕ ਮਾਮੂਲੀ ਬੰਦਾ ਮੈਨੂੰ ਐਡੇ ਵੱਡੇ ਅਫ਼ਸਰ ਨੂੰ ਅੱਖਾਂ ਦਿਖਾਉਂਦੈ।

**ਬਾਕੀ ਸਫ਼ਾ 32 'ਤੇ**


Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW




# ਪਾਠਕਾਂ ਦਾ ਨਜ਼ਰੀਆ

## ਪੁੰਜਾਬ ਦੇ ਕਾਇਆ ਕਲਪ ਦੀ ਲੋੜ

ਅੱਜ ਪੰਜਾਬ ਦੇ ਹਾਲਾਤ ਕਿਸੇ ਤੋਂ ਲੁਕੇ ਨਹੀਂ ਹਨ। ਪੰਜਾਬ ਦੀ ਮਾੜੀ ਸਥਿਤੀ ਦਾ ਅੰਦਾਜ਼ਾ ਇੱਥੋਂ ਦੇ ਮੁੱਖ ਧੰਦੇ ਭਾਵ ਖੇਤੀਬਾੜੀ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਸੂਬੇ ਦਾ ਪੂਰਾ ਅਰਥਚਾਰਾ ਖੇਤੀਬਾੜੀ ’ਤੇ ਨਿਰਭਰ ਕਰਦਾ ਹੈ। ਅਜੋਕੇ ਸਮੇਂ ਪੰਜਾਬ ਨੇ ਦੇਸ਼ ਦੇ ਅੰਨ ਭੰਡਾਰ ਨੂੰ ਤਾਂ ਭਰ ਦਿੱਤਾ ਹੈ ਪਰ ਆਪਣਾ ਪੌਣ-ਪਾਣੀ ਬਹੁਤ ਪਲੀਤ ਕਰਵਾ ਲਿਆ ਹੈ। ਇਸੇ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਬਹੁਤ ਭਿਆਨਕ ਬਿਮਾਰੀਆਂ ਪੈਰ ਪਸਾਰ ਚੁੱਕੀਆਂ ਹਨ। ਖ਼ਾਸ ਤੌਰ ’ਤੇ ਮਾਲਵਾ ਖੇਤਰ ਨੂੰ ਤਾਂ ਕੈਂਸਰ ਬੈਲਟ ਆਖਿਆ ਜਾਣ ਲੱਗ ਪਿਆ ਹੈ ਕਿਉਂਕਿ ਇੱਥੋਂ ਦੇ ਬਹੁਤੇ ਲੋਕ ਕੈਂਸਰ, ਕਾਲਾ ਪੀਲੀਆ, ਗੁਰਦੇ ਅਤੇ ਸ਼ੂਗਰ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਇਸ ਸਭ ਦੀ ਮੁੱਖ ਵਜਾ ਖੇਤੀਬਾੜੀ ਵਿਚ ਕੀਤੀ ਜਾ ਰਹੀ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਅੰਨੇਵਾਹ ਵਰਤੋਂ ਹੈ। ਭਾਰਤ ਵਿਚ 1988 ਵਿਚ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਦੀ ਸਥਾਪਨਾ ਹੋਈ ਸੀ। ਉਸ ਦਾ ਮੁੱਖ ਮੰਤਵ ਪੇਂਡੂ ਖੇਤਰ ਵਿਚ ਉਦਯੋਗ ਲਗਾਉਣ ਅਤੇ ਕਿਸਾਨਾਂ ਦੀਆਂ ਉਪਜਾਂ ਦੀ ਸਾਂਭ-ਸੰਭਾਲ ਕਰ ਕੇ ਉਨਾਂ ਦੀ ਬਰਾਮਦ ਦਾ ਇੰਤਜ਼ਾਮ ਕਰਨਾ, ਖੇਤੀ ਰਹਿੰਦ-ਖੂੰਹਦ ਦੀ ਸਹੀ ਵਰਤੋਂ, ਫ਼ਸਲਾਂ ਦਾ ਵੱਧ ਤੋਂ ਵੱਧ ਮੁੱਲ ਦਿਵਾਉਣ ਲਈ ਯੋਗ ਕਦਮ ਪੁੱਟਣਾ ਸੀ ਪਰ ਪੰਜਾਬ ਲਈ ਉਹ ਕਾਰਗਰ ਸਿੱਧ ਨਹੀਂ ਹੋ ਰਿਹਾ। ਇਸੇ ਕਾਰਨ ਖੇਤੀ ਵੰਨ-ਸੁਵੰਨਤਾ ਨੂੰ ਹੁਲਾਰਾ ਨਹੀਂ ਮਿਲ ਰਿਹਾ। ਨੈਸ਼ਲਨ ਸੈਂਪਲ ਸਰਵੇ ਆਰਗੇਨਾਈਜੇਸ਼ਨ ਦੇ ਅੰਕੜਿਆਂ ਅਨੁਸਾਰ ਦੇਸ਼ ਦੇ 52 ਫ਼ੀਸਦੀ ਕਿਸਾਨ ਪਰਿਵਾਰਾਂ ’ਤੇ ਕਰਜ਼ਾ ਹੈ। ਅਜਿਹੇ ਵਿਚ ਜੇਕਰ ਕਿਸਾਨਾਂ ਦੀ ਆਮਦਨ ਨਹੀਂ ਵੱਧਦੀ ਤਾਂ ਭਵਿੱਖ ਵਿਚ ਉਨਾਂ ਲਈ ਹੋਰ ਪਰੇਸ਼ਾਨੀਆਂ ਖੜੀਆਂ ਹੋ ਸਕਦੀਆਂ ਹਨ। ਕਰਜ਼ਾ ਮੁਕਤੀ ਵੀ ਕਿਸਾਨੀ ਸੰਕਟ ਦਾ ਸਥਾਈ ਹੱਲ ਨਹੀਂ ਹੈ। ਜ਼ਮੀਨ, ਪਾਣੀ ਦੇ ਸਰੋਤ ਸੰਭਾਲ ਖੋਜ ਸੰਸਥਾ ਤੇ ਟਰੇਨਿੰਗ ਕੇਂਦਰ ਦੇਹਰਾਦੂਨ ਅਨੁਸਾਰ ਭਾਰਤ ਵਿਚ ਪਿਛਲੇ ਕੁਝ ਸਾਲਾਂ ਵਿਚ ਰਸਾਇਣਕਾਂ ਖਾਦਾਂ, ਕੀਟਨਾਸ਼ਕਾਂ ਦੇ ਅਥਾਹ ਮਾਤਰਾ ਵਿਚ ਵਰਤੋਂ ਕਾਰਨ ਹਰ ਸਾਲ 53.40 ਕਰੋੜ ਟਨ ਮਿੱਟੀ ਜ਼ਹਿਰੀਲੀ ਬਣ ਰਹੀ ਹੈ। ਇਸ ਸਭ ਦੇ ਬਾਵਜੂਦ ਖੇਤੀ ਵਿਚ ਰਸਾਇਣਾਂ ਦੀ ਵਰਤੋਂ ਦਿਨੋ-ਦਿਨ ਵੱਧ ਰਹੀ ਹੈ।

ਪੜੀ-ਲਿਖੀ ਨੌਜਵਾਨ ਪੀੜੀ ਦੇ ਮਨੋਬਲ ਨੂੰ ਤੇਜ਼ੀ ਨਾਲ ਢਾਹ ਲੱਗ ਰਹੀ ਹੈ। ਰੁਜ਼ਗਾਰ ਦੀ ਪ੍ਰਾਪਤੀ ਲਈ ਉਹ ਸੂਬੇ ਨੂੰ ਛੱਡ ਰਹੇ ਹਨ ਜਾਂ ਦਸਵੀਂ-ਬਾਰਵੀਂ ਤੋਂ ਬਾਅਦ ਆਈਲੈਟਸ ਕਰ ਕੇ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ ਕਿਉਂਕਿ ਪੰਜਾਬ ਵਿਚ ਉਨਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਪੰਜਾਬ ਦੀ ਜਵਾਨੀ ਲਈ ਨਸ਼ੇ ਵੀ ਵੱਡਾ ਖ਼ਤਰਾ ਬਣ ਚੁੱਕੇ ਹਨ। ਉਪਰੋਕਤ ਮਾੜੀ ਸਥਿਤੀ ਦਾ ਅਸਰ ਪੰਜਾਬ ਦੇ ਅਰਥਚਾਰੇ ’ਤੇ ਪੈਣਾ ਸ਼ੁਰੂ ਹੋ ਚੁੱਕਾ ਹੈ। ਖੇਤੀ ਅੱਜ ਮਹਿੰਗਾ ਧੰਦਾ ਬਣ ਚੁੱਕੀ ਹੈ। ਖੇਤੀਬਾੜੀ ਤੋਂ ਇਲਾਵਾ ਪੰਜਾਬ ਦਾ ਵਿੱਦਿਅਕ ਢਾਂਚਾ ਨੂੰ ਵੀ ਦਰੁਸਤ ਨਹੀਂ ਹੈ। ਰੁਜ਼ਗਾਰਮੁਖੀ ਵਿੱਦਿਆ ਦੀ ਘਾਟ ਹੈ। ਸਿੱਖਿਆ ਨੀਤੀ ਦਾ ਸਹੀ ਤਰੀਕੇ ਨਾਲ ਲਾਗੂ ਨਾ ਹੋਣਾ ਪੰਜਾਬ ਦੇ ਨੌਜਵਾਨ ਵਰਗ ਨੂੰ ਵਿਦੇਸ਼ਾਂ ਵਿਚ ਆਪਣਾ ਭਵਿੱਖ ਤਲਾਸ਼ਣ ਲਈ ਮਜਬੂਰ ਕਰ ਰਿਹਾ ਹੈ। ਫਲਸਰੂਪ ਪੰਜਾਬ ਦੀ ਮੋਟੀ ਆਮਦਨ ਫੀਸਾਂ ਦੇ ਰੂਪ ਵਿਚ ਵਿਦੇਸ਼ ਜਾ ਰਹੀ ਹੈ। ਵਿਦਿਆਰਥੀਆਂ ਦੇ ਵਿਦੇਸ਼ ਪ੍ਰਤੀ ਮੋਹ ਦਾ ਅਸਰ ਹੁਣ ਪੰਜਾਬ ਵਿਚਲੀਆਂ ਵਿੱਦਿਅਕ ਸੰਸਥਾਵਾਂ ’ਤੇ ਵੀ ਦਿਖਾਈ ਦੇਣ ਲੱਗਾ ਹੈ। ਸੂਬੇ ਦੇ ਸਿਰਕੱਢਵੇਂ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਚੁੱਕੀ ਹੈ। ਸੂਿਬੇ ਵਿਚ ਆਮਦਨ ਦੇ ਸੋਮਿਆਂ ਦਾ ਘਟਣਾ-ਖ਼ਰਚਾ ਵਧਣੇ, ਭ੍ਰਿਸ਼ਟਾਚਾਰ, ਸਿਹਤ ਤੇ ਸਿੱਖਿਆ ਸਹੂਲਤਾਂ ਦੀ ਕਮੀ ਤੇ ਸਮਾਜਿਕ ਸੁਰੱਖਿਆ ਨਾਂ ਦੀ ਕੋਈ ਸ਼ੈਅ ਨਾ ਹੋਣਾ ਵੀ ਨੌਜਵਾਨ ਵਰਗ ਨੂੰ ਰੰਗਲੇ ਪੰਜਾਬ ਤੋਂ ਦੂਰ ਜਾਣ ਲਈ ਮਜਬੂਰ ਕਰ ਰਿਹਾ ਹੈ। ਜੇਕਰ ਅਸੀਂ ਸੱਚਮੁੱਚ ਪੰਜਾਬ ਨੂੰ ਮੁੜ ਲਹਿਰਾਂ-ਬਹਿਰਾਂ ਵਾਲੀ ਹਾਲਤ ਵਿਚ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਸ਼ੁਰੂਆਤ ਆਪਣੇ-ਆਪ ਤੋਂ ਹੀ ਕਰਨੀ ਹੋਵੇਗੀ।

**ਪ੍ਰੋ. ਗੁਰਵੀਰ ਸਿੰਘ ਸਰੌਂਦ**

## ਆਸਟ੍ਰੇਲੀਆ ਵਿਚ ਭਿਆਨਕ ਅੱਗਾਂ ਦਾ ਦ੍ਰਿਸ਼ ਤੇ ਸਿੱਖਾਂ ਦੀ ਸੇਵਾ

ਲਗਪਗ ਡੇਢ ਮਹੀਨੇ ਤੋਂ ਆਸਟ੍ਰੇਲੀਆ ਵਿਚ ਲੱਗੀਆਂ ਹੋਈਆਂ ਭਿਆਨਕ ਅੱਗਾਂ ਨੇ ਦੇਸ਼ ਦੇ ਕਈ ਸੂਬਿਆਂ ਨੂੰ ਲਗਪਗ ਤਬਾਹ ਕਰ ਕੇ ਰੱਖ ਦਿੱਤਾ ਹੈ। ਹੁਣ ਤਕ ਇਕ ਫਾਇਰ ਫਾਈਟਰ ਸਮੇਤ 30 ਵਿਅਕਤੀਆਂ ਦੀ ਸੜਨ ਕਾਰਨ ਮੌਤ ਹੋ ਚੁੱਕੀ ਹੈ ਅਤੇ 30000 ਤੋਂ ਵਧੇਰੇ ਘਰ ਇਸ ਦੀ ਭੇਟ ਚੜ ਚੁੱਕੇ ਹਨ। ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਇਸ ਅੱਗ ’ਤੇ ਕਾਬੂ ਪਾਉਣ ਲਈ ਦਿਨ-ਰਾਤ ਜੂਝ ਰਹੀਆਂ ਹਨ। ਯੂਰਪੀ ਯੂਨੀਅਨ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਨੇ ਆਪਣੇ ਹਜ਼ਾਰਾਂ ਫਾਇਰ ਫਾਈਟਰ ਇਸ ਅੱਗ ’ਤੇ ਕਾਬੂ ਪਾਉਣ ਲਈ ਭੇਜੇ ਹੋਏ ਹਨ ਪਰ ਕਹਿਰ ਦੀ ਗਰਮੀ, ਤੇਜ਼-ਹਵਾਵਾਂ, ਸੋਕੇ ਅਤੇ ਆਲਮੀ ਤਪਸ਼ ਕਾਰਨ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਯਾਦ ਰਹੇ ਕਿ ਆਸਟ੍ਰੇਲੀਆ ਦਾ ਮੌਸਮ ਸਾਰੀ ਦੁਨੀਆ ਤੋਂ ਉਲਟਾ ਅਤੇ ਬੇਹੱਦ ਖ਼ੁਸ਼ਕ ਹੈ। ਉੱਥੇ ਸਾਡੀਆਂ ਗਰਮੀਆਂ ਸਮੇਂ ਸਰਦੀ ਅਤੇ ਸਰਦੀਆਂ ਸਮੇਂ ਕਹਿਰ ਦੀ ਗਰਮੀ ਪੈਂਦੀ ਹੈ। ਇਸ ਸਮੇਂ ਲਗਪਗ ਅੱਧੇ ਆਸਟ੍ਰੇਲੀਆ ਵਿਚ ਭਾਂਬੜ ਮਚ ਰਹੇ ਹਨ ਪਰ ਨਿਊ ਸਾਊਥ ਵੇਲਜ਼ ਸੂਬੇ ਦੇ ਹਾਲਾਤ ਸਭ ਤੋਂ ਬੁਰੇ ਹਨ। ਅੱਗ ਨੇ ਫਾਰਮਾਂ, ਜੰਗਲਾਂ ਅਤੇ ਪਿੰਡਾਂ ਦੇ ਪਿੰਡਾਂ ਨੂੰ ਫੂਕ ਦਿੱਤਾ ਹੈ। ਆਸਟ੍ਰੇਲੀਆ ਦਾ ਸਭ ਤੋਂ ਵੱਡਾ ਜੰਗਲ, ਬਲਿਊ ਮਾਊਨਟੇਨ ਨੈਸ਼ਨਲ ਪਾਰਕ ਅੱਗ ਨੇ ਸਵਾਹ ਦਾ ਢੇਰ ਬਣਾ ਕੇ ਰੱਖ ਦਿੱਤਾ ਹੈ। ਇੱਥੋਂ ਤਕ ਕਿ ਮੈਲਬੋਰਨ ਅਤੇ ਸਿਡਨੀ ਵਰਗੇ ਸ਼ਹਿਰਾਂ ਦੇ ਕਈ ਹਿੱਸੇ ਲੋਕਾਂ ਤੋਂ ਖ਼ਾਲੀ ਕਰਾਉਣੇ ਪਏ ਹਨ। ਇਸ ਦੇ ਬਾਹਰੀ ਇਲਾਕਿਆਂ ਤਕ ਪਹੁੰਚ ਚੁੱਕੀ ਅੱਗ ਦੀਆਂ ਲਾਟਾਂ ਕਾਰਨ ਇਹ ਸ਼ਹਿਰ ਧੂੰਏਂ ਦੀ ਮੋਟੀ ਚਾਦਰ ਨਾਲ ਢਕੇ ਪਏ ਹਨ। ਦਸੰਬਰ ਦੌਰਾਨ ਸਿਡਨੀ ਵਿਚ ਵਾਤਾਵਰਨ ਗੁਣਵੱਤਾ ਸਭ ਤੋਂ ਖ਼ਤਰਨਾਕ ਹੱਦ ਨਾਲੋਂ ਵੀ 11 ਗੁਣਾ ਵੱਧ ਜ਼ਹਿਰੀਲੀ ਪਾਈ ਗਈ ਅਤੇ ਸਿਡਨੀ ਅੰਤਰਰਾਸ਼ਟਰੀ ਹਵਾਈ ਅੱਡੇ ਦੀਆਂ ਸਾਰੀਆਂ ਉਡਾਨਾਂ ਰੱਦ ਕਰਨੀਆਂ ਪਈਆਂ ਸਨ। ਮਹੀਨਿਆਂ ਤੋਂ ਬਲ ਰਹੀਆਂ ਇਹ ਅੱਗਾਂ ਸੈਂਕੜੇ ਮੀਲਾਂ ਤਕ ਫੈਲ ਗਈਆਂ ਹਨ। ਨਿਊ ਸਾਊਥ ਵੇਲਜ਼ ਵਿਚ ਤਾਂ ਅਜੇ ਵੀ 250 ਸਥਾਨਾਂ ’ਤੇ ਅੱਗਾਂ ਲਟ-ਲਟ ਬਲ ਰਹੀਆਂ ਹਨ। ਪਿਛਲੇ 30-40 ਸਾਲਾਂ ਤੋ ਹਰ ਸਾਲ ਗਰਮੀਆਂ ਦਾ ਆਗਮਨ ਹੁੰਦੇ ਸਾਰ ਆਸਟ੍ਰੇਲੀਆ ਵਿਚ ਅੱਗਾਂ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ। ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਆਸਟ੍ਰੇਲੀਆ ਵਰਗਾ ਵਿਕਸਤ ਦੇਸ਼ ਵੀ ਇਨਾਂ ਦਾ ਕੋਈ ਹੱਲ ਨਹੀਂ ਲੱਭ ਸਕਿਆ। ਹਰੇਕ ਸਾਲ ਅਰਬਾਂ ਡਾਲਰ ਦੀ ਸੰਪਤੀ ਤੇ ਅਨਮੋਲ ਜਾਨਾਂ ਅੱਗ ਦੀ ਭੇਟ ਚੜ ਜਾਂਦੀਆਂ ਹਨ। ਭਾਰਤ ਵਾਂਗ ਇੱਟਾਂ ਦੇ ਘਰ ਹੋਣ ਤਾਂ ਸ਼ਾਇਦ ਕੁਝ ਬਚਾਅ ਹੋ ਜਾਵੇ। ਸਭ ਤੋਂ ਵੱਧ ਅੱਗਾਂ ਅਸਮਾਨੀ ਬਿਜਲੀ ਕਾਰਨ ਲੱਗਦੀਆਂ ਹਨ। ਜਨਵਰੀ ਦੇ ਸ਼ੁਰੂ ਵਿਚ ਵਿਕਟੋਰੀਆ ਸੂਬੇ ਦੇ ਈਸਟ ਗਿਪਸਲੈਂਡ ਸ਼ਹਿਰ ਨਜ਼ਦੀਕ ਅਸਮਾਨੀ ਬਿਜਲੀ ਕਾਰਨ ਲੱਗੀ ਅੱਗ ਸਿਰਫ਼ ਤਿੰਨ ਘੰਟਿਆਂ ਵਿਚ ਹੀ 35 ਕਿਲੋਮੀਟਰ ਇਲਾਕੇ ਵਿਚ ਫੈਲ ਗਈ ਸੀ। ਆਸਟ੍ਰੇਲੀਆ ਦੇ ਬਹੁਤ ਸਾਰੇ ਮਾਨਸਿਕ ਵਿਕਾਰਾਂ ਵਾਲੇ ਲੋਕ ਵੀ ਅੱਗਾਂ ਲਈ ਜ਼ਿੰਮੇਵਾਰ ਹਨ। ਪਿਛਲੇ ਸਾਲ ਅਜਿਹੇ 3 ਨੌਜਵਾਨ ਅੱਗ ਲਾਉਣ ਵੇਲੇ ਚੱਲ ਰਹੀ ਹਨੇਰੀ ਕਾਰਨ ਖ਼ੁਦ ਹੀ ਸੜ ਕੇ ਮਰ ਗਏ ਸਨ। ਸੰਨ 2019 ਅਤੇ 2020 ਦੌਰਾਨ ਪੁਲਿਸ ਨੇ 2150 ਅਜਿਹੇ ਵਿਅਕਤੀ ਗ੍ਰਿਫ਼ਤਾਰ ਕੀਤੇ ਹਨ ਜਿਨਾਂ ਦੁਆਰਾ ਜਾਣਬੁੱਝ ਕੇ ਲਗਾਈਆਂ ਗਈਆਂ ਅੱਗਾਂ ਨੇ ਕਰੋੜਾਂ ਦੀ ਸੰਪਤੀ ਨਸ਼ਟ ਕੀਤੀ ਅਤੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਖ਼ਤਰੇ ਵਿਚ ਪਾਈਆਂ। ਅੱਗ ਦਾ ਸੀਜ਼ਨ ਆਸਟ੍ਰੇਲੀਆ ਲਈ ਹਮੇਸ਼ਾ ਘੋਰ ਮੁਸੀਬਤਾਂ ਲੈ ਕੇ ਆਉਂਦਾ ਹੈ। ਗਿਆਰਾਂ ਜਨਵਰੀ 2009 ਨੂੰ ਵਿਕਟੋਰੀਆ ਸੂਬੇ ਵਿਚ ਵਾਪਰਿਆ ਬਲੈਕ ਸ਼ਨਿਚਰਵਾਰ ਅਜੇ ਵੀ ਲੋਕਾਂ ਦੀ ਯਾਦ ਵਿਚ ਤਾਜ਼ਾ ਹੈ। ਉਸ ਦਿਨ ਜੰਗਲ ਦੀ ਅੱਗ ਨੇ ਪਲਾਂ ਵਿਚ ਹੀ ਇਕ ਪੂਰਾ ਪਿੰਡ ਤਬਾਹ ਕਰ ਦਿੱਤਾ ਸੀ ਅਤੇ 175 ਇਨਸਾਨਾਂ ਦੀ ਜਾਨ ਲੈ ਲਈ ਸੀ। ਭਾਵੇਂ ਇਸ ਸਾਲ ਅਜੇ ਤਕ ਇੰਨਾ ਨੁਕਸਾਨ ਤਾਂ ਨਹੀਂ ਹੋਇਆ ਪਰ ਹਾਲਾਤ ਉਦੋਂ ਨਾਲੋਂ ਵੀ ਜ਼ਿਆਦਾ ਬੁਰੇ ਹਨ। ਇਸ ਸਾਲ ਆਸਟ੍ਰੇਲੀਆ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਸੋਕਾ ਚੱਲ ਰਿਹਾ ਹੈ। ਅੱਗ ਸਾਰੇ ਪਾਸੇ ਦਾਵਾਨਲ ਵਾਂਗ ਵੱਧਦੀ ਹੀ ਜਾ ਰਹੀ ਹੈ। ਤਾਪਮਾਨ ਭਾਰਤ ਨਾਲੋਂ ਵੀ ਵੱਧ 47 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ ਹੈ। ਅੱਗਾਂ ਸ਼ੁਰੂ ਹੋਣ ਵੇਲੇ ਆਸਟ੍ਰੇਲੀਆ ਦਾ ਪ੍ਰਧਾਨ ਮੰਤਰੀ ਸਕਾਟ ਮਾਰੀਸਨ ਹਵਾਈ ਟਾਪੂਆਂ ਵਿਚ ਛੁੱਟੀਆਂ ਮਨਾ ਰਿਹਾ ਸੀ। ਉਸ ਦੀ ਮੀਡੀਆ ਵਿਚ ਇੰਨੀ ਨੁਕਤਾਚੀਨੀ ਹੋਈ ਕਿ ਉਸ ਨੂੰ ਛੁੱਟੀਆਂ ਰੱਦ ਕਰ ਕੇ ਵਾਪਸ ਆਉਣਾ ਪਿਆ ਤੇ ਦੇਸ਼ ਤੋਂ ਮਾਫ਼ੀ ਮੰਗਣੀ ਪਈ।

ਆਸਟ੍ਰੇਲੀਆ ਵਿਚ ਹੋ ਰਿਹਾ ਨੁਕਸਾਨ ਦਿਲ ਕੰਬਾਊ ਹੈ। ਪਿੰਡਾਂ ਦੇ ਪਿੰਡ ਤੇ ਸ਼ਹਿਰਾਂ ਦੇ ਸ਼ਹਿਰ ਇਸ ਅੱਗ ਨੇ ਭਸਮ ਕਰ ਦਿੱਤੇ ਹਨ। ਜ਼ਿਆਦਾ ਅੱਗ ਵਾਲੇ ਸੂਬਿਆਂ ਨਿਊ ਸਾਊਥ ਵੇਲਜ਼, ਵਿਕੋਟਰੀਆ, ਸਾਊਥ ਆਸਟ੍ਰੇਲੀਆ, ਵੈਸਟ ਆਸਟ੍ਰੇਲੀਆ, ਤਸਮਾਨੀਆ ਅਤੇ ਕੁਈਨਜ਼ਲੈਂਡ ਦਾ 18 ਕਰੋੜ ਏਕੜ ਖੇਤਰਫਲ ਭਸਮ ਹੋ ਗਿਆ ਹੈ। ਇਹ ਇਲਾਕਾ ਬੈਲਜੀਅਮ ਅਤੇ ਡੈਨਮਾਰਕ ਦੇ ਕੁੱਲ ਖੇਤਰਫਲ ਤੋਂ ਵੀ ਵੱਧ ਹੈ। ਸਭ ਤੋਂ ਵੱਧ ਤਬਾਹੀ ਝੱਲ ਰਹੇ ਨਿਊ ਸਾਊਥ ਵੇਲਜ਼ ਸੂਬੇ ਦਾ 7 ਕਰੋੜ 21 ਲੱਖ ਏਕੜ ਤੋਂ ਵੱਧ ਇਲਾਕਾ ਸੜ ਜਾਣ ਕਾਰਨ ਉਸ ਦੀ ਆਰਥਿਕਤਾ ਦਾ ਲੱਕ ਟੁੱਟ ਚੁੱਕਾ ਹੈ। ਸਭ ਤੋਂ ਭਿਆਨਕ ਵਿਨਾਸ਼ ਅਣਭੋਲ ਪਸ਼ੂ-ਪੰਛੀਆਂ ਨੂੰ ਸਹਿਣਾ ਪੈ ਰਿਹਾ ਹੈ। ਕੋਆਲਾ, ਕੰਗਾਰੂ, ਊਠ, ਸੱਪ, ਜੰਗਲੀ ਕੁੱਤੇ, ਪਾਲਤੂ ਜਾਨਵਰ ਅਤੇ ਪੰਛੀ, ਲੱਖਾਂ ਦੀ ਗਿਣਤੀ ਵਿਚ ਖ਼ਤਮ ਹੋ ਗਏ ਹਨ ਅਤੇ ਉਨਾਂ ਦੇ ਕੁਦਰਤੀ ਆਵਾਸ ਤਬਾਹ ਹੋ ਗਏ ਹਨ। ਸਭ ਤੋਂ ਵੱਧ ਨੁਕਸਾਨ ਭੋਲੇ-ਭਾਲੇ ਕੋਆਲਾ ਨੂੰ ਝੱਲਣਾ ਪਿਆ ਹੈ। ਉਨਾਂ ਦੀ 35% ਤੋਂ ਵੱਧ ਨਸਲ ਖ਼ਤਮ ਹੋ ਗਈ ਹੈ। ਅਨੇਕਾਂ ਜਾਨਵਰਾਂ ਦੀਆਂ ਪ੍ਰਜਾਤੀਆਂ ਖ਼ਤਰੇ ਵਾਲੀ ਸ਼੍ਰੇਣੀ ਵਿਚ ਪਹੁੰਚ ਗਈਆਂ ਹਨ। ਹੁਣ ਤਕ ਕੁੱਲ ਮਿਲਾ ਕੇ ਪੰਜ ਕਰੋੜ ਤੋਂ ਵੱਧ ਜਾਨਵਰ ਇਸ ਅੱਗ ਤੋਂ ਪ੍ਰਭਾਵਿਤ ਹੋਏ ਹਨ ਅਤੇ 50 ਲੱਖ ਤੋਂ ਵੱਧ ਮਾਰੇ ਜਾ ਚੁੱਕੇ ਹਨ। ਪਰ ਕਈ ਜਾਨਵਰ ਇੰਨੇ ਜ਼ਿਆਦਾ ਜ਼ਖ਼ਮੀ ਹੋ ਚੁੱਕੇ ਹਨ ਕਿ ਉਨਾਂ ਨੂੰ ਰਹਿਮ ਦੇ ਆਧਾਰ ’ਤੇ ਖ਼ਤਮ ਕੀਤਾ ਜਾ ਰਿਹਾ ਹੈ।

ਪੰਜਾਬੀਆਂ, ਖ਼ਾਸ ਤੌਰ ’ਤੇ ਸਿੱਖਾਂ ਨੇ ਅਜਿਹੇ ਬਿਖੜੇ ਸਮੇਂ ਮਦਦ ਲਈ ਅੱਗੇ ਆ ਕੇ ਆਸਟ੍ਰੇਲੀਅਨ ਜਨਤਾ ਦਾ ਦਿਲ ਜਿੱਤ ਲਿਆ ਹੈ। ਗੁਰੂਘਰਾਂ ਅਤੇ ਸਵੈ-ਸੇਵੀ ਸੰਸਥਾਵਾਂ ਨੇ ਲੱਖਾਂ ਡਾਲਰ ਇਕੱਠੇ ਕਰ ਕੇ ਸਰਕਾਰ ਨੂੰ ਮਦਦ ਦੇ ਤੌਰ ’ਤੇ ਭੇਜੇ ਹਨ। ਰੋਜ਼ਾਨਾ ਹਜ਼ਾਰਾਂ ਪ੍ਰਭਾਵਿਤ ਲੋਕਾਂ ਨੂੰ ਰਸਦ ਵੰਡੀ ਜਾ ਰਹੀ ਹੈ ਅਤੇ ਲੰਗਰ ਛਕਾਇਆ ਜਾ ਰਿਹਾ ਹੈ। ਇਹ ਖ਼ਬਰਾਂ ਆਸਟ੍ਰੇਲੀਅਨ ਮੀਡੀਆ ਵਿਚ ਬਹੁਤ ਪ੍ਰਮੁੱਖਤਾ ਨਾਲ ਛਪ ਰਹੀਆਂ ਹਨ। ਸਿੱਖ ਸੰਸਥਾਵਾਂ ਮਦਦ ਲੈ ਕੇ ਦੂਰ-ਦੁਰਾਡੇ ਦੇ ਇਲਾਕਿਆਂ ਤਕ ਪਹੁੰਚ ਚੁੱਕੀਆਂ ਹਨ। ਇਹ ਅੱਗ ਬੁਝਣ ਦੀ ਫ਼ਿਲਹਾਲ ਕੋਈ ਉਮੀਦ ਨਜ਼ਰ ਨਹੀਂ ਆਉਂਦੀ।

**-ਬਲਰਾਜ ਸਿੱਧੂ ਐੱਸਪੀ**

ਮੋਬਾਈਲ ਨੰ. : 95011-00062

## ਵਿਦੇਸ਼ ਵਲ ਵਹੀਰਾ ਘੱਤੀ ਜਾ ਰਹੀ ਏ ਨੌਜਵਾਨ ਪੀੜੀ

ਪੰਜਾਬ ਦੇ ਜ਼ਿਆਦਾਤਰ ਵਿਅਕਤੀਆਂ ਦੇ ਮੂੰਹੋਂ ਇਕ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਅਸੀਂ ਵਿਦੇਸ਼ ਜਾਣਾ ਹੈ। ਜਦੋਂ ਵੀ ਸਕੂਲੀ ਬੱਚਿਆਂ ਨਾਲ ਗੱਲ ਕੀਤੀ ਜਾਂਦੀ ਹੈ ਕਿ ਤੁਸੀਂ ਦਸਵੀਂ ਜਾਂ ਬਾਰਵੀਂ ਤੋਂ ਬਾਅਦ ਕੀ ਕਰਨਾ ਹੈ ਤਾਂ ਬਹੁਤੇ ਬੱਚਿਆਂ ਦਾ ਇੱਕੋ ਜਵਾਬ ਹੁੰਦਾ ਹੈ ਕਿ ਮੈਂ ਆਈਲੈਟਸ ਕਰ ਕੇ ਕੈਨੇਡਾ ਜਾਂ ਅਮਰੀਕਾ ਜਾਣਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਵਿਦੇਸ਼ ਜਾਣਾ ਕੋਈ ਲਾਲਚ ਹੈ ਜਾਂ ਮਜਬੂਰੀ ਜੋ ਲੋਕ ਆਪਣੇ ਘਰ-ਬਾਰ ਵੇਚ ਕੇ ਵਿਦੇਸ਼ ਜਾ ਰਹੇ ਹਨ। ਵਿਦੇਸ਼ਾਂ ਵਿਚ ਪਹਿਲਾਂ ਤਾਂ ਪੰਜਾਬੀ ਇਕ-ਦੂਜੇ ਦੀ ਮਦਦ ਕਰਦੇ ਸਨ ਪਰ ਹੁਣ ਇਕ-ਦੂਜੇ ਦੇ ਦੁਸ਼ਮਣ ਬਣੇ ਹੋਏ ਹਨ। ਕਈ ਨੌਜਵਾਨ ਗ਼ਲਤ ਏਜੰਟਾਂ ਦੇ ਧੱਕੇ ਚੜ ਕੇ ਆਪਣੇ ਮਾਪਿਆਂ ਦੀ ਖ਼ੂਨ-ਪਸੀਨੇ ਦੀ ਕਮਾਈ ਪਲਾਂ ਵਿਚ ਬਰਬਾਦ ਕਰ ਬੈਠਦੇ ਹਨ। ਗ਼ਲਤ ਤਰੀਕੇ ਨਾਲ ਵਿਦੇਸ਼ ਜਾਣ ਵਾਲੇ ਕਈ ਨੌਜਵਾਨ ਤਾਂ ਜੰਗਲਾਂ ਵਿਚ ਹੀ ਸਵਰਗ ਸਿਧਾਰ ਜਾਂਦੇ ਹਨ ਜਾਂ ਵਿਦੇਸ਼ ਵਿਚ ਫੜੇ ਜਾਣ ’ਤੇ ਸਜ਼ਾ ਭੁਗਤਦੇ ਹਨ। ਲੋਕਾਂ ਨੇ ਇਕ ਨਵਾਂ ਕੰਮ ਸ਼ੁਰੂ ਕੀਤਾ ਹੋਇਆ ਹੈ। ਉਹ ਇਹ ਕਿ ਕੁੜੀਆਂ ਨੂੰ ਆਈਲੈਟਸ ਕਰਵਾ ਕੇ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੰਦੇ ਹਨ ਕਿ ਕੁੜੀ ਦੇ ਤਾਂ ਆਈਲੈਟਸ ਵਿਚ 6/7 ਬੈਂਡ ਆਏ ਹੋਏ ਹਨ। ਵਿਦੇਸ਼ ਜਾਣ ਲਈ ਮੁੰਡੇ ਵਾਲੇ ਪੈਸਾ ਲਗਾ ਦੇਣ। ਪਹਿਲਾਂ ਕੁੜੀ ਬਾਹਰ ਚਲੀ ਜਾਵੇਗੀ ਅਤੇ ਫਿਰ ਮੁੰਡੇ ਨੂੰ ਵੀ ਬੁਲਾਲਵੇਗੀ। ਫਿਰ ਬੁਲਾਵੇ ਜਾਂ ਨਾ, ਕੋਈ ਗਾਰੰਟੀ ਨਹੀਂ। ਪੰਜਾਬ ਵਿਚੋਂ ਵੱਡੇ ਪੱਧਰ ’ਤੇ ਨੌਜਵਾਨ ਵਰਗ ਦੀ ਵਿਦੇਸ਼ਾਂ ਲਈ ਹੋ ਰਹੀ ਹਿਜਰਤ ਸੂਬੇ ਲਈ ਚਿੰਤਾ ਵਾਲੀ ਗੱਲ ਹੈ। ਸਰਕਾਰ ਤਾਂ ਹੱਥਾਂ ’ਤੇ ਹੱਥ ਧਰ ਕੇ ਨੌਜਵਾਨਾਂ ਨਾਲ ਹੋ ਰਹੇ ਤਮਾਸ਼ੇ ਦੇਖ ਰਹੀ ਹੈ। ਸਰਕਾਰਾਂ ਓਦਾਂ ਤਾਂ ਰੋਜ਼ ਹੀ ਸੋਸ਼ਲ ਮੀਡੀਆ ’ਤੇ ਵੱਡੇ-ਵੱਡੇ ਦਾਅਵੇ ਕਰਦੀਆਂ ਹਨ ਕਿ ਅਸੀਂ ਇਹ ਕਰ ਰਹੇ ਹਾਂ, ਪਰ ਹੁਣ ਤਕ ਧਰਾਤਲ ’ਤੇ ਕੋਈ ਬਦਲਾਅ ਨਹੀਂ ਦਿਸ ਰਿਹਾ। ਕਿੰਨੇ ਹੀ ਨੌਜਵਾਨ ਅਜਿਹੇ ਹਨ ਜੋ ਡਿਗਰੀਆਂ ਲੈਣ ਤੋਂ ਬਾਅਦ ਵੀ ਬੇਰੁਜ਼ਗਾਰ ਹਨ। ਇਸੇ ਕਾਰਨ ਉਹ ਨਿਰਾਸ਼ਾ ਦੇ ਆਲਮ ਵਿਚ ਹਨ ਤੇ ਕੁਰਾਹੇ ਪੈ ਰਹੇ ਹਨ। ਜੇ ਸਰਕਾਰਾਂ ਨੇ ਕੁਝ ਕਰਨਾ ਹੀ ਹੈ ਤਾਂ ਉਹ ਨੌਜਵਾਨਾਂ ਲਈ ਸਹੀ-ਤਰੀਕੇ ਨਾਲ ਕੰਮਕਾਜ ਦਾ ਇੰਤਜ਼ਾਮ ਕਰਨ। ਪੰਜਾਬ ਦੇ ਉਜਾੜੇ ਲਈ ਸਰਕਾਰਾਂ ਦੀਆਂ ਸ਼ੋਸ਼ੇਬਾਜ਼ੀਆਂ ਜ਼ਿੰਮੇਵਾਰ ਹਨ। ਸਰਕਾਰਾਂ ਤਾਂ ਆਪ ਇਕ ਤਰੀਕੇ ਨਾਲ ਪੈਸੇ ਕਮਾ ਰਹੀਆਂ ਹਨ। ਅਕਸਰ ਨੌਕਰੀਆਂ ਲਈ ਫਾਰਮ ਆਨਲਾਈਨ ਭਰਵਾਏ ਜਾਂਦੇ ਹਨ। ਕਿੰਨੇ ਹੀ ਲੋਕ ਫੀਸਾਂ ਜਮਾ ਕਰਵਾ ਕੇ ਉਹ ਫਾਰਮ ਭਰਦੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚੋਂ ਥੋੜੇ ਜਿਹੇ ਅਜਿਹੇ ਹੁੰਦੇ ਹੋਣਗੇ ਜਿਨਾਂ ਨੂੰ ਉਹ ਨੌਕਰੀਆਂ ਮਿਲਦੀਆਂ ਹਨ। ਨੌਕਰੀਆਂ ਨਹੀਂ ਮਿਲਣਗੀਆਂ ਤਾਂ ਨੌਜਵਾਨ ਵਰਗ ਵਿਦੇਸ਼ਾਂ ਵਿਚ ਜਾਣ ਦੇ ਯਤਨ ਕਰਦਾ ਰਹੇਗਾ ਅਤੇ ਗ਼ਲਤ ਏਜੰਟਾਂ ਦੇ ਢਹੇ ਚੜ ਕੇ ਮਾਪਿਆਂ ਦੀ ਮਿਹਨਤ ਦੀ ਕਮਾਈ ਬਰਬਾਦ ਕਰਦੇ ਰਹਿਣਗੇ ਅਤੇ ਗ਼ਲਤ ਤਰੀਕੇ ਨਾਲ ਵਿਦੇਸ਼ ਜਾ ਕੇ ਮੁਸੀਬਤਾਂ ਦੇ ਮੂੰਹ ਵਿਚ ਪੈਂਦੇ ਰਹਿਣਗੇ।

**-ਮਨਪ੍ਰੀਤ ਕੌਰ, ਸਰਹਿੰਦ**

## ਉੱਤਰੀ ਅਮਰੀਕਾ ਵੱਲ ਵੱਧ ਧਿਆਨ ਦੇਣ ਦੀ ਲੋੜ

ਭਾਵੇਂ ਅੰਮ੍ਰਿਤਸਰ ਟਾਈਮਜ਼ ਅਖਬਾਰ ਲੰਬੇ ਅਰਸੇ ਤੋਂ ਸਿੱਖਾਂ ਦੇ ਮਸਲਿਆਂ ਪ੍ਰਤੀ ਬੜੀ ਗੰਭੀਰਤਾ ਨਾਲ ਨਿਰਪੱਖ ਸਮੱਗਰੀ ਪ੍ਰਕਾਸ਼ਿਤ ਕਰ ਰਿਹਾ ਹੈ . ਇਸ ਨੂੰ ਉੱਤਰੀ ਅਮਰੀਕੀ ਦੇਸ਼ਾਂ ਯੂ. ਐਸ. ਅਤੇ ਕੈਨੇਡਾ ਦੀ ਰਾਜਨੀਤੀ, ਸਮਾਜਿਕ ਅਤੇ ਪ੍ਰਬੰਧਕੀ ਗਤੀਵਿਧੀਆਂ ਬਾਰੇ ਵੀ ਖ਼ਬਰਾਂ ਤੇ ਲੇਖ ਛਾਪਣੇ ਚਾਹੀਦੇ ਹਨ ਤਾਂ ਜੋ ਇਹਨਾਂ ਮੁਲਕਾਂ ਵਿਚ ਬੈਠੇ ਪੰਜਾਬੀ ਪਾਠਕ ਜੋ ਅੰਗਰੇਜ਼ੀ ਜਾਂ ਹੋਰ ਜ਼ੁਬਾਨਾਂ ਨੂੰ ਨਹੀਂ ਸਮਝ ਸਕਦੇ ਓਹਨਾ ਨੂੰ ਵੀ ਲੋਕਲ ਮਸਲਿਆਂ ਬਾਰੇ ਜਾਣਕਾਰੀ ਹਾਸਲ ਹੋ ਸਕੇ. ਕੈਨੇਡਾ ਅਤੇ ਅਮਰੀਕਾ ਦੇ ਸਮੁਚੇ ਵਿਕਾਸ ਵਿੱਚ ਸਿੱਖ ਭਾਈਚਾਰਿਆਂ ਦੇ ਯੋਗਦਾਨ ਬਾਰੇ ਵੀ ਲੇਖ ਆਦਿ ਛਾਪਣੇ ਚਾਹੀਦੇ ਹਨ ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਜਾਣਕਾਰੀ ਦੇਣ ਲਈ ਸਿੱਖ ਜਰਨੈਲਾਂ ਜਿਵੇਂ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਰਾਮਗੜੀਆ ਤੇ ਹੋਰ ਸ਼ਖਸੀਅਤਾਂ ਬਾਰੇ ਵਿਸ਼ੇਸ਼ ਪੰਨੇ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ. ਅਤੇ ਓਹਨਾ ਦੇ ਦਿਹਾੜਿਆਂ ਉੱਪਰ ਸਪਲੀਮੈਂਟ ਵਗੈਰਾ ਕੱਢਣੇ ਚਾਹੀਦੇ ਹਨ.

**ਜਗਜੀਤ ਸਿੰਘ ਸਿੱਧੂ**

ਸਰੀ (ਕੈਨੇਡਾ)

# ਅਣਸੁਲਝੀ 13 ਦਸੰਬਰ ਦੇ 13 ਸਵਾਲ

## ਜਦੋਂ ਭਾਰਤ ਦੀ ਪਾਰਲੀਮੈਂਟ ਹਮਲੇ ਨਾਲ ਹਿੱਲੀ ਸੀ

**- ਅਰੁੰਧਤੀ ਰਾਏ**

ਭਾਰਤ ਦੀ ਪਾਰਲੀਮੈਂਟ ’ਤੇ ਸਾਲ 2001 ਵਿਚ ਹੋਇਆ ਹਮਲਾ ਹਮੇਸ਼ਾ ਹੀ ਸਵਾਲਾਂ ਦੇ ਘੇਰੇ ’ਚ ਰਿਹਾ ਹੈ। ਹਮਲਾ, ਹਮਲੇ ਦੀ ਜਾਂਚ, ਹਮਲੇ ਦੇ ਦੋਸ਼ ‘ਚ ਅਫਜ਼ਲ ਗੁਰੂ ਦੀ ਫਾਂਸੀ ਦੇ ਸਵਾਲ ਅੱਜ ਤੱਕ ਅਣਸੁਲਝੇ ਹੀ ਹਨ। ਅਜਿਹੇ ਵਿਚ ਹੁਣ ਪਿਛਲੇ ਹਫਤੇ ਜੰਮੂ ਕਸ਼ਮੀਰ ਪੁਲਿਸ ਦੇ ਡੀਐਸਪੀ ਦਵਿੰਦਰ ਸਿੰਘ ਦੀ ਕਸ਼ਮੀਰੀ ਖਾੜਕੂਆਂ ਨਾਲ ਗ੍ਰਿਫਤਾਰੀ ਨੇ ਇਹ ਸਵਾਲ ਮੁੜ ਚਰਚਾ ’ਚ ਲੈਆਂਦੇ ਹਨ। ਦਰਅਸਲ ਡੀਐਸਪੀ ਦਵਿੰਦਰ ਸਿੰਘ ਬਾਰੇ ਪਾਰਲੀਮੈਂਟ ਹਮਲੇ ਦੇ ਦੋਸ਼ ’ਚ ਫਾਂਸੀ ਚੜ੍ਹਾਏ ਗਏ ਕਸ਼ਮੀਰੀ ਅਫਜ਼ਲ ਗੁਰੂ ਨੇ ਆਪਣੇ ਵਕੀਲ ਨੂੰ ਲਿਖੀ ਚਿੱਠੀ ’ਚ ਕਿਹਾ ਸੀ ਕਿ ਦਵਿੰਦਰ ਸਿੰਘ ਨੇ ਹੀ ਹਮਲੇ ’ਚ ਸ਼ਾਮਲ ਇਕ ਸਖਸ਼ ਨੂੰ ਦਿੱਲੀ ਪਹੁੰਚਾਉਣ ਦੀ ਉਸ ਨੂੰ ਜ਼ਿੰਮੇਵਾਰੀ ਦਿੱਤੀ ਸੀ। ਪਰ ਉਸ ਸਮੇਂ ਦਵਿੰਦਰ ਸਿੰਘ ਬਾਰੇ ਕੋਈ ਜਾਂਚ ਨਹੀਂ ਕੀਤੀ ਗਈ ਤੇ ਮਹਿਜ਼ ਭਾਰਤ ਦੇ ਲੋਕਾਂ ਦੀ ਭਾਵਨਾਵਾਂ ਨੂੰ ਖੁਸ਼ ਕਰਨ ਲਈ ਸਬੂਤਾਂ ਦੀ ਅਣਹੋਂਦ ਦੇ ਬਾਵਜੂਦ ਅਫਜ਼ਲ ਗੁਰੂ ਨੂੰ ਚੁੱਪ ਚਪੀਤੇ ਦਿੱਲੀ ਦੀ ਤਿਹਾੜ ਜੇਲ ਅੰਦਰ ਫਾਂਸੀ ਦੇ ਕੇ ਮਾਰ ਦਿੱਤਾ ਗਿਆ ਸੀ।

ਪਾਰਲੀਮੈਂਟ ਹਮਲੇ ਬਾਰੇ ਸਾਲ 2006 ’ਚ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਕੁੱਝ ਸਵਾਲ ਖੜੇ ਕੀਤੇ ਸਨ, ਅਸੀਂ ਉਨਾਂ ਸਵਾਲਾਂ ਦਾ ਪੰਜਾਬੀ ਤਰਜ਼ਮਾ ਆਪਣੇ ਪਾਠਕਾਂ ਲਈ ਹੇਠ ਛਾਪ ਰਹੇ ਹਾਂ )

ਸਵਾਲ 1. ਪਾਰਲੀਮੈਂਟ ’ਤੇ ਹਮਲਾ ਹੋਣ ਤੋਂ ਕਈ ਮਹੀਨੇ ਪਹਿਲਾਂ ਹੀ ਸਰਕਾਰ ਅਤੇ ਪੁਲਿਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਪਾਰਲੀਮੈਂਟ ’ਤੇ ਹਮਲਾ ਹੋ ਸਕਦਾ ਹੈ। 12 ਦਸੰਬਰ, 2001 ਨੂੰ ਇੱਕ ਬੈਠਕ ’ਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਪਾਰਲੀਮੈਂਟ ’ਤੇ ਹਮਲੇ ਬਾਰੇ ਚੌਕਸ ਕੀਤਾ ਸੀ। 13 ਦਸੰਬਰ ਨੂੰ ਪਾਰਲੀਮੈਂਟ ’ਤੇ ਹਮਲਾ ਹੋ ਗਿਆ। ਐਨੀ ਚੌਕਸੀ ਤੋਂ ਬਾਅਦ ਵੀ ਬੰਬਾਂ ਨਾਲ ਭਰੀ ਕਾਰ ਪਾਰਲੀਮੈਂਟ ਗਲਿਆਰੇ ਅੰਦਰ ਦਾਖਲ ਕਿਵੇਂ ਹੋ ਗਈ ?

ਸਵਾਲ 2. ਹਮਲੇ ਤੋਂ ਕੁਝ ਦਿਨਾਂ ਬਾਅਦ ਹੀ, ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਕਿਹਾ ਕਿ ਇਹ ਹਮਲਾ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਦਾ ਸਾਂਝਾ ਕੰਮ ਸੀ। ਉਨਾਂ ਕਿਹਾ ਕਿ ਇਸ ਹਮਲੇ ਦੀ ਅਗਵਾਈ ਮੁਹੰਮਦ ਨਾਮੀਂ ਆਦਮੀ ਕਰ ਰਿਹਾ ਸੀ ਜੋ 1998 ’ਚ ਹਵਾਈ ਜਹਾਜ਼ ਆਈਸੀ-814 ਨੂੰ ਅਗਵਾ ਕਰਨ ਵਿਚ ਵੀ ਸ਼ਾਮਲ ਸੀ। (ਬਾਅਦ ਵਿਚ ਇਸ ਦਾਅਵੇ ਨੂੰ ਸੀਬੀਆਈ ਨੇ ਖਾਰਜ ਕਰ ਦਿੱਤਾ ਸੀ।) ਇਨਾਂ ਦਾਅਵਿਆਂ ਵਿਚੋਂ ਕੋਈ ਵੀ ਅਦਾਲਤ ਅੰਦਰ ਸਾਬਤ ਨਹੀਂ ਹੋਇਆ। ਸਪੈਸ਼ਲ ਸੈੱਲ ਕੋਲ ਇਹ ਦਾਅਵਾ ਕਰਨ ਲਈ ਕਿਹੜਾ ਸਬੂਤ ਸੀ ?

ਸਵਾਲ 3. ਇਸ ਹਮਲੇ ਦੀ ਸਾਰੀ ਕਾਰਵਾਈ ਸੀਸੀਟੀਵੀ ਕੈਮਰੇ ’ਚ ਰਿਕਾਰਡ ਹੋ ਗਈ ਸੀ। ਕਾਂਗਰਸ ਪਾਰਟੀ ਦੇ ਐਮਪੀ ਕਪਿਲ ਸਿੱਬਲ ਨੇ ਪਾਰਲੀਮੈਂਟ ਵਿਚ ਮੰਗ ਕੀਤੀ ਕਿ ਇਹ ਰਿਕਾਰਡਿੰਗ ਮੈਂਬਰਾਂ ਨੂੰ ਵਿਖਾਈ ਜਾਵੇ। ਇਸ ਗੱਲ ਵਿਚ ਰਾਜ ਸਭਾ ਦੀ ਡਿਪਟੀ ਚੇਅਰਮੈਨ ਨਜ਼ਮਾ ਹੈਪਤੁੱਲਾ ਨੇ ਵੀ ਉਨਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਘਟਨਾ ਦੇ ਵੇਰਵਿਆਂ ਬਾਰੇ ਕਾਫੀ ਤੌਖਲੇ ਹਨ। ਕਾਂਗਰਸ ਪਾਰਟੀ ਦੀ ਚੀਫ ਵਿਪ ਪ੍ਰਿਯਾ ਰੰਜਨ ਦਾਸਮੁਨਸ਼ੀ ਨੇ ਕਿਹਾ, ‘ਮੈਂ ਕਾਰ ਵਿਚੋਂ 6 ਬੰਦਿਆਂ ਨੂੰ ਨਿਕਲਦੇ ਦੇਖਿਆ। ਪਰ ਸਿਰਫ 5 ਲੋਕ ਮਾਰੇ ਗਏ। ਸੀਸੀਟੀਵੀ ਰਿਕਾਰਡਿੰਗ ਵਿਚ ਸਾਫ ਨਜ਼ਰ ਆਉਂਦਾ ਸੀ ਕਿ 6 ਲੋਕ ਸੀ।’ ਜੇ ਦਾਸਮੁਨਸ਼ੀ ਸਹੀ ਸੀ, ਤਾਂ ਪੁਲਿਸ ਨੇ ਇਹ ਕਿਉਂ ਕਿਹਾ ਕਿ ਕਾਰ ਵਿਚ ਸਿਰਫ 5 ਲੋਕ ਸਨ ? 6ਵਾਂ ਬੰਦਾ ਕੌਣ ਸੀ ? ਉਹ ਹੁਣ ਕਿੱਥੇ ਹੈ ? ਸਰਕਾਰੀ ਵਕੀਲ ਨੇ ਮੁਕੱਦਮੇ ਵਿਚ ਸੀਸੀਟੀਵੀ ਰਿਕਾਰਡਿੰਗ ਨੂੰ ਸਬੂਤ ਵਜੋਂ ਪੇਸ਼ ਕਿਉਂ ਨਹੀਂ ਕੀਤਾ ? ਇਸ ਨੂੰ ਲੋਕਾਂ ਸਾਹਮਣੇ ਕਿਉਂ ਜਾਰੀ ਨਹੀਂ ਕੀਤਾ ਗਿਆ ?

ਸਵਾਲ 4. ਜਦੋਂ ਇਹ ਸਵਾਲ ਪੁੱਛੇ ਗਏ ਤਾਂ ਪਾਰਲੀਮੈਂਟ ਦੀ ਕਾਰਵਾਈ ਮੁਲਤਵੀ ਕਿਉਂ ਕਰ ਦਿੱਤੀ ਗਈ ?

ਸਵਾਲ 5. 13 ਦਸੰਬਰ ਤੋਂ ਕੁੱਝ ਦਿਨਾਂ ਬਾਅਦ, ਸਰਕਾਰ ਨੇ ਐਲਾਨ ਕੀਤਾ ਕਿ ਉਸ ਕੋਲ ਇਸ ਹਮਲੇ ‘ਚ ਪਾਕਿਸਤਾਨ ਦੀ ਸ਼ਮੂਲੀਅਤ ਦਾ ‘ਪੁਖਤਾ ਸਬੂਤ’ ਹੈ, ਅਤੇ ਭਾਰਤ-ਪਾਕਿ ਸਰਹੱਦ ’ਤੇ ਲਗਭਗ 5 ਲੱਖ ਫੌਜੀਆਂ ਦੀ ਵੱਡੀ ਲਾਮਬੰਦੀ ਦਾ ਐਲਾਨ ਕੀਤਾ। ਉੱਪ-ਮਹਾਂਦੀਪ ਨੂੰ ਐਟਮੀ ਜੰਗ ਦੀਆਂ ਬਰੂਹਾਂ ‘ਤੇ ਖੜਾ ਕਰ ਦਿੱਤਾ ਗਿਆ। ਅਫਜ਼ਲ ਤੋਂ ਤਸ਼ੱਦਦ ਕਰਕੇ ਹਾਸਲ ਕੀਤੇ ‘ਇਕਬਾਲੀਆ ਬਿਆਨ’ (ਜਿਸ ਨੂੰ ਬਾਅਦ ਵਿਚ ਸੁਪਰੀਮ ਕੋਰਟ ਨੇ ਲਾਂਭੇ ਕਰ ਦਿੱਤਾ) ਤੋਂ ਇਲਾਵਾ ‘ਪੁਖਤਾ ਸਬੂਤ’ ਕਿਹੜਾ ਸੀ ?

ਸਵਾਲ 6. ਕੀ ਇਹ ਸੱਚ ਹੈ ਕਿ ਪਾਕਿਸਤਾਨ ਦੀ ਸਰਹੱਦ ’ਤੇ ਫੌਜ ਦੀ ਲਾਮਬੰਦੀ 13 ਦਸੰਬਰ ਦੇ ਹਮਲੇ ਤੋਂ ਪਹਿਲਾਂ ਹੀ ਸ਼ੁਰੂ ਹੋ ਗਈ ਸੀ ?

ਸਵਾਲ 7. ਫੌਜ ਦੀ ਇਸ ਲਾਮਬੰਦੀ ‘ਤੇ ਜਿਹੜੀ ਲਗਭਗ ਸਾਲ ਤੱਕ ਜਾਰੀ ਰਹੀ, ਕਿੰਨਾ ਖਰਚ ਆਇਆ ? ਇਸ ਸਾਰੀ ਕਾਰਵਾਈ ‘ਚ ਕਿੰਨੇ ਫੌਜੀ ਜਵਾਨ ਮਾਰੇ ਗਏ ? ਬਰੂਦੀ ਸੁਰੰਗਾਂ ਕਰਕੇ ਕਿੰਨੇ ਜਵਾਨਾਂ ਅਤੇ ਆਮ ਨਾਗਰਿਕਾਂ ਦੀ ਜਾਨ ਗਈ ਅਤੇ ਪਿੰਡਾਂ ਵਿਚੋਂ ਫੌਜ ਦੇ ਟੈਂਕਾਂ ਤੇ ਟਰੱਕਾਂ ਦੀਆਂ ਕਤਾਰਾਂ ਲੰਘਣ ਅਤੇ ਬਰੂਦੀ ਸੁਰੰਗਾਂ ਵਿਛਾਉਣ ਨਾਲ ਕਿੰਨੇ ਕਿਸਾਨਾਂ ਦੇ ਘਰ ਅਤੇ ਜ਼ਮੀਨਾਂ ਬਰਬਾਦ ਹੋਈਆਂ।

ਸਵਾਲ 8. ਅਪਰਾਧਕ ਜਾਂਚ ਵਿਚ ਪੁਲਿਸ ਲਈ ਇਹ ਦਸਣਾ ਜ਼ਰੂਰੀ ਹੁੰਦਾ ਹੈ ਕਿ ਮੌਕਾ ਵਾਰਦਾਤ ਤੋਂ ਹਾਸਲ ਕੀਤੇ ਸਬੂਤ ਉਨਾਂ ਨੂੰ ਦੋਸ਼ੀ ਤੱਕ ਕਿਵੇਂ ਲੈ ਕੇ ਗਏ। ਪੁਲਿਸ ਮੁਹੰਮਦ ਅਫਜ਼ਲ ਤੱਕ ਕਿਵੇਂ ਪਹੁੰਚੀ ? ਪੁਲਿਸ ਦੇ ਸਪੈਸ਼ਲ ਸੈੱਲ ਨੇ ਕਿਹਾ ਕਿ ਐਸਏਆਰ ਗਿਲਾਨੀ (ਪ੍ਰੋਫੈਸਰ) ਰਾਹੀਂ ਉਹ ਅਫਜ਼ਲ ਗੁਰੂ ਤੱਕ ਪਹੁੰਚੇ। ਪਰ ਗਿਲਾਨੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਹੀ ਸ੍ਰੀਨਗਰ ਪੁਲਿਸ ਨੂੰ ਅਫਜ਼ਲ ਨੂੰ ਗ੍ਰਿਫਤਾਰ ਕਰਨ ਦਾ ਸੁਨੇਹਾ ਭੇਜ ਦਿੱਤਾ ਗਿਆ ਸੀ। ਤਾਂ ਸਪੈਸ਼ਲ ਸੈੱਲ ਅਫਜ਼ਲ ਨੂੰ 13 ਦਸੰਬਰ ਦੇ ਹਮਲੇ ਨਾਲ ਕਿਵੇਂ ਜੋੜ ਸਕਦਾ ਹੈ ?

ਸਵਾਲ 9. ਅਦਾਲਤਾਂ ਨੇ ਮੰਨਿਆ ਹੈ ਕਿ ਅਫਜ਼ਲ ਆਤਮ ਸਮਰਪਣ ਕਰ ਚੁੱਕਾ ਖਾੜਕੂ ਸੀ ਅਤੇ ਉਹ ਸੁਰੱਖਿਆ ਬਲਾਂ ਨਾਲ ਲਗਾਤਾਰ ਸੰਪਰਕ ਰੱਖਦਾ ਸੀ, ਖਾਸ ਕਰਕੇ ਜੰਮੂ ਕਸ਼ਮੀਰ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ ਨਾਲ। ਸੁਰੱਖਿਆ ਬਲ ਇਸ ਗੱਲ ਲਈ ਕੀ ਜਵਾਬ ਦੇਣਗੇ ਕਿ ਉਨਾਂ ਦੀ ਨਿਗਰਾਨੀ ਹੇਠਲਾ ਬੰਦਾ ਐਨਾ ਵੱਡਾ ਹਮਲਾ ਕਰਨ ਦੀ ਸਾਜਿਸ਼ ’ਚ ਕਿਵੇਂ ਸ਼ਾਮਲ ਸੀ ?

ਸਵਾਲ 10. ਕੀ ਇਹ ਮੰਨਣਯੋਗ ਹੈ ਕਿ ਲਸ਼ਕਰ-ਏ-ਤੋਇਬਾ ਜਾਂ ਜੈਸ਼-ਏ-ਮੁਹੰਮਦ ਵਰਗੀਆਂ ਜਥੇਬੰਦੀਆਂ ਆਪਣੀ ਖਾਸ ਕਾਰਵਾਈ ਲਈ ਮੁੱਖ ਕੜੀ ਬਤੌਰ ਅਜਿਹੇ ਬੰਦੇ ‘ਤੇ ਟੇਕ ਰੱਖਣਗੀਆਂ ਜਿਸਦਾ ਲਗਾਤਾਰ ਐਸਟੀਐਫ ਦੇ ਤਸ਼ੱਦਦ ਕੇਂਦਰ ਗੇੜਾ ਲਗਦਾ ਰਹਿੰਦਾ ਹੋਵੇ ਅਤੇ ਜਿਸ ਉੱਤੇ ਪੁਲਿਸ ਲਗਾਤਾਰ ਨਿਗਰਾਨੀ ਰੱਖਦੀ ਹੋਵੇ।

ਸਵਾਲ 11. ਅਦਾਲਤ ਸਾਹਮਣੇ ਆਪਣੇ ਬਿਆਨ ਵਿਚ ਅਫਜ਼ਲ ਨੇ ਕਿਹਾ ਕਿ ਉਸ ਨੂੰ ‘ਮੁਹੰਮਦ’ ਨਾਲ ਮਿਲਾਉਣ ਵਾਲਾ ਅਤੇ ਉਸ ਨੂੰ ਦਿੱਲੀ ਤੱਕ ਛੱਡਣ ਲਈ ਕਹਿਣ ਵਾਲਾ ਬੰਦਾ ਤਾਰਿਕ ਐਸਟੀਐਫ ਨਾਲ ਕੰਮ ਕਰਦਾ ਸੀ। ਤਾਰਿਕ ਦਾ ਨਾਂ ਪੁਲਿਸ ਦੀ ਚਾਰਜਸ਼ੀਟ ਵਿਚ ਵੀ ਦਰਜ ਕੀਤਾ ਗਿਆ। ਇਹ ਤਾਰਿਕ ਕੌਣ ਹੈ ਅਤੇ ਉਹ ਹੁਣ ਕਿੱਥੇ ਹੈ ?

ਸਵਾਲ 12. 19 ਦਸੰਬਰ, 2001 ਨੂੰ ਪਾਰਲੀਮੈਂਟ ਹਮਲੇ ਤੋਂ 6 ਦਿਨਾਂ ਬਾਅਦ, ਥਾਣੇ (ਮਹਾਰਾਸ਼ਟਰ) ਦੇ ਪੁਲਿਸ ਕਮਿਸ਼ਨਰ ਐਸ.ਐਮ ਸ਼ੰਗਾਰੀ ਨੇ ਪਾਰਲੀਮੈਂਟ ਹਮਲੇ ਦੌਰਾਨ ਮਾਰੇ ਗਏ ਇੱਕ ਹਮਲਾਵਰ ਦੀ ਪਛਾਣ ਲਸ਼ਕਰ-ਏ-ਤੋਇਬਾ ਨਾਲ ਸਬੰਧਿਤ ਮੁਹੰਮਦ ਯਾਸਿਨ ਫਤਿਹ ਵਜੋਂ ਦੱਸੀ, ਜਿਸਨੂੰ ਨਵੰਬਰ 2000 ਵਿੱਚ ਮੁੰਬਈ ’ਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਮਗਰੋਂ ਜੰਮੂ ਕਸ਼ਮੀਰ ਪੁਲਿਸ ਦੇ ਸਪੁਰਦ ਕਰ ਦਿੱਤਾ ਗਿਆ ਸੀ। ਉਨਾਂ ਆਪਣੇ ਬਿਆਨ ਨੂੰ ਸਹੀ ਸਾਬਤ ਕਰਨ ਲਈ ਕਈ ਗੱਲਾਂ ਕਹੀਆਂ। ਜੇ ਪੁਲਿਸ ਕਮਿਸ਼ਨਰ ਸ਼ੰਗਾਰੀ ਸਹੀ ਸੀ, ਤਾਂ ਜੰਮੂ ਕਸ਼ਮੀਰ ਪੁਲਿਸ ਦੀ ਹਿਰਾਸਤ ਵਿਚ ਬੰਦ ਮੁਹੰਮਦ ਯਾਸਿਨ ਪਾਰਲੀਮੈਂਟ ਹਮਲੇ ‘ਚ ਕਿਵੇਂ ਸ਼ਾਮਲ ਹੋ ਗਿਆ ? ਜੇ ਸ਼ੰਗਾਰੀ ਗਲਤ ਸੀ, ਤਾਂ ਮੁਹੰਮਦ ਯਾਸਿਨ ਹੁਣ ਕਿੱਥੇ ਹੈ ?

ਸਵਾਲ 13. ਹੁਣ ਤੱਕ ਸਾਨੂੰ ਇਹ ਕਿਉਂ ਨਹੀਂ ਪਤਾ ਲੱਗਿਆ ਕਿ ਪਾਰਲੀਮੈਂਟ ਹਮਲੇ ’ਚ ਮਾਰੇ ਗਏ 5 ‘ਅੱਤਵਾਦੀ’ ਕੌਣ ਸਨ ?

# ਇੰਦਰਾ ਦੇ ਡਾਨ ਕਰੀਮ ਲਾਲਾ ਨਾਲ ਸੰਬੰਧ ਸਨ

## ਸ਼ਿਵ ਸੈਨਾ ਦੇ ਭੜਕਾਊ ਬਿਆਨ ਨਾਲ ਪੈਦਾ ਹੋਇਆ ਕਾਂਗਰਸ ਦਾ ਵਿਵਾਦ, ਸ਼ਿਵ ਸੈਨਾ ਦੇ ਬਾਲ ਠਾਕਰੇ ਦੇ ਲਾਲਾ ਨਾਲ ਸੰਬੰਧਾਂ ਦੇ ਭੇਦ ਖੁੱਲੇ

ਭਾਜਪਾ ਦੇ ਸਰਕਾਰ ਬਣਾਉਣ ਵਿਚ ਅਸਫਲ ਰਹਿਣ ’ਤੇ ਸ਼ਿਵ ਸੈਨਾ ਦੇ ਨੇਤਾ ਊਧਵ ਠਾਕਰੇ ਨੇ ਰਾਕਾਂਪਾ ਤੇ ਕਾਂਗਰਸ ਨਾਲ ਗੱਠਜੋੜ ਕਰਕੇ 28 ਨਵੰਬਰ 2019 ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਲਈ। ਪਰ ਇਸ ਤੋਂ ਬਾਅਦ ਆਪਣੇ ਦਲ ਸ਼ਿਵ ਸੈਨਾ ਤੋਂ ਇਲਾਵਾ ਦੋਵੇਂ ਗੱਠਜੋੜ ਸਹਿਯੋਗੀਆਂ ਰਾਕਾਂਪਾ ਤੇ ਕਾਂਗਰਸ ਦੀ ਸੰਤੁਸ਼ਟੀ ਦੇ ਅਨੁਸਾਰ ਮੰਤਰੀ ਮੰਡਲ ਦਾ ਵਿਸਤਾਰ ਕਰਨ ਵਿਚ ਊਧਵ ਠਾਕਰੇ ਨੂੰ 32 ਦਿਨਾਂ ਦਾ ਲੰਮਾ ਸਮਾਂ ਲਗ ਗਿਆ ਅਤੇ 30 ਦਸੰਬਰ ਨੂੰ ਹੋਏ ਇਸ ਮੰਤਰੀ ਮੰਡਲ ਦੇ ਵਿਸਤਾਰ ਵਿਚ ਉਹ ਭਾਈਵਾਲ ਪਾਰਟੀਆਂ ਨੂੰ ਤਾਂ ਕੀ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਵੀ ਸੰਤੁਸ਼ਟ ਨਹੀਂ ਕਰ ਸਕੇ। ਇਥੋਂ ਤੱਕ ਕਿ ਸ਼ਿਵ ਸੈਨਾ ਦੀ ਸਰਕਾਰ ਬਣਾਉਣ ਵਿਚ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਸੰਜੇ ਰਾਊਤ ਦੇ ਛੋਟੇ ਭਰਾ ਅਤੇ ਵਿਧਾਇਕ ਸੁਨੀਲ ਦਾ ਨਾਂ ਵੀ ਸੰਭਾਵਿਤ ਮੰਤਰੀਆਂ ਦੀ ਸੂਚੀ ਵਿਚੋਂ ਆਖਰੀ ਸਮੇਂ ’ਤੇ ਕੱਟਿਆ ਗਿਆ। ਸ਼ਾਇਦ ਇਸੇ ਕਾਰਣ ਸੰਜੇ ਤੇ ਸੁਨੀਲ ਰਾਊਤ ਉਕਤ ਸਮਾਰੋਹ ਵਿਚ ਸ਼ਾਮਲ ਨਹੀਂ ਹੋਏ ਸਨ। ਅਚਾਨਕ ਸੰਜੇ ਰਾਊਤ ਨੇ ਇਕ ਗਰਮੋ ਗਰਮ ਬਿਆਨ ਛੱਡ ਕੇ ਵਿਵਾਦ ਖੜਾ ਕਰ ਦਿੱਤਾ, ਜਿਸ ਵਿਚ ਉਹਨਾਂ ਨੇ ਇਹ ਦਾਅਵਾ ਕੀਤਾ ਸੀ ਕਿ, “ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਮੁੰਬਈ ਵਿਚ ਪੁਰਾਣੇ ਡੌਨ ਕਰੀਮ ਲਾਲਾ ਨੂੰ ਮਿਲਣ ਆਉਂਦੀ ਸੀ। ਦਾਊਦ ਇਬਰਾਹੀਮ, ਛੋਟਾ ਸ਼ਕੀਲ ਤੇ ਸ਼ਰਦ ਸ਼ੈਟੀ ਵਰਗੇ ਗੈਂਗਸਟਰ ਮਹਾਨਗਰ ਤੇ ਆਸ-ਪਾਸ ਦੇ ਖੇਤਰਾਂ ਉੱਤੇ ਕੰਟਰੋਲ ਰੱਖਦੇ ਸਨ। ਹਾਜ਼ੀ ਮਸਤਾਨ ਦੇ ਮੰਤਰਾਲੇ ਵਿਚ ਆਉਣ ਉੱਤੇ ਪੂਰਾ ਮੰਤਰਾਲਾ ਉਸ ਨੂੰ ਦੇਖਣ ਲਈ ਹੇਠਾਂ ਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਪਾਈਧੋਨੀ (ਦੱਖਣੀ ਮੁੰਬਈ) ਵਿਚ ਕਰੀਮ ਲਾਲਾ ਨੂੰ ਮਿਲਣ ਆਉਂਦੀ ਸੀ।”



### ਕੌਣ ਸੀ ਕਰੀਮ ਲਾਲਾ

ਦੱਖਣੀ ਮੁੰਬਈ ਵਿੱਚ ਇਸ ਤਰਾਂ ਦੇ ਬਾਹੂਬਲ ਵਾਲੇ ਤਰੀਕਿਆਂ ਦੇ ਬਾਵਜੂਦ ਲਾਲਾ ਕੀ ਪਛਾਣ ਈਮਾਨਦਾਰੀ ਤੇ ਨਿਆਂ ਲਈ ਹੁੰਦੀ ਸੀ। ਗੰਗੂਬਾਈ ਕੋਠੇਵਾਲੀ ਦੱਖਣੀ ਮੁੰਬਈ ਦੇ ਕਮਾਠੀਪੁਰਾ ਰੈਡ ਲਾਈਟ ਇਲਾਕੇ ਵਿੱਚ ਮਸ਼ਹੂਰ ਸੀ। ਸ਼ੌਕਤ ਖ਼ਾਨ ਨਾਮ ਦੇ ਇੱਕ ਪਠਾਣ ਨੇ ਜਦੋਂ ਦੋ ਵਾਰ ਉਸ ਦਾ ਬਲਾਤਕਾਰ ਕੀਤਾ ਤਾਂ ਗੰਗੂਬਾਈ ਕਰੀਮ ਲਾਲਾ ਕੋਲ ਪਹੁੰਚੀ। ਕਰੀਮ ਲਾਲਾ ਨੇ ਇਸ ਮਾਮਲੇ ਵਿੱਚ ਨਾ ਸਿਰਫ਼ ਦਖ਼ਲ ਦਿੱਤਾ, ਸਗੋਂ ਉਨਾਂ ਨੇ ਗੰਗੂਬਾਈ ਨੂੰ ਪਠਾਣ ਤੋਂ ਬਚਾਇਆ ਵੀ। ਉਨਾਂ ਨੇ ਆਪਣੇ ਬੰਦਿਆਂ ਤੋਂ ਉਸ ਪਠਾਣ ਦਾ ਕੁਟਾਪਾ ਵੀ ਕਰਾਇਆ। ਇਸ ਤੋਂ ਬਾਅਦ ਕਿਹਾ ਜਾਂਦਾ ਹੈ ਕਿ ਗੰਗੂਬਾਈ ਨੇ ਆਪਣੀ ਰੱਖਿਆ ਕਰਨ ਵਾਲੇ ਭਰਾ.... ਕਰੀਮ ਲਾਲਾ ਨੂੰ ਰੱਖੜੀ ਬੰਨੀ।

ਬਾਲੀਵੁੱਡ ਨਿਰਦੇਸ਼ਕ ਸੰਜੇ ਲੀਲਾ ਬੰਸਾਲੀ ਹੁਣ ਇਸੇ ਤੇ ਇੱਕ ਫ਼ਿਲਮ ਬਣਾ ਰਹੇ ਹਨ ਜਿਸ ਵਿੱਚ ਆਲੀਆ ਭੱਟ ਨੇ ਗੰਗੂਬਾਈ ਦੀ ਭੂਮਿਕਾ ਨਿਭਾਈ ਹੈ। ਇਹ ਗੱਲ ਬਹੁਤੇ ਲੋਕਾਂ ਨੂੰ ਪਤਾ ਨਹੀਂ ਕਿ ਮੁੰਬਈ ਵਿੱਚ ਮਾਫ਼ੀਆ ਦੇ ਉਭਰਨ ਵਿੱਚ ਕਰੀਮ ਲਾਲਾ ਨੇ ਵੱਡੀ ਭੂਮਿਕਾ ਨਿਭਾਈ ਸੀ। ਕਰੀਮ ਲਾਲਾ ਨੇ ਹਾਜੀ ਮਸਤਾਨ ਦੇ ਨਾਲ ਨਜ਼ਦੀਕੀ ਵਧਾਈ ਤੇ ਸੋਨੇ ਦੀ ਤਸਕਰੀ ਵਿੱਚ ਮਦਦ ਕਰਨ ਦਾ ਵਾਅਦਾ ਕੀਤਾ। ਕਰੀਮ ਲਾਲਾ ਦੀ ਮਦਦ ਤੋਂ ਬਿਨਾਂ ਹਾਜੀ ਮਸਤਾਨ ਲਈ ਸੋਨੇ ਦੀ ਤਸਕਰੀ ਦੇ ਧੰਦੇ ਦੀ ਟੀਸੀ ’ਤੇ ਪਹੁੰਚਣਾ ਸੰਭਵ ਨਹੀਂ ਸੀ। ਇਸ ਤੋਂ ਇਲਾਵਾ ਜੇ ਦਾਊਦ ਇਬਰਾਹੀਮ ਦੇ ਪਿਤਾ ਪੁਲਿਸ ਕਾਂਸਟੇਬਲ ਇਬਰਾਈਮ ਕਾਸਕਰ ਦੇ ਨਾਲ ਹਾਜੀ ਮਸਤਾਨ ਤੇ ਕਰੀਮ ਲਾਲਾ ਦੀ ਦੋਸਤੀ ਨਾ ਹੁੰਦੀ ਤਾਂ ਦਾਊਦ ਨੂੰ ਕਦੇ ਇਨਾਂ ਵਰਗਾ ਬਣਨ ਦੀ ਪ੍ਰੇਰਣਾ ਨਾ ਮਿਲਦੀ। ਪੁਲਿਸ ਕਾਂਸਟੇਬਲ ਇਬਰਾਹੀਮ ਕਾਸਕਰ ਭਾਵੇਂ ਹੀ ਕਰੀਮ ਲਾਲਾ ਜਾਂ ਹਾਜੀ ਮਸਤਾਨ ਤੋਂ ਵਿੱਤੀ ਮਦਦ ਲੈਣ ਤੋਂ ਕਤਰਾਉਂਦੇ ਰਹੇ ਪਰ ਉਨਾਂ ਦੇ ਪੁੱਤਰ ਦਾਊਦ ਨੇ ਇਸ ਤੋਂ ਕਦੇ ਪ੍ਰਹੇਜ਼ ਨਹੀਂ ਕੀਤਾ। ਦਾਊਦ ਨੇ ਇਨਾਂ ਡਾਨਾਂ ਦੀ ਪੈੜ-ਚਾਲ ’ਤੇ ਚਲਦਿਆਂ ਆਪਣੇ ਇਰਾਦੇ ਪੂਰੇ ਕੀਤੇ ਤੇ ਇਨਾਂ ਦੀ ਚਮਕ ਨੂੰ ਕਾਫ਼ੀ ਹੱਦ ਤੱਕ ਮੱਧਮ ਵੀ ਕਰ ਦਿੱਤਾ।

ਐਮਰਜੈਂਸੀ ਤੋਂ ਬਾਅਦ ਹਾਜੀ ਮਸਤਾਨ ਅਤੇ ਕਰੀਮ ਲਾਲਾ, ਦੋਹਾਂ ਨੂੰ ਗ੍ਰਿ਼ਫਤਾਰ ਕਰ ਲਿਆ ਗਿਆ। ਇਸ ਨਾਲ ਇੱਕ ਨਵੇਂ ਦੌਰ ਦੀ ਸ਼ੁਰਆਤ ਹੋਈ। ਸੱਤ ਫੁੱਟ ਦੇ ਕਰੀਮ ਲਾਲਾ ਨੂੰ ਆਪਣੇ ਕੱਦ, ਟਰੇਡ ਮਾਰਕ ਸਫ਼ਾਰੀ ਸੂਟ ਤੇ ਗੂੜੇ ਕਾਲੇ ਰੰਗ ਦੀਆਂ ਐਨਕਾਂ ਕਾਰਨ ਪਛਾਣਿਆ ਜਾਂਦਾ ਸੀ। ਹੁਣ ਤੱਕ ਦਾਊਦ ਇਬਰਾਹੀਮ ਦੀ ਪਛਾਣ ਇੱਕ ਖ਼ਤਰਨਾਕ ਗੈਂਗਸਟਰ ਦੀ ਬਣ ਗਈ ਸੀ ਜੋ ਪਠਾਣਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ।

ਭਾਵੇਂ ਦਾਊਦ ਨੇ ਕਰੀਮ ਲਾਲਾ ਦੀ ਭਤੀਜੀ ਸਮਦ ਖ਼ਾਨ ਅਤੇ ਦੂਜੇ ਨਜ਼ਦੀਕੀ ਲੋਕਾਂ ਦੀ ਜਾਨ ਲਈ ਪਰ ਕਰੀਮ ਲਾਲਾ ਨੂੰ ਕਦੇ ਨਿਸ਼ਾਨਾ ਨਹੀਂ ਬਣਾਇਆ। ਆਖ਼ਿਰਕਾਰ ਦੋਹਾਂ ਦੀ ਮੱਕੇ ਵਿੱਚ ਮੁਲਾਕਾਤ ਹੋਈ, ਦੋਵਾਂ ਨੇ ਇੱਕ ਦੂਜੇ ਨੂੰ ਗਲਵੱਕੜੀ ਪਾਈ ਤੇ ਸਮਝੌਤਾ ਹੋ ਗਿਆ। ਹਾਜੀ ਮਸਤਾਨ ਤੇ ਕਰੀਮ ਲਾਲਾ ਦੀ ਮੁਸਲਮਾਨ ਬਹੁਤ ਇੱਜਤ ਕਰਦੇ ਸਨ। ਉਹ ਉਨਾਂ ਨੂੰ ਆਪਣੇ ਸਾਰੇ ਪ੍ਰੋਗਰਾਮਾਂ ਵਿੱਚ ਸੱਦਾ ਦਿੰਦੇ ਸਨ। ਦੋਵੇਂ ਸਮਾਜਿਕ ਮੇਲਜੋਲ ਵਿੱਚ ਕਾਫ਼ੀ ਤੇਜ਼ ਤੇ ਸ਼ਾਇਦ ਅਜਿਹੇ ਹੀ ਕਿਸੇ ਮੌਕੇ ਉਹ ਇੰਦਰਾ ਗਾਧੀ ਨਾਲ ਕੈਮਰੇ ਵਿੱਚ ਕੈਦ ਹੋ ਗਏ।

## ਨਹੀਂ ਲੱਭਣੇ ਲਾਲ ਗੁਆਚੇ

'ਅੱਖਾਂ ਦਿਖੌਣ ਵਾਸਤੇ ਤੁਸੀਂ ਮਜਬੂਰ ਕੀਤਾ! ਤੁਸੀਂ! ਥੋਡੇ ਜੁਆਕਾਂ ਨੂੰ ਸਾਡਾ ਮਜ਼ਾਕ ਉਡੌਂਦਿਆਂ ਕਿਉਂ ਨਹੀਂ ਰੋਕਿਆ?'
'ਅਸੀਂ ਨੀ ਰੋਕਣਾ! ਸਗੋਂ ਅੱਜ ਸ਼ਾਮ ਨੂੰ ਦਸ ਪੰਦਰਾਂ ਬੱਚੇ ਹੋਰ ਨਾਲ ਭੇਜਾਂਗੇ! ਤੈਨੂੰ ਪਤੈ ਤੂੰ ਕੀਦ੍ਹੇ ਨਾਲ ਗੱਲ ਕਰ ਰਿਹੈਂ?' ਬ੍ਰਗੇਡੀਅਰ ਨੇ ਕਿਹਾ।
'ਮੈਨੂੰ ਸਾਰਾ ਪਤਾ ਸਾਬ੍ਹ, ਅਜੇ ਵੀ ਸੋਚ ਲੋ ਗਲਤੀ ਮੰਨ ਲੋ!'
'ਜਾ ਓਏ ਭੱਜ ਜਾ ਨਈਂ ਤਾਂ ਕੁੱਤਿਆਂ ਤੋਂ ਪੜਵਾ ਦੂੰਗਾ, ਜਾਤ ਦੀ ਕੋਹੜ ਕਿਰਲੀ ਸਤੀਰਾਂ ਨਾਲ ਜੱਫੇ' ਬ੍ਰਗੇਡੀਅਰ ਨੇ ਕਿਹਾ।
'ਮਾਲੀ'! ਬ੍ਰਗੇਡੀਅਰ ਨੇ ਮਾਲੀ ਨੂੰ ਅਵਾਜ਼ ਮਾਰੀ।
ਮਾਲੀ ਭੱਜਾ ਆਇਆ! ਮਾਲੀ ਨੂੰ ਦੇਖਕੇ ਹਰਨਾਮ ਨੂੰ ਹੋਰ ਗੁੱਸਾ ਆ ਗਿਆ ਤੇ ਸੋਚਿਆ ਕਿਤੇ ਸੱਚਮੁੱਚ ਹੀ ਨਾ ਕੁੱਤਾ ਛੱਡ ਦੇਵੇ? ਮੈਂ ਕੁੱਤੇ ਵੱਲ ਹੋ ਜਾਂਵਾਂ ਤੇ ਬ੍ਰਗੇਡੀਅਰ ਬਚ ਨਿਕਲੇ। ਹਰਨਾਮ ਨੇ ਜੇਬ ਵਿੱਚ ਹੱਥ ਪਾਇਆ ਤੇ ਪਿਸਤੌਲ ਤਾਣ ਲਿਆ। ਬ੍ਰਗੇਡੀਅਰ ਦੀ ਕੰਧ ਉੱਤੇ ਲੱਗੇ ਕਲਾਕ ਦੀ ਸੂਈ ਦਿਨ ਦੇ ਬਾਰਾਂ ਵਜੇ ਵੱਲ ਵਧ ਰਹੀ ਸੀ!
'ਖੜ੍ਹ ਜੋ ਫਿਰ ਦਰਬਾਰ ਸ੍ਹੈਬ ਤੇ ਹਮਲਾ ਕਰਵਕੇ ਬਚਜੋਂਗੇ, ਦੱਸਦਾਂ ਥੋਨੂੰ ਸਤੀਰ ਕੌਣ? ਤੇ ਕਿਰਲੀ ਕੌਣ? ਨਾਲੇ ਥੋਨੂੰ ਸਰਦਾਰਾਂ ਦੇ ਬਾਰਾਂ ਵੱਜਗੇ ਆਖਕੇ ਮਖੌਲ ਕਰਨ ਦਾ ਸੌਕ ਆ ਦੇਖੋ ਘੜੀ?' ਹਰਨਾਮ ਨੇ ਲਲਕਾਰਾ ਮਾਰਕੇ ਆਖਿਆ ਬ੍ਰਗੇਡੀਅਰ ਨੇ ਘੜੀ ਵੱਲ ਦੇਖਿਆ ਬਾਰਾਂ ਵੱਜ ਗਏ ਸਨ। ਪਿੱਛੋਂ ਕਿਸੇ ਨੇ ਹਰਨਾਮ ਨੂੰ ਜੱਫਾ ਪਾ ਲਿਆ। ਹਰਨਾਮ ਨੇ ਗਰਦਨ ਘੁੰਮਾ ਕੇ ਦੇਖਿਆ ਇਹ ਇਸਦੀ ਰਿਜਮਿੰਟ ਦਾ ਕੈਪਟਨ ਸੀ।
'ਸਾਲੇ ਅਫਸਰੋਂ ਕੋ ਆਂਖੇ ਦਿਖਾਤਾ ਹੈ?' ਕੈਪਟਨ ਨੇ ਕਿਹਾ। ਬ੍ਰਗੇਡੀਅਰ ਵੀ ਹਰਨਾਮ ਨੂੰ ਫੜਨ ਵਾਸਤੇ ਅੱਗੇ ਆਇਆ। ਹਰਨਾਮ ਨੇ ਬ੍ਰਗੇਡੀਅਰ ਤੇ ਗੋਲੀ ਚਲਾ ਦਿੱਤੀ, ਉਹ ਡਿੱਗ ਪਿਆ ਕੈਪਟਨ ਹਰਨਾਮ ਨੂੰ ਛੱਡਕੇ ਬ੍ਰਗੇਡੀਅਰ ਵੱਲ ਹੋਇਆ ਉਹ ਤੜਫ ਰਿਹਾ ਸੀ। ਕੈਪਟਨ ਨੂੰ ਗੁੱਸਾ ਆਇਆ, ਉਸਨੇ ਇੱਕ ਸਰੀਆ ਚੱਕ ਲਿਆ ਤੇ ਹਰਨਾਮ ਦੇ ਮਾਰਨ ਨੂੰ ਦੌੜਿਆ ਹਰਨਾਮ ਨੇ ਉਸਦੇ ਵੀ ਗੋਲੀ ਮਾਰਕੇ ਖ਼ੂਨ ਦੀ ਹੋਲੀ ਖੇਡੀ, ਦੋ ਲਾਸ਼ਾਂ ਵੇਹੜੇ ਵਿੱਚ ਪਈਆਂ ਸਨ। ਹਰਨਾਮ ਨੇ ਅੱਗਾ ਪਿੱਛਾ ਦੇਖਿਆ। ਮਾਲੀ ਕਿਤੇ ਲੁਕ ਗਿਆ। ਹਰਨਾਮ ਬਾਹਰ ਨੂੰ ਭੱਜਿਆ ਕੇਵਲ ਸਾਰੀ ਕਾਰਵਾਈ ਦੇਖ ਰਿਹਾ ਰਿਹਾ ਸੀ। ਉਸਨੇ ਮੋਟਰ ਸਾਈਕਲ ਸਟਾਰਟ ਕਰ ਲਿਆ। ਹਰਨਾਮ ਭੱਜਕੇ ਮੋਟਰਸਾਈਕਲ ਤੇ ਬੈਠ ਗਿਆ। ਕਲਾਕ ਦੀਆਂ ਬਾਰਾਂ ਘੰਟੀਆਂ ਵੱਜ ਰਹੀਆਂ ਸਨ!
'ਯਾਰ ਤੂੰ ਕੈਪਟਨ ਸਾਬ੍ਹ ਨੂੰ ਕਿਓਂ ਮਾਰਿਆ?' ਕੇਵਲ ਨੇ ਪੁੱਛਿਆ।
'ਯਾਰ ਓ੍ਹ ਤਾਂ ਆਪਣੇ ਵਿੱਚ ਆ ਗਿਆ ਤੇ ਗੋਲੀ ਕਸੂਤੇ ਥਾਂ ਵੱਜਗੀ!' ਕੇਵਲ ਤੇ ਹਰਨਾਮ ਯੂਨਿਟ ਵਿੱਚ ਗਏ। ਉੱਧਰੋਂ ਬ੍ਰਗੇਡੀਅਰ ਦੀ ਪਤਨੀ ਨੇ ਹੱਸਪਤਾਲ ਫ਼ੂਨ ਕੀਤਾ। ਹੂਟਰ ਵਜਾਉਂਦੀ ਐਂਬੂਲੈਸ ਆਈ ਤੇ ਬ੍ਰਗੇਡੀਅਰ ਨੂੰ ਹਸਪਤਾਲ ਲੈ ਗਈ!

## ਅਸਾਮ 'ਚ ਗਰੀਬਾਂ, ਦਲਿਤਾਂ...

ਨਾਗਰਿਕਤਾ ਸੋਧ ਕਾਨੂੰਨ ਕਹਿੰਦਾ ਹੈ ਕਿ ਪਾਕਿਸਤਾਨ, ਬੰਗਲਾਦੇਸ ਤੇ ਅਫਗਾਨਿਸਤਾਨ ਵਿਚ ਅੱਤਿਆਚਾਰ ਦਾ ਸਾਹਮਣਾ ਕਰ ਰਹੇ ਘੱਟ ਗਿਣਤੀਆਂ ਹਿੰਦੂ, ਸਿੱਖ, ਬੋਧੀਆਂ ਤੇ ਇਸਾਈਆਂ ਨੂੰ ਭਾਰਤ ਵਿਚ ਸ਼ਰਨ ਦਿੱਤੀ ਜਾਵੇਗੀ। ਪਰ ਮੁਸਲਮਾਨਾਂ ਨੂੰ ਇਹ ਸਹੂਲਤ ਨਹੀਂ ਹੋਵੇਗੀ। ਕਰਨਾਟਕਾ, ਉਤਰ ਪ੍ਰਦੇਸ਼ ਤੇ ਹਰਿਆਣਾ ਦੀ ਸਰਕਾਰ ਨੇ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਐਨਆਰਸੀ ਦੀ ਮੰਗ 40 ਸਾਲ ਪੁਰਾਣੀ ਹੈ। ਉਥੋਂ ਦੇ ਲੋਕ 50 ਸਾਲ ਦੇ ਜ਼ਿਆਦਾ ਸਮੇਂ ਤੋਂ ਆਪਣੇ ਦਸਤਾਵੇਜ਼ ਜਮਾ ਕਰ ਰਹੇ ਹਨ। ਨਾਗਰਿਕਤਾ ਕਾਨੂੰਨ ਦਾ ਅਸਲ ਮਕਸਦ ਭਾਰਤ ਦੀ ਮੁਸਲਮ ਅਬਾਦੀ ਨੂੰ ਡਰਾਉਣਾ, ਅਸਥਿਰ ਕਰਨਾ ਤੇ ਕਲੰਕਿਤ ਕਰਨਾ ਹੈ। ਇਹ ਭਾਈਚਾਰਾ ਗਰੀਬ ਵਰਗ ਵਿਚੋਂ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ 1940 ਦੌਰਾਨ ਆਰ ਐਸ ਐਸ ਦੇ ਸਰਸੰਘਚਾਲਕ ਐਮ ਐਸ ਗੋਲਵਲਕਰ ਨੇ ਆਪਣੀ ਪੁਸਤਕ 'ਆਰ ਅਵਰ ਨੇਸ਼ਨ ਹੁੱਡ ਡਿਫਾਇੰਡ' ਵਿਚ ਲਿਖਿਆ ਸੀ ਕਿ ਹਿੰਦੁਸਤਾਨ ਵਿਚ ਹਿੰਦੂਆਂ ਦੀ ਧਰਤੀ 'ਤੇ ਹਿੰਦੂ ਰਹਿੰਦਾ ਹਨ ਤੇ ਹਿੰਦੂ ਰਾਸ਼ਟਰ ਹੀ ਰਹਿਣਾ ਚਾਹੀਦਾ ਹੈ। ਬਾਕੀ ਸਭ ਗੱਦਾਰ ਹਨ ਤੇ ਰਾਸ਼ਟਰ ਦੇ ਦੁਸ਼ਮਣ ਹਨ। ਭਾਰਤ ਵਿਚ ਵਿਦੇਸ਼ੀ ਨਸਲਾਂ ਹਨ, ਇਸ ਦੇਸ਼ ਵਿਚ ਨਹੀਂ ਰਹਿ ਸਕਦੀਆਂ। ਪਰ ਉਨਾਂ ਨੂੰ ਹਿੰਦੂ ਰਾਸ਼ਟਰ ਦੀ ਸੰਪੂਰਨ ਅਧੀਨਤਾ ਵਿਚ ਰਹਿਣਾ ਹੋਵੇਗਾ ਤੇ ਕਿਸੇ ਚੀਜ਼ ਉੱਤੇ ਦਾਅਵਾ ਨਹੀਂ ਹੋਵੇਗਾ। ਉਨਾਂ ਦੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੋਣਗੇ। ਆਪਣੀ ਨਸਲ ਸੰਸਕ੍ਰਿਤੀ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਦੇ ਲਈ ਜਰਮਨੀ ਨੇ ਯਹੂਦੀਆਂ ਦਾ ਸਫਾਇਆ ਕਰਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ, ਇਹੀ ਨਸਲੀ ਗੌਰਵ ਆਪਣੇ ਸਰਵੋਤਮ ਰੂਪ ਵਿਚ ਪ੍ਰਗਟ ਹੋਇਆ ਸੀ। ਇਸ ਤੋਂ ਹਿੰਦੁਸਤਾਨ ਨੂੰ ਸਬਕ ਲੈਣਾ ਚਾਹੀਦਾ ਹੈ ਤੇ ਇਹੀ ਨੀਤੀ ਅਪਨਾਉਣੀ ਚਾਹੀਦੀ ਹੈ। ਆਧੁਨਿਕ ਭਾਸ਼ਾ ਵਿਚ ਗੁਰੂ ਗੋਲਵਲਕਰ ਦੀਆਂ ਇਨਾਂ ਗੱਲਾਂ ਨਾਲ ਇਹੋ ਜਿਹੇ ਬਿੱਲਾਂ ਦੀ ਤੁਲਨਾ ਕੀਤੀ ਜਾਵੇ ਤਾਂ ਇਹੀ ਤਜ਼ਰਬਾ ਕੀਤਾ ਜਾ ਰਿਹਾ ਹੈ।

## ਆਰ ਐਸ ਐਸ ਜਾਤ-ਪਾਤ ਨੂੰ ਨਹੀਂ ਮੰਨਦੀ?...

ਆਰਗੇਨਾਈਜ਼ਰ ਦੀ ਸੰਪਾਦਕੀ ਵਿਚ ਮਨੂੰ ਸਿਮ੍ਰਤੀ ਵਿਚ ਦਰਜ ਤੇ ਸੰਸਾਰ ਦੇ ਲੋਕਾਂ ਦੀ ਪ੍ਰਸੰਸਾ ਖੱਟਣ ਦਾ ਦਾਅਵਾ ਕੀਤੇ ਜਾਣ ਵਾਲੇ ਜਿਨਾਂ ਕਾਨੂੰਨਾਂ ਦੀ ਗੱਲ ਕੀਤੀ ਗਈ ਹੈ, ਉਹ ਵਰਣ-ਵਿਵਸਥਾ ਤੇ ਇਸ ਉੱਪਰ ਆਧਾਰਤ ਜਾਤਪਾਤੀ ਵਿਤਕਰੇ, ਧੌਂਸ ਅਤੇ ਆਚਾਰ, ਵਿਹਾਰ ਨਾਲ ਸਬੰਧਤ ਕਾਨੂੰਨ ਹੀ ਹਨ। ਜਿਸ ਬਦਨਾਮ ਵਰਣ-ਵਿਵਸਥਾ ਦੀ ਜਨਮਦਾਤੀ ਮਨੂੰ ਸਿਮ੍ਰਤੀ ਦਾ ਸੰਘ ਪਰਿਵਾਰ ਵੱਲੋਂ ਗੁਣਗਾਣ ਕੀਤਾ ਜਾ ਰਿਹਾ ਹੈ, ਉਸੇ ਮਨੂੰ ਸਿਮ੍ਰਤੀ ਨੂੰ ਅੰਬੇਦਕਰ ਦੀ ਅਗਵਾਈ ਵਿਚ 1927 ਵਿਚ ਮਹਾਂਰਾਸ਼ਟਰ ਵਿਚ ਖੱਲੇਆਮ ਸਾੜਿਆ ਗਿਆ ਸੀ। ਹਾਲੇ ਤੱਕ ਸੰਘ ਪਰਿਵਾਰ ਵੱਲੋਂ ਮਨੂੰ ਸਿਮ੍ਰਤੀ ਬਾਰੇ ਆਪਣੇ ਉਪਰੋਕਤ ਵਿਚਾਰ ਬਦਲੇ ਜਾਣ ਤੇ ਇਸਨੂੰ ਠੁਕਰਾਉਣ ਦਾ ਕੋਈ ਸੰਕੇਤ ਨਹੀਂ ਮਿਲਿਆ।
ਇਸ ਤੋਂ ਸਪੱਸ਼ਟ ਹੈ ਕਿ ਭਾਜਪਾ ਤੇ ਸੰਘ ਪਰਿਵਾਰ ਦਲਿਤਾਂ ਤੇ ਜਾਤਪਾਤ ਦੇ ਮਾਮਲੇ ਵਿਚ ਕੂੜ ਸਿਆਸਤ ਖੇਡ ਰਿਹਾ ਹੈ। ਜਾਤ-ਪਾਤ ਲੁਟੇਰੀ ਜਮਾਤ ਭਗਵੇਂਵਾਦੀਆਂ ਲਈ ਰਾਜ ਕਰਨ ਲਈ ਇੱਕ ਵੱਡਾ ਹਥਿਆਰ ਹੈ।
ਤੁਹਾਨੂੰ ਯਾਦ ਕਰਵਾ ਦੇਈਏ ਕਿ ਮੋਦੀ ਦੇ ਰਾਜ ਦੌਰਾਨ ਅੰਬੇਦਕਰ ਦੇ ਪੈਰੋਕਾਰ ਰੋਹਿਤ ਵੈਮੁੱਲਾ ਨੂੰ ਮਰਨ ਲਈ ਭਗਵੇਵਾਦੀਆਂ ਨੇ ਮਜਬੂਰ ਕੀਤਾ। ਉਸਦੀ ਸੋਚ 'ਤੇ ਪਹਿਰਾ ਦੇਣ ਵਾਲੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ 'ਤੇ ਵਹਿਸ਼ੀ ਕੁਟਾਪਾ ਚਾੜਿਆ ਅਤੇ ਉਹਨਾਂ ਨੂੰ ਕੌਮ ਧਰੋਹੀ ਗਰਦਾਨਿਆ।
ਸਪੱਸ਼ਟ ਹੈ ਕਿ ਭਾਰਤੀ ਫਿਰਕਾਪ੍ਰਸਤ ਫਾਸ਼ੀਵਾਦੀ ਗਰੁੱਪ ਰਾਸ਼ਟਰੀ ਸਵੈਸੇਵਕ ਸੰਘ ਦੀ ਜਾਣੀ-ਪਛਾਣੀ ਕਾਰਜਪ੍ਰਣਾਲ਼ੀ ਹੈ ਕਿ ਉਹ ਏਨੇ ਝੂਠ ਬੋਲਦਾ ਹੈ ਕਿ ਇਸਦਾ ਅਸਲੀ ਚਰਿਤਰ ਜਾਨਣਾ ਆਮ ਨਾਗਰਿਕ ਲਈ ਔਖਾ ਹੋ ਜਾਂਦਾ ਹੈ। ਜਾਤ-ਪਾਤ ਦੇ ਮਾਮਲੇ ਵਿੱਚ ਵੀ ਸੰਘ ਮੁਖੀ ਭਾਗਵਤ ਇਹੀ ਤਰਕੀਬ ਇਸਤੇਮਾਲ ਕਰ ਰਿਹਾ ਹੈ। ਭਾਵੇਂ ਸੰਘ ਮਨੂ ਸਿਮਰਤੀ ਦੀ ਵਿਚਾਰਧਾਰਾ ਦਾ ਹਾਮੀ ਹੈ, ਪਰ ਉਸ ਲਈ ਹਿੰਦੂ ਰਾਸ਼ਟਰ ਸਿਰਜਣ ਲਈ ਦਲਿਤਾਂ ਨੂੰ ਆਪਣੇ ਜਾਲ਼ ਵਿੱਚ ਫਸਾਉਣਾ ਲਾਜ਼ਮੀ ਹੋ ਗਿਆ। ਇਸ ਲਈ ਸੰਘ ਨੇ ਅਜ਼ਾਦੀ ਤੋਂ ਬਾਅਦ, ਖਾਸ ਕਰਕੇ ਅੱਸੀਵਿਆਂ ਵਿੱਚ ਆਕੇ, ਦਲਿਤਾਂ ਵਿੱਚ ਵੀ ਆਪਣਾ ਅਧਾਰ ਵਿਆਪਕ ਬਣਾਉਣ ਦੇ ਯਤਨਾਂ ਵਿੱਚ ਤੇਜ਼ੀ ਲਿਆਂਦੀ ਅਤੇ ਦਲਿਤਾਂ ਨੂੰ "ਹਿੰਦੂ ਪਛਾਣ" ਦੇ ਕੇ ਆਪਣੇ ਮਕਸਦ ਲਈ ਵਰਤਣਾ ਸ਼ੁਰੂ ਕੀਤਾ। ਇਸਦੀ ਇੱਕ ਮਿਸਾਲ 2002 ਵਿੱਚ ਗੁਜਰਾਤ ਵਿੱਚ ਹੋਇਆ ਮੁਸਲਮਾਨਾਂ ਦਾ ਕਤਲੇਆਮ ਹੈ ਜਿਸ ਵਿੱਚ ਦਲਿਤਾਂ ਨੂੰ ਭਗਵੇਂਵਾਦੀ ਗਿਰੋਹਾਂ ਨੇ ਵਰਤਿਆ ਹੈ।
ਸੰਘ ਦਾ ਮੁੱਢ ਆਪਣੇ ਤੋਂ ਪੂਰਵਵਰਤੀ ਹਿੰਦੂਵਾਦੀ ਜਥੇਬੰਦੀ ਹਿੰਦੂ ਮਹਾਂਸਭਾ ਵਿੱਚੋਂ ਬੱਝਿਆ। ਹਿੰਦੂ ਮਹਾਂਸਭਾ ਦੀ ਸਥਾਪਨਾ ਪਿਛਲੀ ਸਦੀ ਦੇ ਦੂਜੇ ਦਹਾਕੇ ਵਿੱਚ ਉਸ ਸਮੇਂ ਹੁੰਦੀ ਹੈ ਜਦੋਂ ਮੁਸਲਿਮ ਲੀਗ ਦੀ ਸਥਾਪਨਾ ਹੋ ਚੁੱਕੀ ਸੀ ਅਤੇ ਨਾਲ਼ ਹੀ ਦਲਿਤ ਅਬਾਦੀ ਸਦੀਆਂ ਤੋਂ ਜਾਰੀ ਮਨੂਵਾਦੀ ਦਾਬੇ ਖਿਲਾਫ਼ ਉੱਠਣ ਲੱਗੀ ਸੀ। ਹਿੰਦੂ ਮਹਾਂਸਭਾ ਦੀ ਸਥਾਪਨਾ ਹੀ ਮੁਸਲਿਮ-ਵਿਰੋਧ ਤੇ ਹਿੰਦੂ ਧਰਮ ਦੀ "ਰਾਖੀ", ਜਿਸ ਦਾ ਜਾਤਪਾਤ ਅਟੁੱਟ ਅੰਗ ਹੈ, ਲਈ ਹੋਈ ਸੀ ਅਤੇ ਇਸਦੇ ਪੋਸ਼ਕ ਧਨਾਢ ਉੱਚ-ਜਾਤੀ (ਬ੍ਰਾਹਮਣ, ਕਸ਼ਤਰੀ ਆਦਿ) ਨਾਲ਼ ਸਬੰਧਿਤ ਜਗੀਰਦਾਰ ਸਨ। ਸ਼ੁਰੂ ਵਿੱਚ ਇਸਦੇ ਸੰਸਥਾਪਕ ਮਦਨ ਮੋਹਨ ਮਾਲਵੀਆ ਤੇ ਲਾਲਾ ਲਾਜਪਤ ਰਾਏ ਜਿਹੇ ਲੋਕ ਸਨ ਪਰ ਬਾਅਦ ਸਾਵਰਕਾਰ ਜਿਹੇ ਕੱਟੜ ਭਗਵੇਂਵਾਦੀ ਵੀ ਇਸ ਨਾਲ਼ ਆ ਜੁੜੇ। ਇਸੇ ਹਿੰਦੂ ਮਹਾਂਸਭਾ ਵਿੱਚੋਂ ਗੁੜਤੀ ਪ੍ਰਾਪਤ ਕਰਕੇ ਨਿੱਕਲ਼ੇ ਡਾ. ਹੇਡਗੇਵਾਰ ਨੇ 1925 ਵਿੱਚ ਸੰਘ ਦੀ ਸਥਾਪਨਾ ਕੀਤੀ ਜਿਹੜਾ ਹਿੰਦੂ ਮਹਾਂਸਭਾ ਨਾਲ਼ੋਂ ਵਧੇਰੇ ਤੇਜ਼ੀ ਨਾਲ਼ ਫੈਲਿਆ। ਸੰਘ ਦੇ ਮੋਹਨ ਭਾਗਵਤ ਤੋਂ ਪਹਿਲੇ ਸਰਸੰਘਚਾਲਕ ਜਾਤਪਾਤ ਦਾ ਜ਼ੁਬਾਨੀ ਵਿਰੋਧ ਵੀ ਨਹੀਂ ਕਰਦੇ, ਸਗੋਂ ਇਹ ਤਾਂ ਇਸਨੂੰ ਉਚਿਆਉਂਦੇ ਹੈ, ਇਸਨੂੰ ਭਾਰਤੀ ਸਮਾਜ ਦੀ ਅਹਿਮ ਪ੍ਰਾਪਤੀ ਮੰਨਦੇ ਹਨ। ਸੰਘ ਦੇ ਸਰਸੰਘਚਾਲਕ ਗੁਰੂ ਗੋਲਵਲਕਰ ਦਾ ਕਹਿਣਾ ਸੀ ਕਿ ਭਾਰਤ ਨੂੰ ਸੰਵਿਧਾਨ ਦੀ ਲੋੜ ਹੀ ਨਹੀਂ ਸੀ, ਮਨੂੰਸਮ੍ਰਿਤੀ ਤੋਂ ਵਧੀਆ ਸੰਵਿਧਾਨ ਉਸ ਅਨੁਸਾਰ ਕੋਈ ਹੋਰ ਹੈ ਹੀ ਨਹੀਂ ਦੁਨੀਆਂ ਉੱਤੇ।
ਯਾਦ ਰਹੇ, ਮਨੂੰਸਮ੍ਰਿਤੀ ਜਾਤਪਾਤ ਨੂੰ ਉਤਸ਼ਾਹਿਤ ਕਰਨ ਵਾਲ਼ਾ ਗ੍ਰੰਥ ਹੈ ਤੇ ਇਹ ਜਾਤਪਾਤ ਨੂੰ ਦੈਵੀ ਪ੍ਰਬੰਧ ਵਜੋਂ ਸਥਾਪਤ ਕਰਦਾ ਹੈ। ਪਰ ਅੱਜ ਤੱਕ ਮੋਹਨ ਭਾਗਵਤ ਨੇ ਮਨੂਸਿਮਰਤੀ ਦੀ ਕੋਈ ਵਿਰੋਧਤਾ ਕੀਤੀ ਤੇ ਨਾ ਹੀ ਵੇਦਾਂ ਦੀ ਕੀਤੀ ਹੈ, ਜਿਸ ਵਿਚ ਜਾਤ ਪਾਤ ਨੂੰ ਉੱਚ ਸਥਾਨ ਦਿੱਤਾ ਗਿਆ ਹੈ। ਵੇਦ ਹੀ ਹਿੰਦੂ ਧਰਮ ਦਾ ਆਧਾਰ ਹਨ, ਜਿਸ ਨੂੰ ਆਰ ਐਸ ਐਸ ਰੱਦ ਨਹੀਂ ਕਰ ਸਕਦੀ, ਪਰ ਬਾਬਾ ਸਾਹਿਬ ਨੇ ਦਲਿਤਾਂ ਨੂੰ ਪ੍ਰੇਰਨਾ ਦਿੱਤੀ ਸੀ ਕਿ ਇਸ ਨੂੰ ਮੰਨਣ ਤੋਂ ਇਨਕਾਰ ਕਰੋ।
ਇਸ ਸਥਿਤੀ ਵਿਚ ਸੰਘ ਕਿੱਥੇ ਖਲੌਂਦਾ ਹੈ, ਇਹ ਇਹਨਾਂ ਲਈ ਧਰਮ ਸੰਕਟ ਦਾ ਮੱਸਲਾ ਹੈ। ਬਾਕੀ ਸੰਘ ਕਦੇ ਝੂਠ ਨਾ ਬੋਲੇ, ਇਤਿਹਾਸ ਨੂੰ ਤੋੜੇ-ਮਰੋੜੇ ਨਾ, ਅਜਿਹਾ ਸੰਭਵ ਨਹੀਂ ਹੈ। ਭਾਰਤੀ ਸੰਵਿਧਾਨ ਵਿਚ ਇਕ ਸ਼ਬਦ ਹਿੰਦੂ ਨਹੀਂ ਆਇਆ, ਸਗੋਂ ਵੰਨ ਸੁਵੰਨਤਾ ਤੇ ਵਖੋ ਵੱਖਰੇ ਸਭਿਆਚਾਰਾਂ ਉੱਪਰ ਜੋਰ ਦਿੱਤਾ ਹੈ।

## ਬਿਜਲੀ ਸੰਕਟ: ਪੰਜਾਬ ਦੇ ...

ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਦੀ ਕਾਰਵਾਈ ਦਾ ਬਾਈਕਾਟ ਕਰਦਿਆਂ ਮੰਗ ਕੀਤੀ ਕਿ ਪੰਜਾਬ ਸਿਰ ਮੜੇ ਗਏ ਇਨਾਂ ਸਮਝੌਤਿਆਂ ਨੂੰ ਰੱਦ ਕੀਤਾ ਜਾਵੇ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲੀਆਂ ਵੱਲੋਂ ਕੀਤੇ ਬਿਜਲੀ ਸਮਝੌਤਿਆਂ ਨੂੰ ਰੱਦ ਕਰਨ ਲਈ ਮਹਾਨ ਸਿਕੰਦਰ ਬਣਨ ਦੀ ਲੋੜ ਹੈ। ਉਨਾਂ ਕਿਹਾ ਕਿ ਸੂਬੇ ਦੇ ਲੋਕ ਰਾਹਤ ਚਾਹੁੰਦੇ ਹਨ ਅਤੇ ਜਿਨਾਂ ਨੇ ਗਲਤ ਸਮਝੌਤੇ ਕੀਤੇ ਸਨ, ਉਨਾਂ ਨੂੰ ਬੇਨਕਾਬ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਜਿਵੇਂ ਸਿਕੰਦਰ ਨੇ ਗੁੰਝਲਦਾਰ ਗੰਢ ਨੂੰ ਤਲਵਾਰ ਨਾਲ ਵੱਢ ਦਿਤਾ ਸੀ, ਉਸੇ ਤਰਾਂ ਕੈਪਟਨ ਨੂੰ ਬਿਜਲੀ ਸਮਝੌਤੇ ਤੋੜਨੇ ਚਾਹੀਦੇ ਹਨ।
ਪਾਵਰਕਾਮ ਨੂੰ ਜੋ ਬਾਹਰੋ ਬਿਜਲੀ ਸਸਤੀ ਮਿਲਦੀ ਹੈ, ਉਹ ਇਨਾਂ ਥਰਮਲਾਂ ਤੋਂ ਮਹਿੰਗੀ ਮਿਲ ਰਹੀ ਹੈ। ਪਾਵਰਕਾਮ ਮਾਲੀ ਵਰਾ 2013-14 ਤੋਂ ਨਵੰਬਰ 2019 ਤੱਕ ਪ੍ਰਾਈਵੇਟ ਥਰਮਲਾਂ ਤੋਂ 42,152 ਕਰੋੜ ਦੀ ਬਿਜਲੀ ਖਰੀਦ ਚੁੱਕਾ ਹੈ ਜਦਕਿ ਪਾਵਰਕਾਮ ਦੇ ਆਪਣੇ ਥਰਮਲਾਂ ਦੇ ਸਾਰੇ ਯੂਨਿਟ ਬੰਦ ਪਏ ਹਨ। ਪਿਛਲੇ ਵਰਿਆਂ ਦੌਰਾਨ ਪਾਵਰਕਾਮ ਨੇ ਇਨਾਂ ਪ੍ਰਾਈਵੇਟ ਥਰਮਲਾਂ ਨੂੰ 4183 ਕਰੋੜ ਰੁਪਏ ਬਿਨਾਂ ਬਿਜਲੀ ਲਏ ਵੀ ਖੜੇ ਥਰਮਲਾਂ ਦੇ ਤਾਰੇ ਹਨ। ਤੱਥ ਸਪੱਸ਼ਟ ਹਨ ਕਿ ਰਾਜਪੁਰਾ ਥਰਮਲ ਨੂੰ ਬਿਨਾਂ ਬਿਜਲੀ ਲਏ ਉਕਤ ਸਮੇਂ ਦੌਰਾਨ 1604 ਕਰੋੜ, ਤਲਵੰਡੀ ਸਾਬੋ ਥਰਮਲ ਪਲਾਂਟ ਨੂੰ 1968 ਕਰੋੜ ਅਤੇ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਨੂੰ 611 ਕਰੋੜ ਰੁਪਏ ਦਿੱਤੇ ਹਨ। ਸਮਝੌਤੇ ਪੰਜਾਬ ਪੱਖੀ ਹੁੰਦੇ ਤਾਂ ਇਹ 4183 ਕਰੋੜ ਬਚਾਏ ਜਾ ਸਕਦੇ ਹਨ ਜੋ ਕਿ ਪ੍ਰਾਈਵੇਟ ਕੰਪਨੀਆਂ ਦੀ ਝੋਲੀ ਪਏ ਹਨ। ਪੰਜਾਬ ਦੇ ਖਜ਼ਾਨੇ 'ਚੋਂ ਇਨਾਂ ਨਿਜੀ ਕੰਪਨੀਆਂ ਨੂੰ ਲੁਟਾਇਆ ਜਾ ਰਿਹਾ ਇਹ ਪੈਸਾ ਪੰਜਾਬ ਦੇ ਲੋਕਾਂ ਦਾ ਹੈ।
ਚਾਲੂ ਮਾਲੀ ਵਰੇ 'ਤੇ ਨਜ਼ਰ ਮਾਰੀਏ ਤਾਂ ਪਾਵਰਕਾਮ ਨੂੰ ਬਾਹਰੋਂ ਬਿਜਲੀ 4.50 ਰੁਪਏ ਪ੍ਰਤੀ ਯੂਨਿਟ ਮਿਲ ਰਹੀ ਹੈ ਜਦੋਂ ਕਿ ਗੋਇੰਦਵਾਲ ਥਰਮਲ ਤੋਂ ਇਹੋ ਬਿਜਲੀ ਪ੍ਰਤੀ ਯੂਨਿਟ 9.37 ਰੁਪਏ ਮਿਲ ਰਹੀ ਹੈ। ਇਵੇਂ ਤਲਵੰਡੀ ਸਾਬੋ ਥਰਮਲ ਤੋਂ ਪ੍ਰਤੀ ਯੂਨਿਟ 5.04 ਰੁਪਏ ਮਿਲ ਰਹੀ ਹੈ। ਲੰਘੇ ਮਾਲੀ ਸਾਲ ਦੌਰਾਨ ਪਾਵਰਕਾਮ ਨੂੰ ਬਾਹਰੋਂ ਬਿਜਲੀ 4.31 ਰੁਪਏ ਪ੍ਰਤੀ ਯੂਨਿਟ ਮਿਲਦੀ ਸੀ ਜਦੋਂ ਕਿ ਗੋਇੰਦਵਾਲ ਥਰਮਲ ਤੋਂ 6.63 ਰੁਪਏ ਪ੍ਰਤੀ ਯੂਨਿਟ, ਤਲਵੰਡੀ ਥਰਮਲ ਤੋਂ 4.99 ਰੁਪਏ ਅਤੇ ਰਾਜਪੁਰਾ ਥਰਮਲ ਤੋਂ 4.67 ਰੁਪਏ ਪ੍ਰਤੀ ਯੂਨਿਟ ਮਿਲੀ। ਪ੍ਰਾਈਵੇਟ ਥਰਮਲਾਂ ਨੂੰ ਮੌਜਾਂ ਹੀ ਮੌਜਾਂ ਹਨ।
ਜਦਕਿ ਜੇ ਪੰਜਾਬ ਸਰਕਾਰ ਦੇ ਆਪਣੇ ਸਰਕਾਰੀ ਥਰਮਲਾਂ ਦੀ ਗੱਲ ਕਰੀਏ ਤਾਂ ਕੈਪਟਨ ਸਰਕਾਰ ਨੇ ਬਠਿੰਡਾ ਥਰਮਲ ਨੂੰ ਤਾਂ ਪੱਕੇ ਤੌਰ 'ਤੇ ਬੰਦ ਹੀ ਕਰ ਦਿੱਤਾ ਹੈ। ਮੋਟੇ ਅੰਦਾਜੇ ਅਨੁਸਾਰ ਪੰਜਾਬ 'ਚ ਗਰਮੀਆਂ 'ਚ ਵੱਧ ਤੋਂ ਵੱਧ ਬਿਜਲੀ ਦੀ ਮੰਗ 14 ਹਜ਼ਾਰ ਮੈਗਾਵਾਟ ਅਤੇ ਸਰਦੀਆਂ ਵਿਚ ਪੰਜ ਤੋਂ ਛੇ ਹਜ਼ਾਰ ਮੈਗਾਵਾਟ ਰਹਿ ਜਾਂਦੀ ਹੈ। ਤਿੰਨ ਮਹੀਨੇ ਜਿਆਦਾ ਮੰਗ ਰਹਿੰਦੀ ਹੈ ਜਦੋਂ ਕਿ ਬਿਜਲੀ ਸਮਝੌਤੇ ਪੂਰੇ ਸਾਲ ਲਈ ਹੋਏ ਹਨ। ਸੁਪਰੀਮ ਕੋਰਟ ਤਰਫੋਂ ਜੋ ਪ੍ਰਾਈਵੇਟ ਥਰਮਲਾਂ ਦੇ ਪੱਖ 'ਚ ਫੈਸਲਾ ਆਇਆ ਹੈ, ਉਸ ਮੁਤਾਬਿਕ ਪਾਵਰਕਾਮ ਹੁਣ ਤੱਕ 1815 ਕਰੋੜ ਰੁਪਏ ਦੋ ਥਰਮਲਾਂ ਨੂੰ ਤਾਰ ਚੁੱਕਾ ਹੈ ਜਦੋਂ ਕਿ 1320 ਕਰੋੜ ਰੁਪਏ ਹੋਰ ਦੇਣ ਪੈਣਗੇ।ਨਵੇਂ ਫੈਸਲੇ ਦਾ ਅਸਰ ਆਉਂਦੇ ਵਰਿਆਂ ਵਿਚ ਵੀ ਪਵੇਗਾ। ਪਾਵਰਕਾਮ ਨੂੰ ਹਰ ਵਰੇ 450 ਕਰੋੜ ਰੁਪਏ ਪ੍ਰਾਈਵੇਟ ਥਰਮਲਾਂ ਨੂੰ ਕੋਲਾ ਧੁਲਾਈ ਤੇ ਟਰਾਂਸਪੋਰਟ ਦੇ ਦੇਣੇ ਪੈਣਗੇ। ਹਰ ਵਰੇ ਇਸ 'ਚ ਪੰਜ ਫੀਸਦੀ ਵਾਧਾ ਹੁੰਦਾ ਰਹੇਗਾ। ਪੂਰੇ ਵੀਹ ਸਾਲ ਏਦਾਂ ਹੀ ਚੱਲਦਾ ਰਹੇਗਾ।

ਹੁਣ ਪੰਜਾਬ ਸਰਕਾਰ ਨੇ ਬਠਿੰਡਾ ਥਰਮਲ ਵਿੱਚੋਂ ਅਸਾਮੀਆਂ ਤਬਦੀਲ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ ਜਿਸ ਨਾਲ ਜਿਹੜੀ ਕੋਈ ਥੋੜੀ ਆਸ ਸੀ ਕਿ ਇਸ ਸਰਕਾਰੀ ਥਰਮਲ ਦੀ ਹੋਂਦ ਬਚ ਸਕਦੀ ਹੈ ਉਹ ਖਤਮ ਹੋ ਗਈ ਲਗਦੀ ਹੈ। ਥਰਮਲ ਦੇ ਕੋਲਾ ਪਲਾਂਟ ਨੂੰ ਸਕਰੈਪ ਵਿਚ ਵੇਚਣਾ ਸ਼ੁਰੂ ਕਰ ਦਿੱਤਾ ਹੈ ਅਤੇ ਉਹ ਦਿਨ ਵੀ ਦੂਰ ਨਹੀਂ ਜਦੋਂ ਥਰਮਲ ਦੀਆਂ ਚਿਮਨੀਆਂ ਨੂੰ ਵੀ ਹੱਥ ਪਾਇਆ ਜਾਵੇਗਾ। ਵੇਰਵਿਆਂ ਅਨੁਸਾਰ ਬਠਿੰਡਾ ਥਰਮਲ ਵਿਚ ਹੁਣ ਸਿਰਫ਼ 160 ਅਸਾਮੀਆਂ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਪਾਵਰਕਾਮ ਨੇ 20 ਦਸੰਬਰ ਤੋਂ ਲੈ ਕੇ ਹੁਣ ਤੱਕ 160 ਅਸਾਮੀਆਂ ਜਿਵੇਂ ਜੇ.ਈ, ਏ.ਐੱਲ. ਐੱਮ, ਲਾਈਨਮੈਨ, ਦਰਜਾ ਚਾਰ ਮੁਲਾਜ਼ਮ ਆਦਿ ਨੂੰ ਲਹਿਰਾ ਮੁਹੱਬਤ ਥਰਮਲ ਪਲਾਂਟ ਅਤੇ ਪੱਛਮੀ ਜ਼ੋਨ ਦੇ ਮੁੱਖ ਇੰਜਨੀਅਰ ਦੇ ਦਫਤਰ ਵਿਚ ਤਬਦੀਲ ਕਰ ਦਿੱਤਾ ਹੈ। ਪਾਵਰਕਾਮ ਆਏ ਦਿਨ ਬਠਿੰਡਾ ਥਰਮਲ 'ਚੋਂ ਮੁਲਾਜ਼ਮਾਂ ਦੇ ਤਬਾਦਲੇ ਕਰ ਰਿਹਾ ਹੈ। ਲੰਘੇ ਇੱਕ ਹਫ਼ਤੇ ਵਿਚ 45 ਮੁਲਾਜ਼ਮ ਲਹਿਰਾ ਮੁਹੱਬਤ ਭੇਜ ਦਿੱਤੇ ਗਏ ਹਨ। ਇਨਾਂ ਵਿਚ ਜ਼ਿਆਦਾਤਰ ਗੈਰ-ਹੁਨਰਮੰਦ ਕਾਮੇ ਹਨ। ਦਰਜਾ ਚਾਰ ਮੁਲਾਜ਼ਮ ਵੀ ਕਈ ਹਨ। ਬਠਿੰਡਾ ਥਰਮਲ ਦੀ ਰਿਹਾਇਸ਼ੀ ਕਲੋਨੀ ਦਾ ਚਾਰਜ ਵੀ ਹੁਣ ਪੱਛਮੀ ਜ਼ੋਨ ਦੇ ਮੁੱਖ ਇੰਜਨੀਅਰ ਨੂੰ ਦੇਣ ਬਾਰੇ ਵਿਚਾਰ ਹੋ ਰਿਹਾ ਹੈ। ਥਰਮਲ ਦੇ ਦੋ ਯੂਨਿਟਾਂ ਨੂੰ ਪਹਿਲਾਂ ਹੀ ਵਿਕਰੀ 'ਤੇ ਲਾ ਦਿੱਤਾ ਗਿਆ ਸੀ ਪ੍ਰੰਤੂ ਉਸ ਲਈ ਕੇਵਲ ਇੱਕ ਕਬਾੜੀਏ ਨੇ ਦਿਲਚਸਪੀ ਦਿਖਾਈ। ਪਾਵਰਕਾਮ ਹੁਣ ਚਾਰੇ ਯੂਨਿਟਾਂ ਨੂੰ ਵਿਕਰੀ 'ਤੇ ਲਾਏਗੀ, ਜਿਸ ਵਾਸਤੇ ਮੁੜ ਟੈਂਡਰ ਕੀਤੇ ਜਾਣੇ ਹਨ। ਉਸ ਤੋਂ ਪਹਿਲਾਂ ਕੋਲਾ ਪਲਾਂਟ ਦਾ ਕਰੀਬ 500 ਟਨ ਸਕਰੈਪ ਪ੍ਰਾਈਵੇਟ ਠੇਕੇਦਾਰ ਨੂੰ ਦੇ ਦਿੱਤਾ ਗਿਆ ਹੈ। ਚਾਰ ਬੁਆਇਲਰਾਂ ਨੂੰ ਵੇਚਣ ਦਾ ਕੰਮ ਵੀ ਪ੍ਰਕਿਰਿਆ ਅਧੀਨ ਹੈ। ਇਵੇਂ ਹੀ ਵੱਡੇ ਟਰਾਂਸਫਾਰਮਰ ਪਹਿਲਾਂ ਹੀ ਵੇਚੇ ਜਾ ਚੁੱਕੇ ਹਨ।

ਇਸ ਸਾਰੇ ਰੌਲੇ ਰੱਪੇ 'ਚ ਅੱਜ ਵੀ ਪੰਜਾਬ ਦੇ ਦਰਿਆਈ ਪਾਣੀ 'ਤੇ ਲੱਗੇ ਊਰਜਾ ਦੇ ਵੱਡੇ ਅਤੇ ਕੁਦਰਤ ਪੱਖੀ ਸਰੋਤ ਪਣ-ਬਿਜਲੀ ਪ੍ਰੋਜੈਕਟਾਂ ਦਾ ਪੂਰਨ ਪ੍ਰਬੰਧ ਪੰਜਾਬ ਨੂੰ ਦਵਾਉਣ ਦੀ ਕੋਈ ਗੱਲ ਨਹੀਂ ਕਰ ਰਿਹਾ। ਬਲਕਿ ਇਨਾਂ ਪ੍ਰੋਜੈਕਟਾਂ 'ਤੇ ਕਾਬਜ ਭਾਰਤ ਸਰਕਾਰ ਦੀ ਏਜੰਸੀ ਬੀਬੀਐਮਬੀ ਵਿਚੋਂ ਪੰਜਾਬ ਦਾ ਦਾਅਵਾ ਲਗਾਤਾਰ ਖੁਰ ਰਿਹਾ ਹੈ।

## ਡੀਐਸਪੀ ਦਵਿੰਦਰ ਸਿੰਘ ਦੇ...

ਪਰ ਖੁਫੀਆ ਏਜੰਸੀਆਂ ਤੋਂ ਇਸ ਤਰਾਂ ਦੇ ਕੰਮ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਮਿਸਾਲ ਦੇ ਤੌਰ 'ਤੇ ਇਜਰਾਇਲ ਦੇ ਮੋਸਾਦ ਨੂੰ ਦੇਖੋ। ਮੋਸਾਦ ਵਿਚ ਟੈਥਮੈਨ ਸਟੇਟਜੀ ਦਾ ਪਾਲਣ ਕੀਤਾ ਜਾਂਦਾ ਹੈ। ਅਰਥਾਤ ਏਜੰਸੀ ਵਿਚ 9 ਲੋਕ ਕਿਸੇ ਇਕ ਕਹਾਣੀ 'ਤੇ ਵਿਸ਼ਵਾਸ ਕਰ ਰਹੇ ਹਨ ਤਾਂ ਇਹ ਦਸਵੇਂ ਵਿਅਕਤੀ ਦਾ ਫਰਜ਼ ਹੈ ਕਿ ਉਹ ਕੋਸ਼ਿਸ ਕਰੇ ਕਿ ਉਹ ਇਸ ਨੂੰ ਗਲਤ ਸਾਬਤ ਕਰੇ। ਹੁਣ ਜਦ ਕਸ਼ਮੀਰ ਦੀ ਐਸਟੀਐਫ ਭ੍ਰਿਸ਼ਟ ਹੋਣ ਦੀ ਸੂਚਨਾ ਹੈ ਤਾਂ ਅਜਿਹੀ ਸਥਿਤੀ ਵਿਚ ਭਾਰਤੀ ਖੁਫੀਆ ਏਜੰਸੀ ਵਿਚੋਂ ਕਿਸੇ ਨੂੰ ਖੜੇ ਹੋ ਕੇ ਇਸ ਦੇ ਖਿਲਾਫ਼ ਬੋਲਣਾ ਚਾਹੀਦਾ ਸੀ, ਕਿਉਂਕਿ ਦਵਿੰਦਰ ਸਿੰਘ ਦੇ ਬਾਰੇ ਅਫਜ਼ਲ ਨੇ ਖਤਰਨਾਕ ਗੱਲਾਂ ਕਹੀਆਂ ਹਨ ਤੇ ਉਸ ਨੂੰ ਜਾਚਣਾ ਚਾਹੀਦਾ ਸੀ। ਦੁੱਖ ਦੀ ਗੱਲ ਹੈ ਕਿਸੇ ਨੇ ਕੁਝ ਨਹੀਂ ਕੀਤਾ। ਦੇਸ਼ ਦੀ ਰਾਜਧਾਨੀ ਵਿਚ ਹੋਏ ਹਮਲੇ ਨੂੰ ਏਨੇ ਹਲਕੇ ਪੱਧਰ 'ਤੇ ਲਿਆ ਗਿਆ ਕਿਉਂ? ਦਵਿੰਦਰ ਸਿੰਘ ਦੇ ਬਾਕੀ ਕਈ ਐਸਟੀਐਫ ਕਰਮਚਾਰੀਆਂ ਦੀ ਤਰਾਂ ਕਾਫੀ ਸੰਪਤੀ ਜਮਾ ਕਰਨ 'ਤੇ ਉਸ 'ਤੇ ਸ਼ੱਕ ਕੀਤਾ ਜਾਣਾ ਚਾਹੀਦਾ ਸੀ। ਪਰ ਉਸ ਨੂੰ ਵਾਰ-ਵਾਰ ਪ੍ਰਮੋਸ਼ਨ ਕਿਉਂ ਦਿੱਤੀ ਗਈ?ਜਦ ਉਸ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਤਾਂ ਉਸ ਨੂੰ ਕਿਨਾਰੇ ਕਿਉਂ ਨਹੀਂ ਕੀਤਾ ਗਿਆ। ਉਸ ਨੂੰ ਸੰਵੇਦਨਸ਼ੀਲ ਥਾਵਾਂ 'ਤੇ ਕਿਉਂ ਤੈਨਾਤ ਕੀਤਾ ਗਿਆ। ਪਹਿਲਾ ਪੁਲਵਾਮਾ ਤੇ ਫਿਰ ਸ੍ਰੀਨਗਰ ਏਅਰਪੋਰਟ। ਹੈਰਾਨੀ ਦੀ ਗੱਲ ਇਹ ਹੈ ਕਿ ਹਾਲੀਆ ਦਿਨੀਂ ਜਦੋਂ 17 ਦੇਸ਼ਾਂ ਦੇ ਡਿਪਲੋਮੇਟਾਂ ਨੂੰ ਕਸ਼ਮੀਰ ਘਾਟੀ ਦੇ ਦੌਰੇ ਉੱਤੇ ਲਿਜਾਇਆ ਗਿਆ ਤਾਂ ਦਵਿੰਦਰ ਦੀ ਡਿਊਟੀ ਏਅਰਪੋਰਟ ਉੱਤੇ ਲੱਗੀ ਹੋਈ ਸੀ, ਅਜਿਹਾ ਕਿਉਂ? ਦਵਿੰਦਰ ਦਿੱਲੀ ਆਉਣ ਵਿਚ ਨਵੀਦ ਦੀ ਮਦਦ ਕਿਉਂ ਕਰ ਰਿਹਾ ਸੀ? ਉਹ ਗੁਣਤੰਤਰਤਾ ਦਿਵਸ ਤੇ ਵਿਧਾਨ ਸਭਾ ਚੋਣ ਤੋਂ ਐਨ ਪਹਿਲਾਂ। ਅਸੀਂ ਨਹੀਂ ਮੰਨਦੇ ਕਿ 12 ਲੱਖ ਰੁਪਏ ਮਿਲਣ ਦੀ ਗੱਲ ਭਰੋਸੇ ਲਾਇਕ ਹੈ। ਨਵੀਦ ਦੇ ਤਾਂ 20 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਡੀਐਸਪੀ ਤਾਂ ਉਸ ਨੂੰ ਗ੍ਰਿਫ਼ਤਾਰ ਕਰਵਾ ਕੇ ਵੀ ਏਨੀ ਵੱਡੀ ਰਕਮ ਲੈ ਸਕਦਾ ਸੀ ਤੇ ਉਸ ਨੇ 12 ਲੱਖ ਰੁਪਏ ਦੇ ਬਦਲੇ ਜਿਹਾਦੀਆਂ ਦੀ ਮਦਦ ਕਿਉਂ ਕੀਤੀ? ਇਸ ਪਿੱਛੇ ਕੋਈ ਨਾ ਕੋਈ ਗੁਪਤ ਅਪਰੇਸ਼ਨ ਸੀ। ਇਸ ਦੀ ਡੂੰਘੀ ਜਾਂਚ ਦੀ ਲੋੜ ਹੈ।

## ਦਿੱਲੀ ਵਿੱਚ ਸਿੱਖ ਰਾਜਨੀਤੀ...

ਬਾਦਲ ਦਲ ਨੇ ਸਿੱਖ ਰਾਜਨੀਤੀ 'ਤੇ ਕਬਜ਼ਾ ਕਰਕੇ ਉਸ ਨੂੰ ਭਾਜਪਾ ਸਹਾਰੇ ਛੱਡ ਦਿੱਤਾ ਤੇ ਹੁਣ ਭਾਜਪਾ ਦਾ ਸਹਾਰਾ ਛੁੱਟਣ ਮਗਰੋਂ ਬਾਦਲ ਦਲ ਇਕੱਲਿਆਂ ਚੋਣਾਂ ਲੜਨ ਦੀ ਹਿੰਮਤ ਨਹੀਂ ਕਰ ਰਿਹਾ।

ਸਿੱਖ ਰਾਜਨੀਤੀ 'ਚ ਸ਼੍ਰੋਮਣੀ ਅਕਾਲੀ ਦਲ ਦੀ ਭਰੋਸੇਯੋਗਤਾ ਖਤਮ ਹੋਣ ਨਾਲ ਪੈਦਾ ਹੋ ਰਹੇ ਖਲਾਅ 'ਚ ਜਿਹੜੇ ਬਦਲਵੇਂ ਚਿਹਰੇ ਉੱਭਰ ਰਹੇ ਹਨ ਉਹ ਵੀ ਇਸ ਸਾਰੇ ਨਿਘਾਰ ਦੇ ਬਰਾਬਰ ਹਿੱਸੇਦਾਰ ਰਹੇ ਹਨ। ਸਿੱਖ ਰਾਜਨੀਤੀ ਨੂੰ ਨਵੇਂ ਸਿਰਿਓਂ ਉਸਾਰਨ ਲਈ ਅਤੇ ਸਿੱਖ ਰਾਜਨੀਤੀ ਦੇ ਸਿਧਾਂਤਕ ਨਿਸ਼ਾਨੇ ਮਿੱਥ ਕੇ ਕਾਰਜਸ਼ੀਲ ਹੋਣ ਲਈ ਜ਼ਮੀਨ ਬੱਤਰ ਹੈ ਪਰ ਨਵੇਂ ਹਾਲੀਆਂ ਦੀ ਪੰਜਾਬ ਦੀ ਭੋਇੰ ਦੀ ਉਡੀਕ ਕਦੋਂ ਖਤਮ ਹੋਵੇਗੀ ਇਹ ਸਮੇਂ ਦੀ ਕੁੱਖ ਦਾ ਸੱਚ ਹੈ।

## ਸ਼੍ਰੋਮਣੀ ਅਕਾਲੀ ਦਲ ਧਰਮ ਸੰਕਟ 'ਚ

ਦਿੱਲੀ ਦੇ ਕਾਂਸਟੀਚਿਊਸ਼ਨ ਕਲੱਬ ਦੇ ਮਾਵਲੰਕਰ ਹਾਲ ਵਿਖੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਹੋਏ ਇਸ ਪ੍ਰੋਗਰਾਮ ਵਿਚ ਇਕ 7 ਨੁਕਾਤੀ ਮਤਾ ਵੀ ਪਾਸ ਕੀਤਾ ਗਿਆ, ਜਿਸ ਵਿਚ ਮੁੱਖ ਤੌਰ 'ਤੇ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸੀ ਗਲਬੇ ਤੋਂ ਆਜ਼ਾਦ ਕਰਵਾਉਣ ਲਈ ਸੰਘਰਸ਼ ਕਰਨ ਦੀ ਆਵਾਜ਼ ਉਠਾਉਣ ਦਾ ਅਹਿਦ ਕੀਤਾ ਗਿਆ। ਕਿਸੇ ਵੇਲੇ ਵੱਖ-ਵੱਖ ਵਿਚਾਰਧਾਰਾਵਾਂ ਨੂੰ ਲੈ ਕੇ ਇਕ ਦੂਜੇ ਦੇ ਸਿਆਸੀ ਵਿਰੋਧੀ ਰਹਿ ਚੁੱਕੇ ਮਨਜੀਤ ਸਿੰਘ ਜੀਕੇ ਤੇ ਪਰਮਜੀਤ ਸਿੰਘ ਸਰਨਾ ਭਰਾਵਾਂ ਨੇ ਇਕੋ ਮੰਚ ਸਾਂਝਾ ਕੀਤਾ। ਇਸ ਪ੍ਰੋਗਰਾਮ ਵਿਚ ਆਗੂਆਂ ਦੇ ਇਕੱਠ ਨੇ ਪਾਰਟੀ ਦੀ ਅਜੋਕੀ ਹਾਲਤ ਲਈ ਜਿਥੇ ਮੁੱਖ ਤੌਰ 'ਤੇ ਸੁਖਬੀਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ, ਉਥੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੁਖਬੀਰ ਦੇ ਰਵੱਈਏ 'ਤੇ ਘੇਸਲ ਵੱਟਣ ਲਈ ਕਸੂਰਵਾਰ ਦੱਸਿਆ। ਇਸ ਕਾਨਫਰੰਸ ਵਿਚ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਰਵੀਇੰਦਰ ਸਿੰਘ, ਸੇਵਾ ਸਿੰਘ ਸੇਖਵਾਂ, ਬਲਵੰਤ ਸਿੰਘ ਰਾਮੂਵਾਲੀਆ, ਪਰਮਜੀਤ ਸਿੰਘ ਸਰਨਾ, ਪਰਮਿੰਦਰ ਸਿੰਘ ਢੀਂਡਸਾ, ਬੀਰਦਵਿੰਦਰ ਸਿੰਘ, ਬਾਬਾ ਬਲਜੀਤ ਸਿੰਘ ਦਾਦੂਵਾਲ ਆਦਿ ਸ਼ਾਮਲ ਸਨ।

ਬਾਦਲ ਦਲ ਨੂੰ ਆਪਣੇ ਗੱਠਜੋੜ ਵਾਲੀ ਪਾਰਟੀ ਭਾਜਪਾ ਵਲੋਂ ਚੁਣੌਤੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਭਾਜਪਾ ਆਗੂਆਂ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਤੋਂ ਸੀਟਾਂ ਦਾ ਵੱਡਾ ਹਿੱਸਾ ਮੰਗਣ ਦੀ ਵਕਾਲਤ ਕੀਤੀ ਹੈ। ਸਾਬਕਾ ਸੂਬਾਈ ਪ੍ਰਧਾਨ ਮਦਨ ਮੋਹਣ ਮਿੱਤਲ ਨੇ ਤਾਂ ਇਸ ਤੋਂ ਵੀ ਹੋਰ ਅੱਗੇ ਜਾਂਦਿਆਂ ਕਿਹਾ ਕਿ ਭਾਜਪਾ ਨੂੰ 59 ਸੀਟਾਂ 'ਤੇ ਚੋਣ ਲੜਨੀ ਚਾਹੀਦੀ ਹੈ। ਭਾਜਪਾ ਹੁਣ ਨਹੁੰ-ਮਾਸ ਦੇ ਰਿਸ਼ਤੇ ਨੂੰ ਤੋੜਨ ਲਈ ਸੈਨਤਾਂ ਮਾਰ ਰਹੀ ਹੈ। ਜੇਕਰ ਦੋਵਾਂ ਦੇ ਰਿਸ਼ਤੇ ਦੀ ਗੱਲ ਕਰੀਏ ਤਾਂ ਅਕਾਲੀ ਦਲ ਨੇ 1996 ਵਿਚ ਭਾਜਪਾ ਨੂੰ ਉਸ ਵੇਲੇ ਬਿਨਾਂ ਸ਼ਰਤ ਸਮਰਥਨ ਦਿੱਤਾ ਸੀ ਜਦੋਂ ਭਾਜਪਾ ਨਾਲ ਕੋਈ ਵੀ ਪਾਰਟੀ ਗੱਠਜੋੜ ਕਰਨ ਲਈ ਤਿਆਰ ਨਹੀਂ ਸੀ। ਫਿਰ ਸੂਬੇ ਵਿਚ ਫਰਵਰੀ 1997 ਤੇ 2007 ਵਿਚ ਸਰਕਾਰ ਬਣਾਈ ਸੀ। ਰਾਜਸੀ ਮਾਹਿਰ ਮਿੱਤਲ ਦੇ ਇਸ ਬਿਆਨ ਦੇ ਇਹ ਅਰਥ ਕੱਢ ਰਹੇ ਹਨ ਕਿ ਭਾਜਪਾ ਇਕੱਲਿਆਂ ਹੀ ਚੋਣ ਲੜਨ ਦਾ ਸੰਕੇਤ ਦੇ ਰਹੀ ਹੈ। ਭਾਜਪਾ ਦੇ ਅਹੁਦਾ ਛੱਡਣ ਵਾਲੇ ਸੂਬਾ ਪ੍ਰਧਾਨ ਸ਼ਵੇਤ ਮਲਿਕ ਕਹਿ ਚੁੱਕੇ ਹਨ ਕਿ ਭਵਿੱਖ ਵਿਚ ਭਾਜਪਾ ਦਾ ਮੁੱਖ ਮੰਤਰੀ ਵੀ ਹੋ ਸਕਦਾ ਹੈ। ਸਾਬਕਾ ਮੰਤਰੀ ਮਾਸਟਰ ਮੋਹਨ ਲਾਲ ਅਤੇ ਸਾਬਕਾ ਸੂਬਾ ਪ੍ਰਧਾਨ ਰਾਜਿੰਦਰ ਭੰਡਾਰੀ ਨੇ ਕਿਹਾ ਕਿ ਭਾਜਪਾ ਨੂੰ ਹੁਣ ਵੱਡੇ ਭਰਾ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਪੰਜਾਬ ਦੇ ਭਾਜਪਾ ਆਗੂ ਪਾਰਟੀ ਦੀ ਹਾਈ ਕਮਾਨ ਕੋਲ ਕਈ ਵਾਰ ਇਸ ਗੱਲ ਦੀ ਚਰਚਾ ਕਰ ਚੁੱਕੇ ਹਨ ਕਿ ਬਾਦਲ ਦਲ ਦੀ ਪੰਜਾਬ ਵਿਚ ਸਥਿਤੀ ਪਹਿਲਾਂ ਵਰਗੀ ਨਹੀਂ ਰਹੀ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਬਾਦਲ ਦਲ ਦੇ ਹੋ ਰਹੇ ਵਿਰੋਧ ਅਤੇ 2017 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਅਤੇ 2019 ਦੀਆਂ ਲੋਕਾਂ ਸਭਾ ਚੋਣਾਂ ਦੌਰਾਨ ਪਾਰਟੀ ਦੀ ਹੋਈ ਹਾਰ ਦਾ ਅਸਰ ਭਾਜਪਾ 'ਤੇ ਵੀ ਪੈ ਰਿਹਾ ਹੈ। ਇਸ ਲਈ ਭਾਜਪਾ ਬਾਦਲ ਦਲ ਤੋਂ ਪੈਰ ਖਿੱਚ ਰਹੀ ਹੈ। ਹਾਲਾਂਕਿ ਪਿਛਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ (ਬਾਦਲ) ਨੂੰ 15 ਤੇ ਭਾਜਪਾ ਨੂੰ 3 ਸੀਟਾਂ ਹੀ ਮਿਲੀਆਂ ਸਨ। ਸੂਬੇ ਦੇ ਕੁਝ ਆਗੂਆਂ ਨੇ ਅਕਾਲੀ ਦਲ ਨਾਲੋਂ ਵੱਖ ਹੋਣ ਦੀ ਮੰਗ 2017 ਦੀਆਂ ਚੋਣਾਂ ਤੋਂ ਪਹਿਲਾਂ ਵੀ ਕੀਤੀ ਸੀ ਪਰ ਪਾਰਟੀ ਦੇ ਸੀਨੀਅਰ ਆਗੂਆਂ ਨੇ ਇਨਕਾਰ ਕਰ ਦਿੱਤਾ ਸੀ। ਇਨਾਂ ਲੀਡਰਾਂ ਵਿਚ ਅਰੁਣ ਜੇਤਲੀ ਮੋਢੀ ਸਨ ਪਰ ਹੁਣ ਹਾਲਾਤ ਬਦਲ ਰਹੇ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਨਵੇਂ ਕੌਮੀ ਪ੍ਰਧਾਨ ਜੇਪੀ ਨੱਡਾ ਇਸ ਬਾਰੇ ਕੀ ਫ਼ੈਸਲਾ ਲੈਂਦੇ ਹਨ। ਪਰ ਭਾਜਪਾ ਆਗੂਆਂ ਦੀ ਬਿਆਨਬਾਜ਼ੀ ਸਦਕਾ ਦੋਵਾਂ ਪਾਰਟੀਆਂ ਦੇ ਵਰਕਰਾਂ ਵਿਚ ਦੂਰੀ ਵਧਣੀ ਤੈਅ ਹੈ। ਜੇ ਭਾਜਪਾ ਪੰਜਾਬ ਵਿਚ ਅਕਾਲੀ ਦਲ ਤੋਂ ਵੱਖ ਹੁੰਦੀ ਹੈ ਤਾਂ ਸੂਬੇ ਦੀ ਰਾਜਨੀਤੀ ਦੀ ਤਸਵੀਰ ਬਦਲੇਗੀ।

## ਅੰਮ੍ਰਿਤਸਰ ਰੇਲਵੇ ਸਟੇਸ਼ਨ...

ਉਨਾਂ ਅਨੁਸਾਰ ਅੰਮ੍ਰਿਤਸਰ ਵਿਚ ਸਿੱਖ ਤੇ ਪੰਜਾਬੀ ਵਿਰਸੇ ਦੀ ਅਮੀਰ ਵਿਰਾਸਤ ਮੌਜੂਦ ਹੈ ਅਤੇ ਉਹ ਡਿਜ਼ਾਈਨ ਦੇ ਬਾਹਰੀ ਪੱਖ ਤੋਂ ਹੀ ਝਲਕਣੀ ਚਾਹੀਦੀ ਹੈ। ਇੰਟਰਨੈਸ਼ਨਲ ਕੌਂਸਿਲ ਆਫ਼ ਮਾਨੂੰਮੈਂਟਸ ਐਂਡ ਸਾਈਟਸ, ਜਿਹੜੀ ਕਿ ਦੁਨੀਆਂ ਦੀਆਂ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਤੇ ਸੁਰੱਖਿਆ ਦੇ ਖੇਤਰ ਵਿਚ ਕੰਮ ਕਰਨ ਵਾਲੀ ਅੰਤਰਰਾਸ਼ਟਰੀ ਸੰਸਥਾ ਹੈ, ਦੇ ਇੰਡੀਆ ਚੈਪਟਰ ਦੀ ਮੁਖੀ ਪ੍ਰੋਫ਼ੈਸਰ ਕਿਰਨ ਜੋਸ਼ੀ ਨੇ ਕਿਹਾ ਹੈ ਕਿ ਸਿੱਖ ਇਮਾਰਤਸਾਜ਼ੀ ਵਿਚ ਕਮਲ ਦੇ ਫੁੱਲ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਨਹੀਂ ਹੈ।

ਪ੍ਰੋ. ਜੋਸ਼ੀ, ਜੋ ਇਮਾਰਤਸਾਜ਼ੀ ਦਾ ਇਤਿਹਾਸ ਪੜਾਉਂਦੇ ਰਹੇ ਹਨ, ਅਨੁਸਾਰ ਉਨਾਂ ਨੇ ਪੰਜਾਬ ਅਤੇ ਸਿੱਖ ਵਿਰਾਸਤ ਨਾਲ ਸਬੰਧਤ ਕਈ ਅਧਿਐਨ ਕੀਤੇ ਅਤੇ ਕਰਵਾਏ ਹਨ ਅਤੇ ਉਨਾਂ ਅਨੁਸਾਰ ਉਨਾਂ ਨੂੰ ਕਿਤੇ ਵੀ ਕਮਲ ਦੇ ਫੁੱਲ ਦੇ ਬਿੰਬ ਦੀ ਪ੍ਰਮੁੱਖ ਪਰੰਪਰਾ ਵੇਖਣ ਨੂੰ ਨਹੀਂ ਮਿਲੀ। ਉਨਾਂ ਅਨੁਸਾਰ ਸਾਰੀ ਦੁਨੀਆਂ ਦੇ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਹਨ ਅਤੇ ਰੇਲਵੇ ਸਟੇਸ਼ਨ ਜਾਂ ਹਵਾਈ ਅੱਡੇ 'ਤੇ ਜੇ ਉਨਾਂ ਨੂੰ ਕਿਸੇ ਤਰਾਂ ਦੀ ਇਮਾਰਤਸਾਜ਼ੀ ਦੇਖਣ ਨੂੰ ਮਿਲਣੀ ਚਾਹੀਦੀ ਹੈ ਤਾਂ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਡਿਜ਼ਾਈਨ ਨਾਲ ਹੀ ਸਬੰਧਤ ਹੋਣੀ ਚਾਹੀਦੀ ਹੈ। ਉਨਾਂ ਅਨੁਸਾਰ ਕਮਲ ਦੇ ਫੁੱਲ ਨੂੰ ਕੇਂਦਰੀ ਬਿੰਬ ਵਜੋਂ ਉਭਾਰਨਾ ਸਿੱਖ ਵਿਰਾਸਤ ਸਬੰਧੀ ਅਗਿਆਨਤਾ ਦੀ ਨਿਸ਼ਾਨੀ ਹੈ।

ਪ੍ਰੋਫ਼ੈਸਰ ਬਲਵਿੰਦਰ ਸਿੰਘ ਨੇ ਇਸ ਗੱਲ ਵੱਲ ਧਿਆਨ ਦਿਵਾਇਆ ਹੈ ਕਿ ਲਾਹੌਰ ਰੇਲਵੇ ਸਟੇਸ਼ਨ ਨੂੰ ਦੁਬਾਰਾ ਡਿਜ਼ਾਈਨ ਕਰਦਿਆਂ ਉੱਥੋਂ ਦੇ ਇਮਾਰਤਸਾਜ਼ਾਂ ਨੇ ਉਸ ਦੀ ਪੁਰਾਣੀ ਦਿੱਖ ਨੂੰ ਕਾਇਮ ਰੱਖਿਆ ਕਿਉਂਕਿ ਇਮਾਰਤਾਂ ਨੂੰ ਆਪਣੇ ਸਮਿਆਂ ਦਾ ਪ੍ਰਤੀਕ ਵੀ ਹੋਣਾ ਚਾਹੀਦਾ ਹੈ।

ਪ੍ਰੋਫ਼ੈਸਰ ਸਰਬਜੋਤ ਸਿੰਘ ਬਹਿਲ, ਡਿਪਾਰਟਮੈਂਟ ਆਫ਼ ਆਰਕੀਟੈਕਚਰ ਐਂਡ ਡੀਨ ਅਕੈਡਮਿਕ ਅਫ਼ੇਅਰਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਨੁਸਾਰ ਮੀਡੀਆ ਰਿਪੋਰਟਾਂ ਵਿਚ ਵਿਖਾਇਆ ਜਾ ਰਿਹਾ ਰੇਲਵੇ ਸਟੇਸ਼ਨ ਦਾ ਮੁੱਖ ਬਿੰਬ ਸਿੱਖ ਫ਼ਲਸਫ਼ੇ ਲਈ ਕੋਈ ਵਿਸ਼ੇਸ਼ ਮਹੱਤਵ ਨਹੀਂ ਰੱਖਦਾ। ਉਨਾਂ ਅਨੁਸਾਰ ਰੇਲਵੇ ਸਟੇਸ਼ਨ ਨੂੰ ਨਵੇਂ ਸਿਰਿਓਂ ਬਣਾਉਣ ਵੇਲੇ ਅੰਮ੍ਰਿਤਸਰ ਦੇ ਵਿਰਸੇ ਬਾਰੇ ਬੜੇ ਸੁੰਦਰ ਤੇ ਸੁੱਘੜ ਤਰੀਕੇ ਨਾਲ ਦਿਖਾਇਆ ਜਾ ਸਕਦਾ ਸੀ ਪਰ ਤਜਵੀਜ਼ਤ ਡਿਜ਼ਾਈਨ ਅਜਿਹੇ ਸੁਨਹਿਰੀ ਮੌਕੇ ਨੂੰ ਗੁਆਉਣ ਵਾਲਾ ਸਾਬਿਤ ਹੋਵੇਗਾ।

ਸਕੂਲ ਆਫ਼ ਪਲੈਨਿੰਗ ਐਂਡ ਆਰਕੀਟੈਕਚਰ, ਨਵੀਂ ਦਿੱਲੀ ਦੇ ਕੰਜ਼ਰਵੇਸ਼ਨ ਵਿਭਾਗ ਦੀ ਸਾਬਕਾ ਮੁਖੀ ਪ੍ਰੋਫ਼ੈਸਰ ਪ੍ਰਿਯਾਲੀਨ ਸਿੰਘ ਨੇ ਕਿਹਾ ਕਿ ਬਾਹਰੀ ਦਿੱਖ ਤੋਂ ਇਹ ਡਿਜ਼ਾਈਨ ਅੰਮ੍ਰਿਤਸਰ ਦੀ ਸਿੱਖ ਵਿਰਾਸਤ ਦੀ ਨੱਕਾਸ਼ੀ ਨਹੀਂ ਕਰਦਾ ਜਾਪਦਾ। ਅੰਮ੍ਰਿਤਸਰ ਦਾ ਮੁੱਢ ਗੁਰੂ ਰਾਮ ਦਾਸ ਜੀ ਨੇ ਬੰਨਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਵਿਕਸਿਤ ਹੋਈ ਇਮਾਰਤਸਾਜ਼ੀ, ਨੱਕਾਸ਼ੀ ਅਤੇ ਹੋਰ ਪਹਿਲੂ ਅੰਮ੍ਰਿਤਸਰ ਲਈ ਵਿਸ਼ੇਸ਼ ਹਨ। ਅੰਮ੍ਰਿਤਸਰ ਵਿਚ ਕਈ ਹੋਰ ਇਤਿਹਾਸਕ ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਸਥਾਨ ਵੀ ਹਨ ਅਤੇ ਉਨਾਂ ਦੇ ਨਾਲ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਇਮਾਰਤ, ਇਮਾਰਤਸਾਜ਼ੀ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਇਤਿਹਾਸਿਕ ਪੱਖ ਤੋਂ ਜਲਿਆਂਵਾਲਾ ਬਾਗ ਅਤਿਅੰਤ ਮਹੱਤਵਪੂਰਨ ਹੈ। ਪ੍ਰੋਫ਼ੈਸਰ ਪ੍ਰਿਯਾਲੀਨ ਸਿੰਘ ਅਨੁਸਾਰ ਇਸ ਡਿਜ਼ਾਈਨ ਨੂੰ ਜਨਤਕ ਕਰਕੇ ਇਸ 'ਤੇ ਮਾਹਿਰਾਂ ਦੀ ਰਾਏ ਲਈ ਜਾਣੀ ਚਾਹੀਦੀ ਹੈ। ਵਿਦੇਸ਼ਾਂ ਵਿਚ ਹਮੇਸ਼ਾ ਸਥਾਨਕ ਲੋਕਾਂ ਤੋਂ ਰਾਏ ਲਈ ਜਾਂਦੀ ਹੈ। ਡਿਜ਼ਾਈਨ ਵਿਚ ਅੰਮ੍ਰਿਤਸਰ ਦੇ ਇਤਿਹਾਸ ਤੇ ਵਿਰਾਸਤ ਦੀ ਝਲਕ ਹੋਣ ਦੇ ਨਾਲ ਨਾਲ ਇਨਾਂ ਸਭ ਤੱਥਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

## ਸਿੱਖੀ ਦੀ ਸੇਵਾ 'ਚ ਜੁਟਿਆ...

ਹਾਲਾਂਕਿ ਫਿਲਮ ਵਿੱਚ ਆਪਣੇ ਚੰਗੇ ਕੰਮ ਦੇ ਬਾਅਦ ਵੀ ਉਸ ਨੇ ਅਗਲੀ ਫਿਲਮ ਲਈ ਚਾਰ ਸਾਲ ਤੱਕ ਦੀ ਉਡੀਕ ਕੀਤੀ। 2005 ਵਿੱਚ ਰਿਲੀਜ਼ ਹੋਈ ਰਾਮ ਗੋਪਾਲ ਵਰਮਾ ਦੀ ਫਿਲਮ ਡੀ ਵਿੱਚ ਆਪਣੇ ਕਿਰਦਾਰ ਲਈ ਹੁੱਡਾ ਨੂੰ ਆਲੋਚਕਾਂ ਦੀ ਖੂਬ ਪ੍ਰਸ਼ੰਸਾ ਮਿਲੀ। ਡੀ ਦੇ ਬਾਅਦ ਹੁੱਡਾ ਨੇ ਕਈ ਫਿਲਮਾਂ ਵਿੱਚ ਕਾਰਜ ਕੀਤਾ। ਪਰ ਅਗਲੀ ਸਫਲਤਾ ਉਸ ਨੂੰ ਮਿਲਾਨ ਲੂਥਰੀਆ ਦੀ 2010 ਦੀ ਫਿਲਮ ਵੰਸ ਅਪੌਨ ਅ ਟਾਈਮ ਇਨ ਮੁੰਬਈ ਨਾਲ ਮਿਲੀ, ਜੋ ਉਸ ਦੇ ਕੈਰੀਅਰ ਵਿੱਚ ਨਿਰਣਾਇਕ ਬਿੰਦੂ ਰਿਹਾ। ਇਸਦੇ ਬਾਅਦ ਇਹ ਸਾਹਿਬ, ਬੀਵੀ ਔਰ ਗੈਂਗਸਟਰ (2011) ਅਤੇ ਜੰਨਤ 2 (2012) ਵਿੱਚ ਨਿਭਾਈਆਂ ਆਪਣੀਆਂ ਭੂਮਿਕਾਵਾਂ ਲਈ ਮਸ਼ਹੂਰ ਹੋਇਆ।

## ਦਿੱਲੀ ਵਿਧਾਨ ਸਭਾ ਚੋਣਾਂ 'ਚ...

ਗੋਦੀ ਮੀਡੀਆਂ ਵੀ ਮੋਦੀ ਦੀ ਪਾਰਟੀ ਦੀ ਬੰਸਰੀ ਵਜਾਉਂਦਾ ਹੈ। ਜਾਅਲੀ ਚੋਣ ਸਰਵੇਖਣ ਤਿਆਰ ਕੀਤੇ ਜਾਂਦੇ ਹਨ। ਪਰ ਹੀਲਾ ਵਰਤਕੇ ਚੋਣਾਂ ਜਿੱਤਣ ਦਾ ਗੁਰ ਮੋਦੀ-ਸ਼ਾਹ ਜੋੜੀ ਕਰਦੀ ਹੈ। ਦਿੱਲੀ ਵਿੱਚ ਤਾਂ ਆਪਣੀ ਨੱਕ ਰੱਖਣ ਲਈ ਭਾਜਪਾ ਪੂਰਾ ਜ਼ੋਰ ਲਗਾਏਗੀ। ਭਾਜਪਾ ਵਲੋਂ ਦਿੱਲੀ ਦੀਆਂ 1728 ਗੈਰ-ਕਾਨੂੰਨੀ ਕਲੋਨੀਆਂ ਨੂੰ ਨਿਯਮ ਕਰਨ, ਆਮਦਨ ਕਰ ਵਿਚ ਛੋਟ ਦੇਣ ਤੇ ਜਾਇਦਾਦ ਦੀ ਰਜਿਸਟਰੀ 9.5 ਫ਼ੀਸਦੀ ਲਗਾਉਣ ਦੇ ਮੁੱਦੇ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰੇਗੀ ਅਤੇ ਕੇਜਰੀਵਾਲ ਦੀ ਵੋਟ ਬੈਂਕ ਨੂੰ ਸੇਂਧ ਲਗਾਉਣ ਦਾ ਯਤਨ ਕਰੇਗੀ। ਭਾਜਪਾ ਦੇ ਪ੍ਰਚਾਰ ਦੀ ਰੋਕ ਲਈ ਕੇਜਰੀਵਾਲ ਨੇ ਮੰਨੇ-ਪ੍ਰਮੰਨੇ ਰਣਨੀਤੀਕਾਰ ਪ੍ਰਸ਼ਾਤ ਕਿਸ਼ੋਰ ਦੀਆਂ ਸੇਵਾਵਾਂ ਲਈਆਂ ਹਨ। ਉਹ ਭਾਜਪਾ ਦਾ ਮੁੱਖ ਮੰਤਰੀ ਕੌਣ ਹੋਏਗਾ, ਜਿਸ ਬਾਰੇ ਫ਼ੈਸਲਾ ਕਰਨਾ ਭਾਜਪਾ ਲਈ ਅਤਿਅੰਤ ਔਖਾ ਹੈ, ਬਾਰੇ ਸੁਆਲ ਉਠਾਏਗੀ। ਆਪ ਕੋਲ ਵੀ ਭਾਜਪਾ ਤੇ ਆਰ.ਐਸ.ਐਸ. ਵਾਂਗਰ ਪ੍ਰਤੀਬੱਧ ਵਰਕਰ ਹਨ, ਜਿਹੜੇ ਚੋਣਾਂ ਦੌਰਾਨ ਜਾਂ ਚੋਣਾਂ ਤੋਂ ਪਹਿਲਾਂ ਲਗਾਤਾਰ ਭੈੜੇ ਪ੍ਰਚਾਰ ਦਾ ਜਵਾਬ ਦੇਣ ਦੇ ਸਮਰੱਥ ਹਨ ਤੇ ਜਿਹੜੇ ਜ਼ਮੀਨੀ ਪੱਧਰ ਉਤੇ ਲੋਕਾਂ ਦੇ ਸੰਪਰਕ ਵਿੱਚ ਹਨ ਅਤੇ ਉਹਨਾ ਲਈ ਕੰਮ ਕਰਦੇ ਨਜ਼ਰ ਆਉਂਦੇ ਹਨ। ਕੇਜਰੀਵਾਲ ਵਲੋਂ ਦਿੱਲੀ ਵਾਸੀਆਂ ਲਈ ਬਣਾਈਆਂ ਸਕੀਮਾਂ ਦਾ ਪ੍ਰਭਾਵ ਵੀ ਵੇਖਣ ਨੂੰ ਮਿਲ ਰਿਹਾ ਹੈ, ਜਿਹੜੀਆਂ ਕਿ ਆਮ ਆਦਮੀ ਦੇ ਦਰ ਉਤੇ ਉਹਨਾਂ ਦੇ ਵਰਕਰਾਂ ਰਾਹੀਂ ਕੇਜਰੀਵਾਲ ਦੇ ਸਰਕਾਰੀ ਕਰਮਚਾਰੀ ਪਹੁੰਚਾਉਂਦੇ ਹਨ।

ਦੇਸ਼ ਵਿੱਚ ਕਾਂਗਰਸ ਦੀ ਸਥਿਤੀ ਚੰਗੀ ਨਹੀਂ ਹੈ। ਰਾਹੁਲ ਗਾਂਧੀ ਨੇ ਪ੍ਰਧਾਨਗੀ ਛੱਡ ਦਿੱਤੀ ਹੋਈ ਹੈ। ਨਵਾਂ ਪ੍ਰਧਾਨ ਬਾਵਜੂਦ ਕੋਸ਼ਿਸ਼ਾਂ ਦੇ ਬਣ ਨਹੀਂ ਸਕਿਆ। ਸੋਨੀਆ ਗਾਂਧੀ ਨੂੰ ਮੁੜ ਕੇ ਐਕਟਿੰਗ ਪ੍ਰਧਾਨ ਬਨਣਾ ਪਿਆ, ਹਾਲਾਂਕਿ ਸੋਨੀਆ ਕਾਂਗਰਸ ਵਿਚਲੀਆਂ ਗੜਬੜੀਆਂ ਨੂੰ ਚੰਗੀ ਤਰਾਂ ਸੰਭਾਲ ਰਹੀ ਹੈ, ਪਰ ਉਸਦੇ ਕੋਲ ਲੰਮਾ ਸਮਾਂ ਰਾਜ ਭਾਗ ਸੰਭਾਲਣ ਵਾਲੀ ਕਾਂਗਰਸ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੀ ਮੌਤ ਤੋਂ ਬਾਅਦ ਹੋਰ ਕੋਈ ਵੀ ਪ੍ਰਭਾਵਸ਼ਾਲੀ ਚਿਹਰਾ ਨਹੀਂ ਹੈ। ਕਾਂਗਰਸ ਵਲੋਂ ਦਿੱਲੀ ਵਿਚ ਸੀਏਏ ਅਤੇ ਐਨਆਰਸੀ ਦੇ ਮੁੱਦੇ ਨੂੰ ਉਭਾਰਿਆ ਜਾਏਗਾ, ਜਿਸ ਨੂੰ ਉਭਾਰਨ ਲਈ ਆਪਣੀ ਸ਼ਕਤੀ ਅਨੁਸਾਰ ਪੂਰੇ ਦੇਸ਼ ਵਿਚ ਉਸ ਨੇ ਉਹਨਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਸਮਰਥਨ ਕੀਤਾ ਹੈ, ਜਿਹੜੇ ਦੇਸ਼ ਭਰ ਵਿੱਚ ਸੀਏਏ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਹਨ। ਜਾਪਦਾ ਹੈ ਕਾਂਗਰਸ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਨਾਲੋਂ ਦੇਸ਼ ਵਿਚ ਆਪਣਾ ਮੁੜ ਉਭਾਰ ਚਾਹੁੰਦੀ ਹੈ, ਇਸੇ ਕਰਕੇ ਕਿਧਰੇ ਉਹ ਖੱਬੇ ਪੱਖੀਆਂ ਨਾਲ, ਕਿਧਰੇ ਉਹ ਸਥਾਨਕ ਪ੍ਰਦੇਸ਼ਿਕ ਪਾਰਟੀਆਂ ਨਾਲ ਸਾਂਝ ਪਾਉਂਦੀ ਤੁਰੀ ਜਾਂਦੀ, ਸੂਬਾ ਦਰ ਸੂਬਾ ਚੋਣਾਂ ਜਿੱਤਣ ਲਈ ਸਹਾਈ ਹੋ ਰਹੀ ਹੈ ਤੇ ਭਾਜਪਾ ਦੇ ਵਿਰੋਧੀਆਂ ਨੂੰ ਇੱਕ ਪਲੇਟਫਾਰਮ ਤੇ ਇੱਕਠੇ ਕਰਨ ਦੇ ਰਸਤੇ ਤੁਰੀ ਹੋਈ ਹੈ। ਪਿਛਲੇ ਦਿਨੀਂ 20 ਪਾਰਟੀਆਂ ਦੇ ਨੁਮਾਇੰਦਿਆਂ ਨੂੰ ਨਾਲ ਲੈਕੇ ਉਸ ਵਲੋਂ ਰਾਸ਼ਟਰਪਤੀ ਨੂੰ ਇੱਕ ਮੈਮੋਰੰਡਮ ਸੀਏਏ ਅਤੇ ਐਨ.ਆਰ.ਸੀ. ਦੇ ਸਬੰਧ ਵਿਚ ਦਿੱਤਾ ਸੀ।

ਇਸ ਸਭ ਕੁਝ ਦੀ ਪਿੱਠ ਭੂਮੀ ਵਿਚ ਇਹ ਵੇਖਣਾ ਦਿਲਚਸਪ ਹੋਏਗਾ ਕਿ ਭਾਜਪਾ ਅਤੇ 'ਆਪ' ਪਾਰਟੀ ਵਲੋਂ ਇਹਨਾਂ ਵਿਧਾਨ ਸਭਾ ਚੋਣਾਂ ਵਿਚ ਕਿਸ ਕਿਸਮ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਕਿਹੜੇ ਕਿਹੜੇ ਮੁੱਦੇ ਉਠਾਏ ਜਾਂਦੇ ਹਨ। ਪੂਰੇ ਦੇਸ਼ ਦੀ ਨਜ਼ਰ ਇਹਨਾ ਚੋਣਾਂ ਉਤੇ ਹੋਏਗੀ, ਕਿਉਂਕਿ ਆਉਣ ਵਾਲੇ ਸਮੇਂ ਵਿਚ ਹੋਣ ਵਾਲੇ ਗੱਠਬੰਧਨਾਂ ਉਤੇ ਇਸ ਚੋਣ ਦਾ ਅਸਰ ਪਏਗਾ। ਇਹ ਚੋਣਾਂ ਇਹ ਵੀ ਸਿੱਧ ਕਰਨਗੀਆਂ ਕਿ ਕੀ ਮੋਦੀ ਦਾ ਕ੍ਰਿਸ਼ਮਾ ਬਰਕਰਾਰ ਹੈ ਜਾਂ ਭਾਜਪਾ ਇਸ ਚੋਣ ਨੂੰ ਮੋਦੀ ਬਨਾਮ ਕੇਜਰੀਵਾਲ ਬਨਾਉਣ ਦੀ ਗਲਤੀ ਕਰ ਰਹੀ ਹੈ, ਕਿਉਂਕਿ ਜਦੋਂ ਕੇਂਦਰ ਵਿੱਚ ਚੋਣਾਂ ਦੀ ਗੱਲ ਆਉਂਦੀ ਹੈ ਤਾਂ ਮੱਤਦਾਤਾ ਮੋਦੀ ਵੱਲ ਧਿਆਨ ਕਰਦੇ ਹਨ, ਜਿਸ ਵਲੋਂ ਹਰ ਕਿਸਮ ਦਾ ਭਰਮ-ਭੁਲੇਖਾ ਪਾਕੇ ਉਹਨਾ ਨੂੰ ਆਕਰਸ਼ਿਤ ਕਰਨ ਦਾ ਯਤਨ ਹੁੰਦਾ ਹੈ, ਪਰ ਵਿਧਾਨ ਸਭਾ ਚੋਣਾਂ ਵਿਚ ਤਾਂ ਲੋਕ ਰਾਸ਼ਟਰੀ ਮੁੱਦਿਆਂ ਨਾਲੋਂ ਸਥਾਨਕ ਮਸਲਿਆਂ ਨੂੰ ਜ਼ਿਆਦਾ ਧਿਆਨ ਦਿੰਦੇ ਹਨ।

## ਇੰਦਰਾ ਦੇ ਡਾਨ ਕਰੀਮ ਲਾਲਾ ਨਾਲ ਸੰਬੰਧ ਸਨ

ਹਾਲਾਂਕਿ, ਸੰਜੋਗ ਵੱਸ, ਕਰੀਮ ਲਾਲਾ ਕਦੇ ਕਾਨੂੰਨ ਤੋਂ ਭੱਜਿਆ ਨਹੀਂ ਤੇ ਨਾ ਹੀ ਉਸ ਦੇ ਨਾਂ ਨਾਲ ਜੁਰਮਾਂ ਦੀ ਕੋਈ ਲੰਬੀ ਸੂਚੀ ਜੁੜੀ ਹੋਈ ਸੀ। ਹਾਲਾਂਕਿ ਉਸ ਨੂੰ ਇੱਕ ਵਾਰ ਨੱਬੇ ਦੇ ਦਹਾਕੇ ਵਿੱਚ ਧੱਕੇ ਨਾਲ ਮਕਾਨ ਖਾਲੀ ਕਰਵਾਉਣ ਦੇ ਕੇਸ ਵਿੱਚ ਜ਼ਰੂਰ ਗ੍ਰਿਫ਼ਤਾਰ ਕੀਤਾ ਗਿਆ ਸੀ।

### ਸੰਜੇ ਰਾਊਤ ਵਿਵਾਦਾਂ 'ਚ ਫਸੇ

ਸੰਜੇ ਰਾਊਤ ਵਲੋਂ ਆਪਣੀ ਹੀ ਸਰਕਾਰ ਵਿਚ ਸਹਿਯੋਗੀ ਪਾਰਟੀ ਦੀ ਮਰਹੂਮ ਨੇਤਾ ਬਾਰੇ ਇਸ ਬਿਆਨ ਨਾਲ ਵਿਵਾਦ ਖੜਾ ਹੋ ਗਿਆ। ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਵੀ ਕਾਂਗਰਸ ਤੋਂ ਇਸ ਸੰਬੰਧੀ ਸਪੱਸ਼ਟੀਕਰਨ ਮੰਗਿਆ ਤੇ ਅਗਲੇ ਹੀ ਦਿਨ ਰਾਊਤ ਨੂੰ ਕਾਂਗਰਸ ਦੇ ਦਬਾਅ ਵਿਚ ਯੂ-ਟਰਨ ਲੈਂਦੇ ਹੋਏ ਇਹ ਸਫਾਈ ਦੇਣੀ ਪਈ ਕਿ, "ਮੁੰਬਈ ਦੇ ਇਤਿਹਾਸ ਦੀ ਸਮਝ ਨਾ ਰੱਖਣ ਵਾਲਿਆਂ ਨੇ ਉਹਨਾਂ ਦੇ ਬਿਆਨ ਨੂੰ ਤੋੜ-ਮਰੋੜ ਦਿੱਤਾ ਹੈ। ਜੇਕਰ ਇਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਸੱਟ ਲੱਗੀ ਹੈ ਤਾਂ ਮੈਂ ਆਪਣਾ ਬਿਆਨ ਵਾਪਸ ਲੈਂਦਾ ਹਾਂ ਤੇ ਮੁਆਫੀ ਮੰਗਦਾ ਹਾਂ। ਮੈਂ ਤਾਂ ਕਈ ਮੌਕਿਆਂ 'ਤੇ ਸ੍ਰੀਮਤੀ ਇੰਦਰਾ ਗਾਂਧੀ ਦਾ ਪੱਖ ਲੈ ਕੇ ਉਨਾਂ ਦੀ ਦਿਖ ਮਿੱਟੀ ਵਿਚ ਮਿਲਾਉਣ ਵਾਲਿਆਂ ਨਾਲ ਉਲਝਦਾ ਰਿਹਾ ਹਾਂ।"

ਇਹ ਗਲ ਸਮਝ ਤੋਂ ਬਾਹਰ ਹੈ ਕਿ ਸੰਜੇ ਰਾਊਤ ਨੇ ਉਕਤ ਬਿਆਨ ਕਿਉਂ ਦਿੱਤਾ ਪਰ ਇਸ ਦੀ ਪ੍ਰਤੀਕਿਰਿਆ ਵਜੋਂ ਸ਼ੋਸ਼ਲ ਮੀਡੀਆ 'ਤੇ ਸ਼ਿਵ ਸੈਨਾ ਸੰਸਥਾਪਕ ਸਵ. ਬਾਲਾ ਸਾਹਿਬ ਠਾਕਰੇ ਦਾ ਬਦਨਾਮ ਸਮੱਗਲਰ ਕਰੀਮ ਲਾਲਾ ਦੇ ਨਾਲ ਇਕ ਚਿੱਤਰ ਵਾਇਰਲ ਹੋ ਗਿਆ। ਉਥੇ ਹੀ ਨੇਤਾਵਾਂ ਨੇ ਇਕ ਦੂਜੇ ਦੇ ਭੇਦ ਉਜਾਗਰ ਕਰਨੇ ਸ਼ੁਰੂ ਕਰ ਦਿੱਤੇ। ਕਾਂਗਰਸੀ ਨੇਤਾ ਬਾਲਾ ਸਾਹਿਬ ਥੋਰਾਟ ਨੇ ਦੇਵੇਂਦਰ ਫੜਨਵੀਸ 'ਤੇ ਆਪਣੀ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਇਕ ਅੰਡਰਵਰਲਡ ਡੌਨ ਨਾਲ ਮੁਲਾਕਾਤ ਕਰਨ ਅਤੇ ਇਕ ਹੋਰ ਅਪਰਾਧੀ ਮੁੰਨਾ ਯਾਦਵ ਨੂੰ ਪਨਾਹ ਦੇਣ ਦਾ ਦੋਸ਼ ਲਾ ਦਿੱਤਾ। ਇਸ ਬਾਰੇ ਇਕ ਪ੍ਰਤੀਕਿਰਿਆ ਹਾਜ਼ੀ ਮਸਤਾਨ ਦੇ ਗੋਦ ਲਏ ਬੇਟੇ ਸੁੰਦਰ ਸ਼ੇਖ ਵਲੋਂ ਵੀ ਆਈ, ਜਿਸ ਨੇ ਕਿਹਾ ਹੈ ਕਿ "ਸੰਜੇ ਰਾਊਤ ਦੀ ਗੱਲ ਸਹੀ ਹੈ। ਸ਼ਿਵ ਸੈਨਾ ਨੇਤਾ ਬਾਲ ਠਾਕਰੇ ਸਮੇਤ ਹੋਰ ਅਨੇਕ ਨੇਤਾਵਾਂ ਵਾਂਗ ਹੀ ਇੰਦਰਾ ਗਾਂਧੀ ਕਰੀਮ ਲਾਲਾ ਨੂੰ ਮਿਲੀ ਸੀ। ਇੰਦਰਾ ਗਾਂਧੀ ਉਸ ਨੂੰ (ਕਰੀਮ ਲਾਲਾ) ਮਿਲਦੀ ਹੁੰਦੀ ਸੀ। ਹੋਰ ਅਨੇਕ ਨੇਤਾ ਵੀ ਮਿਲਣ ਲਈ ਜਾਂਦੇ ਸਨ। ਹਾਜੀ ਮਸਤਾਨ ਇਕ ਵਪਾਰੀ ਸੀ। ਬਾਲਾ ਸਾਹਿਬ ਠਾਕਰੇ ਵੀ ਹਾਜ਼ੀ ਮਸਤਾਨ ਦੇ ਚੰਗੇ ਦੋਸਤ ਸਨ।"

ਸੰਜੇ ਰਾਊਤ ਸ਼ਿਵ ਸੈਨਾ ਵਿਚ ਉਧਵ ਠਾਕਰੇ ਤੋਂ ਬਾਅਦ ਸਭ ਤੋਂ ਵੱਧ ਸ਼ਕਤੀਸ਼ਾਲੀ ਨੇਤਾ ਹੋਣ ਦੇ ਨਾਲ-ਨਾਲ ਪਾਰਟੀ ਦੇ ਬੁਲਾਰੇ ਵੀ ਹਨ। ਪਰ ਇਸ ਬਿਆਨ ਨਾਲ ਦੋਹਾਂ ਪਾਰਟੀਆਂ ਵਿਚ ਕੁੜੱਤਣ ਪੈਦਾ ਹੋ ਗਈ ਹੈ। ਜੇਕਰ ਇਸੇ ਤਰਾਂ ਹੀ ਚਲਦਾ ਰਿਹਾ ਤਾਂ ਜਿੰਨਾ ਯੋਗਦਾਨ ਸੰਜੇ ਰਾਊਤ ਦਾ ਸ਼ਿਵ ਸੈਨਾ ਰਾਕਾਂਪਾ ਅਤੇ ਕਾਂਗਰਸ ਦੀ ਗੱਠਜੋੜ ਸਰਕਾਰ ਬਣਾਉਣ ਵਿਚ ਰਿਹਾ ਹੈ, ਉਨਾਂ ਦਾ ਓਨਾ ਹੀ ਯੋਗਦਾਨ ਇਹ ਸਰਕਾਰ ਡੇਗਣ ਵਿਚ ਵੀ ਹੋਵੇਗਾ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22




GET FLAT 22 CENTS
DISCOUNT AT

TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical
✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com